ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 46
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Monday, 16 February, 2026) ਸੋਮਵਾਰ , 16 ਫਰਵਰੀ, 2026, 5 ਫੱਗਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਬੰਗਾਲ ’ਚ ਰੇਲਵੇ ਸਟੇਸ਼ਨ ’ਤੇ ਖੜ੍ਹੀ ਰੇਲ ਗੱਡੀ ਨੂੰ ਲੱਗੀ ਅੱਗ

ਚੜ੍ਹਦੀਕਲਾ ਬਿਊਰੋ

ਕੋਲਕਾਤਾ, 15 ਫਰਵਰੀ: ਪੱਛਮੀ ਬੰਗਾਲ ਦੇ ਪੂਰਬੀ ਬਰਧਮਾਨ ਜ਼ਿਲ੍ਹੇ ਦੇ ਕਟਵਾ ਰੇਲਵੇ ਸਟੇਸ਼ਨ ’ਤੇ ਐਤਵਾਰ ਤੜਕੇ ਇੱਕ ਖਾਲੀ ਪੈਸੰਜਰ ਰੇਲ ਗੱਡੀ ਦੇ ਡੱਬੇ ਵਿੱਚ ਅੱਗ ਲੱਗਣ ਕਾਰਨ ਦਹਿਸ਼ਤ ਦਾ ਮਾਹੌਲ ਬਣ ਗਿਆ। ਪੂਰਬੀ ਰੇਲਵੇ ਦੇ ਅਧਿਕਾਰੀ ਅਨੁਸਾਰ ਇਸ ਘਟਨਾ ਵਿੱਚ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ ਕਿਉਂਕਿ ਰੇਲ ਗੱਡੀ ਉਸ ਸਮੇਂ ਖਾਲੀ ਸੀ। ਅੱਗ ਬੁਝਾਊ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਅੱਗ

(ਬਾਕੀ ਸਫਾ 2 ’ਤੇ)




# ਬਿਰਲਾ ਨੂੰ ਅਹੁਦੇ ਤੋਂ ਹਟਾਉਣ ਦੇ ਪ੍ਰਸਤਾਵ ’ਤੇ ਚਰਚਾ ਅਤੇ ਵੋਟਿੰਗ 9 ਮਾਰਚ ਨੂੰ ਹੋਵੇਗੀ: ਰਿਜਿਜੂ

ਚੜ੍ਹਦੀਕਲਾ ਬਿਊਰੋ

ਤਵਾਂਗ, 15 ਫਰਵਰੀ : ਕੇਂਦਰੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜਿਜੂ ਨੇ ਐਤਵਾਰ ਨੂੰ ਕਿਹਾ ਕਿ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾਉਣ ਦੇ ਪ੍ਰਸਤਾਵ ’ਤੇ ਚਰਚਾ ਕੀਤੀ ਜਾਵੇਗੀ ਅਤੇ ਬਾਅਦ ਵਿੱਚ 9 ਮਾਰਚ ਨੂੰ ਵੋਟਿੰਗ ਹੋਵੇਗੀ। ਰਿਜਿਜੂ ਨੇ ਕਿਹਾ ਕਿ ਬਜਟ ਸੈਸ਼ਨ ਦਾ ਦੂਜਾ ਪੜਾਅ 9 ਮਾਰਚ ਤੋਂ 2 ਅਪ੍ਰੈਲ ਤੱਕ ਹੋਣਾ ਤੈਅ ਹੈ। ਇਹ ਸੈਸ਼ਨ “ਦਿਲਚਸਪ” ਹੋਵੇਗਾ, ਕਿਉਂਕਿ ਕਈ “ਮਹੱਤਵਪੂਰਨ” ਬਿੱਲਾਂ ਨੂੰ ਚਰਚਾ ਅਤੇ ਪਾਸ ਕਰਨ ਲਈ ਸੰਸਦ ਵਿੱਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਵਿਰੋਧੀ ਪਾਰਟੀਆਂ ਸੈਸ਼ਨ ਦੇ ਪਹਿਲੇ ਪੜਾਅ ਵਾਂਗ ਆਪਣਾ ਵਿਰੋਧ ਜਾਰੀ ਰੱਖਦੀਆਂ ਹਨ, ਤਾਂ ਇਹ ਅੰਤ ਵਿੱਚ ਉਨ੍ਹਾਂ ਲਈ ਵਿਨਾਸ਼ਕਾਰੀ ਸਾਬਤ ਹੋਵੇਗਾ।



ਉਨ੍ਹਾਂ ਇਕ ਇੰਟਰਵਿਊ ਵਿੱਚ ਕਿਹਾ, “9 ਮਾਰਚ ਨੂੰ ਲੋਕ ਸਭਾ ਸਪੀਕਰ ਵਿਰੁੱਧ ਅਵਿਸ਼ਵਾਸ ਪ੍ਰਸਤਾਵ ’ਤੇ ਚਰਚਾ ਕਰੇਗੀ। ਨਿਯਮਾਂ ਅਨੁਸਾਰ, ਪਹਿਲੇ ਦਿਨ ਹੀ ਇਸ ’ਤੇ ਚਰਚਾ ਹੁੰਦੀ ਹੈ। ਚਰਚਾ ਤੋਂ ਬਾਅਦ ਵੋਟਿੰਗ ਹੋਵੇਗੀ।” ਸੰਸਦ ਦਾ ਬਜਟ ਸੈਸ਼ਨ 28 ਜਨਵਰੀ ਨੂੰ ਲੋਕ ਸਭਾ ਅਤੇ ਰਾਜ ਸਭਾ ਦਾ ਸਾਂਝਾ ਇਜਲਾਸ ਰਾਸ਼ਟਰਪਤੀ ਦੇ ਸੰਬੋਧਨ ਨਾਲ ਸ਼ੁਰੂ ਹੋਇਆ।

1 ਫਰਵਰੀ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸੰਸਦ ਵਿੱਚ ਬਜਟ ਪੇਸ਼ ਕੀਤਾ। ਬਜਟ ਸੈਸ਼ਨ ਦਾ ਅਗਲਾ ਪੜਾਅ 9 ਮਾਰਚ ਨੂੰ ਮੁੜ ਸ਼ੁਰੂ ਹੋਵੇਗਾ ਅਤੇ 2 ਅਪ੍ਰੈਲ ਨੂੰ ਸਮਾਪਤ ਹੋਵੇਗਾ। ਅਰੁਣਾਚਲ ਪੱਛਮ ਵਿੱਚ ਆਪਣੇ ਸੰਸਦੀ ਹਲਕੇ ਦੇ ਦੌਰੇ ’ਤੇ ਆਏ ਰਿਜੀਜੂ ਨੇ ਕਿਹਾ ਕਿ ਸਰਕਾਰ ਸੈਸ਼ਨ ਦੇ ਦੂਜੇ ਪੜਾਅ ਦੌਰਾਨ ਚਰਚਾ ਲਈ ਖਾਸ ਮੰਤਰਾਲਿਆਂ ਦੀ ਪਛਾਣ ਕਰਨ ਦੀ ਯੋਜਨਾ ਬਣਾ ਰਹੀ ਹੈ। ਉਨ੍ਹਾਂ ਕਿਹਾ, “ਲੋਕ ਸਭਾ ਵਿੱਚ ਅਸੀਂ ਪੰਜ ਮੰਤਰਾਲਿਆਂ ਲਈ ਗ੍ਰਾਂਟਾਂ ਦੀਆਂ ਮੰਗਾਂ ’ਤੇ ਚਰਚਾ ਕਰਾਂਗੇ ਅਤੇ ਰਾਜ ਸਭਾ ਵਿੱਚ ਅਸੀਂ ਪੰਜ ਹੋਰ ਮੰਤਰਾਲਿਆਂ ਦੇ ਕੰਮਕਾਜ ’ਤੇ ਚਰਚਾ ਕਰਾਂਗੇ। ਰਾਜ ਸਭਾ ਵਿੱਚ ਚਰਚਾ ਮੰਤਰਾਲਿਆਂ ’ਤੇ ਹੋਵੇਗੀ ਗ੍ਰਾਂਟਾਂ ਦੀਆਂ ਮੰਗਾਂ ’ਤੇ ਨਹੀਂ।” ਮੰਤਰੀ ਨੇ ਕਿਹਾ ਕਿ ਸਰਕਾਰ ਰਾਜ ਸਭਾ ਵਿੱਚ ਚਰਚਾ ਲਈ ਪੰਜ ਮੰਤਰਾਲੇ ਅਤੇ ਫਿਰ ਲੋਕ ਸਭਾ ਲਈ ਪੰਜ ਮੰਤਰਾਲੇ ਦੀ ਚੋਣ ਕਰਦੀ ਹੈ। ਉਨ੍ਹਾਂ ਕਿਹਾ ਕਿ ਬਜਟ ਸੈਸ਼ਨ ਦਾ ਦੂਜਾ ਪੜਾਅ ਦਿਲਚਸਪ ਹੋਵੇਗਾ। ਜੇਕਰ ਵਿਰੋਧੀ ਧਿਰ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਉਂਦੀ ਹੈ ਤਾਂ ਅਸੀਂ ਇਸ ਨੂੰ ਬਿਨਾਂ ਕਿਸੇ ਚਰਚਾ ਦੇ ਪਾਸ ਕਰ ਦੇਵਾਂਗੇ। ਇਹ ਉਨ੍ਹਾਂ ਲਈ ਇੱਕ ਵੱਡਾ ਝਟਕਾ ਹੋਵੇਗਾ।

## ਉੱਤਰ ਭਾਰਤ ਦੇ ਕਈ ਸੂਬਿਆਂ ’ਚ ਮੀਂਹ ਦੀ ਚਿਤਾਵਣੀ, ਪਹਾੜਾਂ ’ਤੇ ਬਰਫ਼ਬਾਰੀ ਦੇ ਆਸਾਰ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 15 ਫਰਵਰੀ :ਦੇਸ਼ ਭਰ ਵਿੱਚ ਮੌਸਮ ਤੇਜ਼ੀ ਨਾਲ ਬਦਲ ਰਿਹਾ ਹੈ। ਪਹਾੜੀ ਰਾਜਾਂ ਵਿੱਚ ਕੜਾਕੇ ਦੀ ਠੰਢ ਜਾਰੀ ਹੈ, ਜਦੋਂ ਕਿ ਕਈ ਮੈਦਾਨੀ ਇਲਾਕਿਆਂ ਵਿੱਚ ਦਿਨ ਦਾ ਤਾਪਮਾਨ 30 ਡਿਗਰੀ ਤੋਂ ਵੱਧ ਗਿਆ ਹੈ। ਮੌਸਮ ਵਿਭਾਗ ਦੇ ਅਨੁਸਾਰ, 16 ਫਰਵਰੀ ਤੱਕ ਹਿਮਾਲੀਅਨ ਖੇਤਰਾਂ ਵਿੱਚ ਦੋ ਪੱਛਮੀ ਗੜਬੜੀਆਂ ਸਰਗਰਮ ਹਨ। 17 ਫਰਵਰੀ ਤੋਂ ਹਿਮਾਚਲ ਪ੍ਰਦੇਸ਼, ਉੱਤਰਾਖੰਡ, ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਮੀਂਹ ਅਤੇ ਬਰਫ਼ਬਾਰੀ ਦੀ ਸੰਭਾਵਨਾ ਹੈ। ਇਸ ਦੌਰਾਨ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਦਿਨ ਦਾ ਤਾਪਮਾਨ 30 ਡਿਗਰੀ ਤੋਂ ਉੱਪਰ ਦਰਜ ਕੀਤਾ ਜਾ ਰਿਹਾ ਹੈ। ਰਾਜਸਥਾਨ ਦੇ ਕਈ ਜ਼ਿਲ੍ਹਿਆਂ ਵਿੱਚ ਤਾਪਮਾਨ 35 ਡਿਗਰੀ ਤੱਕ ਪਹੁੰਚ ਗਿਆ ਹੈ। ਸ਼ਨੀਵਾਰ ਨੂੰ ਬਾੜਮੇਰ ਵਿੱਚ ਵੱਧ ਤੋਂ ਵੱਧ ਤਾਪਮਾਨ 35 ਡਿਗਰੀ ਦਰਜ ਕੀਤਾ ਗਿਆ। ਮੌਸਮ ਵਿਭਾਗ ਦੇ ਅਨੁਸਾਰ, 17-18 ਫਰਵਰੀ ਨੂੰ ਇੱਕ ਪੱਛਮੀ ਗੜਬੜੀ ਸਰਗਰਮ ਰਹੇਗੀ, ਜਿਸ ਨਾਲ ਜੈਪੁਰ ਅਤੇ

(ਬਾਕੀ ਸਫਾ 2 ’ਤੇ)

## ਪ੍ਰਧਾਨ ਮੰਤਰੀ ਨੇ ਦੱਸਿਆ ਕਿਵੇਂ ਬਦਲੀ ਭਾਰਤ ਦੀ ਤਕਦੀਰ

# ਵਿਸ਼ਵ ਦੇ 38 ਦੇਸ਼ਾਂ ਨਾਲ ਆਪਣੀਆਂ ਸ਼ਰਤਾਂ ’ਤੇ ਸਮਝੌਤੇ ਕੀਤੇ: ਮੋਦੀ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 15 ਫਰਵਰੀ : : ਕੇਂਦਰੀ ਬਜਟ ਅਤੇ ਅਮਰੀਕਾ ਤੇ ਯੂਰਪੀਅਨ ਯੂਨੀਅਨ ਨਾਲ ਹੋਏ ਵਪਾਰਕ ਸਮਝੌਤਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਨਿਊਜ਼ ਏਜੰਸੀ ਨਾਲ ਇੱਕ ਅਹਿਮ ਇੰਟਰਵਿਊ ਦੌਰਾਨ ਦੇਸ਼ ਦੀ ਆਰਥਿਕ ਤਰੱਕੀ ਅਤੇ ਭਵਿੱਖ ਦੀ ਰਣਨੀਤੀ ਬਾਰੇ ਖੁੱਲ੍ਹ ਕੇ ਗੱਲ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਵਿੱਚ ਰਾਜਨੀਤਿਕ ਸਥਿਰਤਾ ਨੇ ਵਿਸ਼ਵ ਭਰ ਦੇ ਨਿਵੇਸ਼ਕਾਂ ਦਾ ਭਾਰਤ ਵਿੱਚ ਵਿਸ਼ਵਾਸ ਬਹਾਲ ਕੀਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਡੇ ਮਜ਼ਬੂਤ ਮੈਨੂਫੈਕਚਰਿੰਗ, ਸਰਵਿਸ ਅਤੇ ਐੱਮ.ਐੱਸ.ਐੱਮ.ਈ. ਸੈਕਟਰ ਦੀ ਬਦੌਲਤ ਭਾਰਤ ਅੱਜ 38 ਦੇਸ਼ਾਂ ਨਾਲ ਆਪਣੀਆਂ ਸ਼ਰਤਾਂ ’ਤੇ ਵਪਾਰ ਸਮਝੌਤੇ ਕਰਨ ਦੇ ਯੋਗ ਹੋਇਆ ਹੈ।

ਉਨ੍ਹਾਂ ਦੱਸਿਆ ਕਿ ਇਹ ਮੁਕਤ ਵਪਾਰ ਸਮਝੌਤੇ ਵਿਸ਼ੇਸ਼ ਤੌਰ ’ਤੇ ਟੈਕਸਟਾਈਲ, ਚਮੜਾ, ਕੈਮੀਕਲ, ਦਸਤਕਾਰੀ ਅਤੇ ਗਹਿਣਿਆਂ ਵਰਗੇ ਖੇਤਰਾਂ ਵਿੱਚ ਛੋਟੇ ਅਤੇ ਦਰਮਿਆਨੇ ਉਦਯੋਗਾਂ ਲਈ ਅੰਤਰਰਾਸ਼ਟਰੀ ਬਾਜ਼ਾਰ ਤੱਕ ਪਹੁੰਚ ਵਧਾਉਣ ਦੇ ਉਦੇਸ਼ ਨਾਲ ਬਣਾਏ ਗਏ ਹਨ। ਪ੍ਰਧਾਨ ਮੰਤਰੀ ਮੋਦੀ ਨੇ ਯੂ.ਪੀ.ਏ. ਸ਼ਾਸਨ ਦੌਰਾਨ ਹੋਏ ਆਰਥਿਕ ਕੁਪ੍ਰਬੰਧ ਦੀ ਸਖ਼ਤ ਆਲੋਚਨਾ ਕੀਤੀ।



ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਸਮੇਂ ਭਾਰਤ ਦੂਜੇ ਦੇਸ਼ਾਂ ਨਾਲ ਵਪਾਰਕ ਸਮਝੌਤਿਆਂ ਲਈ ਆਤਮ-ਵਿਸ਼ਵਾਸ ਨਾਲ ਗੱਲਬਾਤ ਕਰਨ ਵਿੱਚ ਅਸਮਰੱਥ ਸੀ, ਜਿਸ ਕਾਰਨ ਕਈ ਗੱਲਬਾਤਾਂ ਬਿਨਾਂ ਕਿਸੇ ਨਤੀਜੇ ਦੇ ਟੁੱਟ ਜਾਂਦੀਆਂ ਸਨ।

ਉਨ੍ਹਾਂ ਕਿਹਾ ਕਿ ਰਿਫਾਰਮ (ਸੁਧਾਰ) ਐੱਨ.ਡੀ.ਏ. ਸਰਕਾਰ ਦੀ ਵਚਨਬੱਧਤਾ ਹੈ, ਜਿਸ ਨੇ ‘ਰਿਫਾਰਮ ਐਕਸਪ੍ਰੈੱਸ’ ਰਾਹੀਂ ਵਿਆਪਕ ਤਰੱਕੀ ਹਾਸਲ ਕੀਤੀ ਹੈ। ਰੱਖਿਆ ਬਜਟ ਵਿੱਚ ਕੀਤੇ ਗਏ ਵਾਧੇ ਦਾ ਜ਼ਿਕਰ ਕਰਦਿਆਂ ਪੀ.ਐੱਮ. ਮੋਦੀ ਨੇ ਕਿਹਾ ਕਿ ਮੌਜੂਦਾ ਹਾਲਾਤ ਅਨੁਸਾਰ ਰੱਖਿਆ ਬਲਾਂ ਦਾ ਆਧੁਨਿਕੀਕਰਨ ਕਰਨਾ ਸਰਕਾਰ ਦਾ ਮੁਢਲਾ ਫਰਜ਼ ਹੈ।

ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਦੇਸ਼ ਦੀਆਂ ਫੌਜਾਂ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਕੋਸ਼ਿਸ਼ ਜਾਰੀ ਰੱਖੇਗੀ। ਪ੍ਰਧਾਨ ਮੰਤਰੀ ਨੇ ਦੱਸਿਆ ਕਿ ਯੂ.ਪੀ.ਆਈ. ਪਲੇਟਫਾਰਮ ਰਾਹੀਂ ਭਾਰਤ ਦੁਨੀਆਂ ਵਿੱਚ ਇੱਕ ਡਿਜੀਟਲ ਲੀਡਰ ਵਜੋਂ ਉੱਭਰਿਆ ਹੈ। ਉਨ੍ਹਾਂ ਭਵਿੱਖ ਦੀ ਯੋਜਨਾ ਬਾਰੇ ਕਿਹਾ ਕਿ ਭਾਰਤ ਕੰਪਿਊਟਿੰਗ ਸਮਰੱਥਾ ਅਤੇ ਡਾਟਾ ਸੈਂਟਰ ਇਨਫਰਾਸਟ੍ਰਕਚਰ ਦਾ ਵਿਸਥਾਰ ਕਰਕੇ ਇੱਕ ਮਜ਼ਬੂਤ ਏ.ਆਈ. ਈਕੋਸਿਸਟਮ ਦੀ ਨੀਂਹ ਰੱਖ ਰਿਹਾ ਹੈ। ਉਨ੍ਹਾਂ ਨਿੱਜੀ ਖੇਤਰ ਨੂੰ ਅਪੀਲ ਕੀਤੀ ਕਿ ਉਹ ਸਿਰਫ਼ ਮੁਨਾਫ਼ੇ ਤੱਕ ਸੀਮਤ ਨਾ ਰਹਿਣ, ਸਗੋਂ ਖੋਜ ਅਤੇ ਵਿਕਾਸ, ਸਪਲਾਈ ਚੇਨ ਅਤੇ ਗੁਣਵੱਤਾ ਵਿੱਚ ਵਧੇਰੇ ਨਿਵੇਸ਼ ਕਰਨ।

## ਮਾਨ ਨੂੰ ਸਿਹਤ ਵਿਗੜਨ ਕਾਰਨ ਏਅਰਲਿਫਟ ਕਰ ਕੇ ਮੋਹਾਲੀ ਲਿਆਂਦਾ

ਚੜ੍ਹਦੀਕਲਾ ਬਿਊਰੋ

ਮੋਹਾਲੀ, 15 ਫਰਵਰੀ: ਮੁੱਖ ਮੰਤਰੀ ਭਗਵੰਤ ਮਾਨ ਦੀ ਸਿਹਤ ਅਚਾਨਕ ਵਿਗੜ ਜਾਣ ਕਾਰਨ ਉਨ੍ਹਾਂ ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ’ਚ ਦਾਖ਼ਲ ਕਰਵਾਇਆ ਗਿਆ ਹੈ। ਸੂਤਰਾਂ ਅਨੁਸਾਰ ਮਾਨ ਸੰਗਰੂਰ ’ਚ ਸਨ, ਜਿੱਥੇ ਉਨ੍ਹਾਂ ਦੀ ਤਬੀਅਤ ਖ਼ਰਾਬ ਹੋਣ ਤੋਂ ਬਾਅਦ ਉਨ੍ਹਾਂ ਨੂੰ ਏਅਰਲਿਫਟ ਕਰ ਕੇ ਮੋਹਾਲੀ ਲਿਆਂਦਾ ਗਿਆ। ਹਸਪਤਾਲ ਪਹੁੰਚਦੇ ਹੀ ਮਾਹਿਰ ਡਾਕਟਰਾਂ ਵੱਲੋਂ ਉਨ੍ਹਾਂ ਦਾ ਇਲਾਜ ਸ਼ੁਰੂ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਸੀ.ਐੱਮ. ਮਾਨ ਮਹਾਂਸ਼ਿਵਰਾਤਰੀ ਦੇ ਪਵਿੱਤਰ ਤਿਉਹਾਰ ਮੌਕੇ ਜ਼ਿਲ੍ਹਾ ਸੰਗਰੂਰ ਦੇ ਧੂਰੀ ’ਚ ਸਥਿਤ ਪ੍ਰਾਚੀਨ ਸ੍ਰੀ ਰਣਕੇਸ਼ਵਰ ਮੰਦਰ ਰਣੀਕੇ ਵਿਖੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਸੀਨੀਅਰ ਆਗੂ ਮਨੀਸ਼

(ਬਾਕੀ ਸਫਾ 2 ’ਤੇ)

## ਗ੍ਰਹਿ ਮੰਤਰੀ ਦਾ ਰਾਹੁਲ ’ਤੇ ਪਲਟਵਾਰ

# ਝੂਠ ਫੈਲਾਉਣਾ ਕਾਂਗਰਸ ਦੀ ਫ਼ਿਤਰਤ: ਅਮਿਤ ਸ਼ਾਹ



ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 15 ਫਰਵਰੀ : ਗ੍ਰਹਿ ਮੰਤਰੀ ਅਮਿਤ ਸ਼ਾਹ ਐਤਵਾਰ ਨੂੰ ਗੁਜਰਾਤ ਦੇ ਗਾਂਧੀਨਗਰ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਭਾਰਤ ਦਾ ਪਹਿਲਾ ਸੈਂਟਰਲ ਬੈਂਕ ਡਿਜੀਟਲ ਕਰੰਸੀ (ਸੀਬੀਡੀਸੀ) ਅਧਾਰਿਤ ਜਨਤਕ ਵੰਡ ਪ੍ਰਣਾਲੀ (ਪੀਡੀਐਸ) ਲਾਂਚ ਕੀਤਾ। ਇਸ ਤੋਂ ਬਾਅਦ ਸ਼ਾਹ ਨੇ ਇੱਕ ਜਨਸਭਾ ਨੂੰ ਸੰਬੋਧਨ ਕੀਤਾ, ਜਿਸ ਵਿੱਚ ਉਨ੍ਹਾਂ ਨੇ ਕਾਂਗਰਸ ਅਤੇ ਰਾਹੁਲ ਗਾਂਧੀ ’ਤੇ ਤਿੱਖੇ ਨਿਸ਼ਾਨੇ ਸਾਧੇ। ਸ਼ਾਹ ਨੇ ਕਿਹਾ ਕਿ ਕਾਂਗਰਸ ਦੇ ਸ਼ਹਿਜ਼ਾਦੇ ਰਾਹੁਲ ਗਾਂਧੀ ਸੰਸਦ ਵਿੱਚ ਖੜ੍ਹੇ ਹੋ ਕੇ ਕਿਸਾਨਾਂ ਦੀ ਸੁਰੱਖਿਆ ਦੀ ਗੱਲ ਕਰਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਦੇਸ਼ ਨੂੰ ਗੁੰਮਰਾਹ ਕਰਨ ਦਾ ਇਤਿਹਾਸ ਰਿਹਾ ਹੈ ਅਤੇ ਹੁਣ ਉਹ ਟ੍ਰੇਡ ਡੀਲ (ਵਪਾਰਕ ਸਮਝੌਤਿਆਂ) ਨੂੰ ਲੈ ਕੇ ਝੂਠ ਫੈਲਾ ਰਹੇ ਹਨ। ਅਮਿਤ ਸ਼ਾਹ ਨੇ ਦਾਅਵਾ ਕੀਤਾ ਕਿ ਪੀ.ਐਮ. ਮੋਦੀ ਅਤੇ ਉਨ੍ਹਾਂ ਦੀ

(ਬਾਕੀ ਸਫਾ 2 ’ਤੇ)

## ਬੰਗਲਾਦੇਸ਼ ਚੋਣਾਂ ’ਚ ਸ਼ਾਨਦਾਰ ਜਿੱਤ ਮਗਰੋਂ ਬੀਐਨਪੀ ਪ੍ਰਧਾਨ ਦਾ ਬਿਆਨ

# ਭਾਰਤ ਸਮੇਤ ਸਾਰੇ ਗੁਆਂਢੀਆਂ ਨਾਲ ਮਿਲ ਕੇ ਖੇਤਰੀ ਸਥਿਰਤਾ ਲਈ ਕਰਾਂਗੇ ਕੰਮ: ਤਾਰਿਕ ਰਹਿਮਾਨ



ਚੜ੍ਹਦੀਕਲਾ ਬਿਊਰੋ

ਢਾਕਾ, 15 ਫਰਵਰੀ : ਬੰਗਲਾਦੇਸ਼ ਦੀਆਂ ਆਮ ਚੋਣਾਂ ਵਿੱਚ ਵੱਡੀ ਜਿੱਤ ਹਾਸਲ ਕਰਨ ਤੋਂ ਬਾਅਦ, ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐਨਪੀ) ਦੇ ਕਾਰਜਕਾਰੀ ਪ੍ਰਧਾਨ ਤਾਰਿਕ ਰਹਿਮਾਨ ਨੇ ਦੇਸ਼ ਦੀ ਨਵੀਂ ਵਿਦੇਸ਼ ਨੀਤੀ ਦਾ ਖ਼ਾਕਾ ਪੇਸ਼ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਲਈ ‘ਬੰਗਲਾਦੇਸ਼ ਦੇ ਹਿੱਤ’ ਸਭ ਤੋਂ ਉੱਪਰ ਰਹਿਣਗੇ। ਤਾਰਿਕ ਰਹਿਮਾਨ ਨੇ ਕਿਹਾ ਕਿ ਉਨ੍ਹਾਂ ਦੀ ਨੀਤੀ “ਸਾਰਿਆਂ ਨਾਲ ਦੋਸਤੀ, ਕਿਸੇ ਨਾਲ ਦੁਸ਼ਮਣੀ ਨਹੀਂ” ਦੇ ਸਿਧਾਂਤ ’ਤੇ ਆਧਾਰਿਤ ਹੋਵੇਗੀ। ਉਨ੍ਹਾਂ ਕਿਹਾ ਕਿ ਬੰਗਲਾਦੇਸ਼ ਦੁਨੀਆਂ ਦੇ ਸਾਰੇ ਦੇਸ਼ਾਂ, ਖਾਸ ਕਰਕੇ ਗੁਆਂਢੀ ਦੇਸ਼ਾਂ ਨਾਲ ਸਨਮਾਨਜਨਕ ਰਿਸ਼ਤੇ ਚਾਹੁੰਦਾ ਹੈ। ਭਾਰਤ ਬਾਰੇ ਗੱਲ ਕਰਦਿਆਂ ਉਨ੍ਹਾਂ ਸੰਕੇਤ ਦਿੱਤਾ ਕਿ ਉਹ ਆਪਸੀ ਸਤਿਕਾਰ ਅਤੇ ਬਰਾਬਰੀ ਦੇ ਆਧਾਰ ’ਤੇ ਰਿਸ਼ਤਿਆਂ ਨੂੰ ਅੱਗੇ ਵਧਾਉਣ ਦੇ ਚਾਹਵਾਨ ਹਨ। ਉਨ੍ਹਾਂ ਕਿਹਾ ਕਿ ਉਹ ਭਾਰਤ ਸਮੇਤ ਸਾਰੇ ਗੁਆਂਢੀਆਂ ਨਾਲ ਮਿਲ ਕੇ ਖੇਤਰੀ ਸਥਿਰਤਾ ਲਈ ਕੰਮ ਕਰਨਾ ਚਾਹੁੰਦੇ ਹਨ। ਰਹਿਮਾਨ ਨੇ

(ਬਾਕੀ ਸਫਾ 2 ’ਤੇ)

### ਤਾਰਿਕ ਰਹਿਮਾਨ ਦੇ ਸਹੁੰ-ਚੁੱਕ ਸਮਾਗਮ ’ਚ ਭਾਰਤ ਵੱਲੋਂ ਬਿਰਲਾ ਕਰਨਗੇ ਸ਼ਿਰਕਤ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 15 ਫਰਵਰੀ : ਬੰਗਲਾਦੇਸ਼ ਵਿੱਚ ਤਾਰਿਕ ਰਹਿਮਾਨ ਦੀ ਅਗਵਾਈ ਵਾਲੀ ਨਵੀਂ ਸਰਕਾਰ ਦੇ ਸਹੁੰ ਚੁੱਕ ਸਮਾਗਮ ਵਿੱਚ ਭਾਰਤ ਦੀ ਨੁਮਾਇੰਦਗੀ ਲੋਕ ਸਭਾ ਸਪੀਕਰ ਓਮ ਬਿਰਲਾ ਕਰਨਗੇ। ਭਾਰਤ ਸਰਕਾਰ ਨੇ ਐਲਾਨ ਕੀਤਾ ਕਿ 17 ਫਰਵਰੀ ਨੂੰ ਢਾਕਾ ਵਿੱਚ ਹੋਣ ਵਾਲੇ ਇਸ ਵੱਕਾਰੀ ਸਮਾਗਮ ਵਿੱਚ ਓਮ ਬਿਰਲਾ ਸ਼ਾਮਲ ਹੋਣਗੇ। ਸਰਕਾਰੀ ਬਿਆਨ ਅਨੁਸਾਰ, ਬਿਰਲਾ ਦੀ ਸ਼ਮੂਲੀਅਤ ਭਾਰਤ

(ਬਾਕੀ ਸਫਾ 2 ’ਤੇ)



ਅਦਾਰਾ ‘ਚੜ੍ਹਦੀਕਲਾ’ ਗਰੁੱਪ ਦੇ ਡਾਇਰੈਕਟਰ ਅਤੇ ‘ਚੜ੍ਹਦੀਕਲਾ ਟਾਈਮ ਟੀ.ਵੀ.’ ਦੇ ਸੀ.ਈ.ਓ. ਸਵ. ਸ੍ਰ: ਸਤਬੀਰ ਸਿੰਘ ਦਰਦੀ ਦੀ ਪੰਜਵੀਂ ਬਰਸੀ ਮੌਕੇ ਅਦਾਰਾ ‘ਚੜ੍ਹਦੀਕਲਾ’ ਗਰੁੱਪ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਗਰੁੱਪ ਅਤੇ ਸਮੁੱਚੇ ਪਰਿਵਾਰ ਤੇ ਸਟਾਫ਼ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅੱਜ ਪੈਣਗੇ, ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਉਨ੍ਹਾਂ ਦੀ ਨਿੱਘੀ ਅਤੇ ਪਿਆਰੀ ਯਾਦ ਵਿੱਚ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

ਵਿਸ਼ੇਸ਼ ਆਰਟੀਕਲ ਸ.ਫ਼ਾ ਨੰ. 10 ’ਤੇ ਪੜ੍ਹੋ।

# ਭਾਰਤ ਦੇ ਅੱਤ ਲੋੜੀਂਦੇ ਅੱਤਵਾਦੀ ਦਾ ਪਾਕਿਸਤਾਨ ’ਚ ਗੋਲ਼ੀਆਂ ਮਾਰ ਕੇ ਕਤਲ

ਚੜ੍ਹਦੀਕਲਾ ਬਿਊਰੋ



ਇਸਲਾਮਾਬਾਦ, 15 ਫਰਵਰੀ : ਭਾਰਤ ਵਿੱਚ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਅਤੇ ਲਸ਼ਕਰ-ਏ-ਤੋਇਬਾ ਦੇ ਮੋਸਟ ਵਾਂਟੇਡ ਅੱਤਵਾਦੀਆਂ ਵਿੱਚੋਂ ਇੱਕ, ਮੁਹੰਮਦ ਕਾਸਿਮ ਗੁੱਜਰ ਉਰਫ਼ ਸਲਮਾਨ ਦਾ ਗੁਆਂਢੀ ਮੁਲਕ ਪਾਕਿਸਤਾਨ ਦੇ ਪੇਸ਼ਾਵਰ ਵਿੱਚ ਕਤਲ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਅਣਪਛਾਤੇ ਹਮਲਾਵਰਾਂ ਨੇ ਉਸ ਨੂੰ ਉਸ ਸਮੇਂ ਨਿਸ਼ਾਨਾ ਬਣਾਇਆ, ਜਦੋਂ ਉਹ ਬਾਈਕ ’ਤੇ ਕਿਤੇ ਜਾ ਰਿਹਾ ਸੀ। ਇਸ ਦੌਰਾਨ ਪਿੱਛੇ ਤੋਂ ਆਏ ਅਣਪਛਾਤੇ ਬੰਦੂਕਧਾਰੀਆਂ ਨੇ ਕਾਸਿਮ ਗੁੱਜਰ ’ਤੇ ਫਾਇਰਿੰਗ ਕਰ ਦਿੱਤੀ, ਜਿਸ ਕਾਰਨ ਉਸ ਦੀ ਮੌਕੇ ’ਤੇ ਹੀ ਮੌਤ ਹੋ

(ਬਾਕੀ ਸਫਾ 2 ’ਤੇ)

# ਅ.ਫਰੀਕੀ ਦੇਸ਼ ਘਾਨਾ ’ਚ ਪਹਿਲਾ ਗੁਰਦੁਆਰਾ ਖੋਲ੍ਹਿਆ ਗਿਆ

ਚੜ੍ਹਦੀਕਲਾ ਬਿਊਰੋ

ਅੱਕਰਾ (ਘਾਨਾ), 15 ਫਰਵਰੀ : ਅਫ਼ਰੀਕੀ ਦੇਸ਼ ਘਾਨਾ ਵਿੱਚ ਪਹਿਲਾ ਗੁਰਦੁਆਰਾ ਖੋਲ੍ਹਿਆ ਗਿਆ ਹੈ, ਜੋ ਸੱਭਿਆਚਾਰਕ ਏਕਤਾ ਦਾ ਪ੍ਰਤੀਕ ਬਣਿਆ ਹੈ। ਇਸ ਨੂੰ ‘ਸਾਹਿਬ ਦਾ ਗੁਰਦੁਆਰਾ’ ਨਾਮ ਦਿੱਤਾ ਗਿਆ ਹੈ ਅਤੇ 8 ਫਰਵਰੀ ਨੂੰ ਈਸਟ ਲੇਗਨ ਖੇਤਰ ਵਿੱਚ ਇਸ ਦਾ ਉਦਘਾਟਨ ਕੀਤਾ ਗਿਆ। ਗੁਰਦੁਆਰਾ ਸਿਰਫ਼ ਇਬਾਦਤ ਦਾ ਸਥਾਨ ਨਹੀਂ, ਸਗੋਂ ਆਤਮਿਕ ਸਿੱਖਿਆ, ਸਮਾਜਿਕ ਸੇਵਾ ਅਤੇ ਨਿੱਜੀ ਵਿਕਾਸ ਦਾ ਕੇਂਦਰ ਵੀ ਹੋਵੇਗਾ। ਸਿੱਖ ਧਰਮ ਦੀ ਕੇਂਦਰੀ ਪਰੰਪਰਾ ਲੰਗਰ, ਜਿੱਥੇ ਹਰ ਧਰਮ ਅਤੇ ਜਾਤ ਜਾਂ ਦਰਜੇ



ਤੋਂ ਉਪਰ ਉਠ ਕੇ ਮੁਫ਼ਤ ਭੋਜਨ ਮਿਲਦਾ ਹੈ, ਇੱਥੇ ਵੀ ਜਾਰੀ ਰਹੇਗੀ। ਉਦਘਾਟਨ ਸਮਾਰੋਹ ਵਿੱਚ ਅਮਰਦੀਪ ਸਿੰਘ ਹਰੀ, ਜੋ ਆਈ.ਪੀ.ਐਮ.ਸੀ. ਦੇ ਚੇਅਰਮੈਨ ਹਨ, ਨੇ ਗੁਰੂ ਨਾਨਕ ਦੇਵ ਜੀ ਵੱਲੋਂ 15ਵੀਂ ਸਦੀ ਵਿੱਚ ਸਿੱਖ ਧਰਮ ਦੀ ਸਥਾਪਨਾ ਬਾਰੇ ਗੱਲ ਕੀਤੀ। ਉਨ੍ਹਾਂ ਨੇ ਕਿਹਾ ਕਿ ਸਿੱਖ ਧਰਮ ਇੱਕ ਪਰਮਾਤਮਾ ਅਤੇ ਸਭ ਮਨੁੱਖਾਂ ਦੀ ਸਮਾਨਤਾ ਦੇ ਸਿਧਾਂਤ ’ਤੇ ਅਧਾਰਿਤ ਹੈ। ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਦੁਨੀਆਂ ਭਰ ਦੇ ਗੁਰਦੁਆਰੇ ਸਿੱਖਾਂ ਅਤੇ ਗੈਰ-ਸਿੱਖਾਂ ਦੋਵਾਂ ਲਈ ਖੁੱਲ੍ਹੇ ਹਨ ਅਤੇ ਮਨੁੱਖਤਾ ਦੀ ਸੇਵਾ ਦੇ ਕੇਂਦਰ ਵਜੋਂ ਕੰਮ ਕਰਦੇ ਹਨ। ਭਾਰਤੀ ਭਾਈਚਾਰੇ ਦੀ ਘਾਨਾ ਵਿੱਚ ਮੌਜੂਦਗੀ 1900 ਦੇ ਸ਼ੁਰੂਆਤੀ ਦਹਾਕਿਆਂ ਤੋਂ ਹੈ, ਜਦੋਂ ਸਿੰਧੀ ਵਪਾਰੀ ਇੱਥੇ ਆ ਕੇ ਵਪਾਰ ਅਤੇ ਉਦਯੋਗ ਖੇਤਰ

(ਬਾਕੀ ਸਫਾ 2 ’ਤੇ)

## ਭਾਜਪਾ ਨੂੰ ਵੱਡਾ ਝਟਕਾ

# ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ



ਸੰਗਰੂਰ 15 ਫਰਵਰੀ (ਹਰਕੰਵਲ ਸਿੰਘ ਹੈਪੀ): ਭਾਰਤੀ ਜਨਤਾ ਪਾਰਟੀ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ ਜਦੋਂ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਨੇ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਲਿਆ,ਭਾਵੇਂ ਕਿ ਪਿਛਲੇ ਲੰਮੇ ਸਮੇਂ ਤੋਂ ਅਰਵਿੰਦ ਖੰਨਾ ਦੇ ਅਕਾਲੀ ਦਲ ਵਿੱਚ ਜਾਣ ਦੀਆਂ ਕਨਸੋਆਂ ਚੱਲ ਰਹੀਆਂ ਸਨ ਪਰ ਅੱਜ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਅਰਵਿੰਦ ਖੰਨਾ ਨੇ ਆਖਰਕਾਰ ਸ਼੍ਰੋਮਣੀ ਅਕਾਲੀ ਦਲ ਵਿਚ ਸਮੂਲੀਅਤ ਕਰ ਹੀ ਲਈ, ਅਰਵਿੰਦ ਖੰਨਾ ਦੀ ਸ਼ਮੂਲੀਅਤ ਮੌਕੇ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਰਾਜਨੀਤੀ ਵਿੱਚ ਬਹੁਤ ਘੱਟ ਲੋਕ ਅਜਿਹੇ ਹੁੰਦੇ ਹਨ ਜਿਹੜੇ ਸਮਾਜ਼ ਸੇਵਾ ਨੂੰ ਸਮਰਪਿਤ ਹੁੰਦੇ ਹਨ ਤੇ ਅਰਵਿੰਦ ਖੰਨਾ ਉਹਨਾਂ ਇਨਸਾਨਾਂ ਵਿੱਚੋਂ ਇੱਕ ਅਜਿਹਾ ਇਨਸਾਨ ਹੈ ਜੋ ਹਮੇਸ਼ਾਂ ਸਮਾਜ ਸੇਵਾ ਨੂੰ ਤਵੱਜੋ ਦਿੰਦਾ ਰਿਹਾ ਹੈ, ਇਹਨਾਂ ਵੱਲੋਂ ਆਪਣੀ ਸੰਸਥਾ ਉਮੀਦ ਰਾਹੀਂ ਪਿਛਲੇ ਤੀਹ ਸਾਲ ਤੋਂ ਲੋਕਾਂ ਦੀ ਸੇਵਾ ਕੀਤੀ ਗਈ ਹੈ, ਅਜਿਹੇ ਲੋਕ ਸੇਵਕ ਲੋਕਾਂ ਦੇ ਅਕਾਲੀ ਦਲ ਨਾਲ਼ ਜੁੜਨ ਨਾਲ਼ ਪਾਰਟੀ ਨੂੰ ਜ਼ਬਰਦਸਤ ਮਕਬੂਲੀਅਤ ਮਿਲਦੀ ਹੈ। ਇਸ ਮੌਕੇ ਸੰਬੋਧਨ ਕਰਦਿਆਂ ਅਰਵਿੰਦ ਖੰਨਾ ਨੇ ਕਿਹਾ ਕਿ ਤੁਸੀਂ ਸਾਰੇ ਜਾਣਦੇ ਹੀ ਹੋ ਕਿ ਸਮਾਜ ਸੇਵਾ ਪ੍ਰਤੀ ਮੇਰਾ ਮੁੱਢ ਤੋਂ ਹੀ ਲਗਾਓ ਰਿਹਾ ਹੈ ਤੇ ਮੈਂ ਅਤੇ ਮੇਰੀ ਸੰਸਥਾ ਹਮੇਸ਼ਾ ਲੋਕ ਸੇਵਾ ਵਿੱਚ ਹਾਜ਼ਰ ਰਹੇ ਹਾਂ ਅਤੇ ਮੈਨੂੰ ਮਹਿਸੂਸ ਹੁੰਦਾ ਸੀ ਕਿ ਇੱਕ ਚੰਗਾ ਪਲੇਟ ਫਾਰਮ ਮਿਲੇ ਜੋ ਇਸ ਸੇਵਾ ਨੂੰ ਹੋਰ ਅੱਗੇ ਵਧਾ ਸਕੇ ਅਤੇ ਮੈਂ ਲੋਕਾਂ ਦੀ ਖੁੱਲ ਕੇ ਸੇਵਾ ਕਰ ਸਕਾਂ ਤਾਂ ਮੈਨੂੰ ਮਹਿਸੂਸ ਹੋਇਆ ਕਿ ਸ਼੍ਰੋਮਣੀ ਅਕਾਲੀ ਦਲ ਇੱਕ ਅਜਿਹੀ ਪਾਰਟੀ ਹੈ ਜਿਸ ਵਿੱਚ ਮੈਂ ਲੋਕਾਂ ਦੀ ਚੰਗੇ ਤਰੀਕੇ ਨਾਲ ਸੇਵਾ ਕਰ ਸਕਦਾ ਹਾਂ ਕਿਉਂਕਿ ਮੇਰੀ ਰਾਜਨੀਤੀ ਦੀ ਸ਼ੁਰੂਆਤ

(ਬਾਕੀ ਸਫਾ 2 ’ਤੇ)

## ਮਾਪਿਆਂ ਦੀ ਡਾਂਟ ਤੋਂ ਨਾਰਾਜ਼ 3 ਨਾਬਾਲ.ਗਾਂ ਵੱਲੋਂ ਖ਼ੁਦਕੁਸ਼ੀ

ਚੜ੍ਹਦੀਕਲਾ ਬਿਊਰੋ

ਫਰੀਦਾਬਾਦ, 15 ਫਰਵਰੀ: ਉਦਯੋਗਿਕ ਨਗਰੀ ਫਰੀਦਾਬਾਦ ਵਿੱਚ ਦਿਲ ਦਹਿਲਾ ਦੇਣ ਵਾਲੀਆਂ ਤਿੰਨ ਘਟਨਾਵਾਂ ਸਾਹਮਣੇ ਆਈਆਂ ਹਨ, ਜਿੱਥੇ ਮਾਪਿਆਂ ਵੱਲੋਂ ਟੋਕਾ-ਟਾਕੀ ਕਰਨ ਤੋਂ ਨਾਰਾਜ਼ ਹੋ ਕੇ ਤਿੰਨ ਨਾਬਾਲਗਾਂ ਨੇ ਮੌਤ ਨੂੰ ਗਲੇ ਲਗਾ ਲਿਆ। ਦੋ ਮਾਮਲਿਆਂ ਵਿੱਚ ਕੁੜੀਆਂ ਨੂੰ ਮੋਬਾਈਲ ’ਤੇ ਮੁੰਡਿਆਂ ਨਾਲ ਗੱਲ ਕਰਨ ਤੋਂ ਵਰਜਿਆ ਗਿਆ ਸੀ, ਜਦਕਿ ਤੀਜੇ ਮਾਮਲੇ ਵਿੱਚ ਇੱਕ ਬੱਚੇ ਨੂੰ ਪੜ੍ਹਾਈ ਲਈ ਡਾਂਟਿਆ ਗਿਆ ਸੀ।

(ਬਾਕੀ ਸਫਾ 2 ’ਤੇ)

# ਅਮਰੀਕਾ ਵਿੱਚ ਸਿੱਖ ਵਿਦਿਆਰਥੀ ’ਤੇ ਹਮਲਾ, ਉਤਾਰੀ ਪੱਗ

**ਸੰਭਾਵਤ ਨ.ਫਰਤੀ ਅਪਰਾਧ ਵਜੋਂ ਜਾਂਚ ਜਾਰੀ**

ਚੜ੍ਹਦੀਕਲਾ ਬਿਊਰੋ

ਕੈਲੀਫੋਰਨੀਆ, 15 ਫਰਵਰੀ: ਸੈਨ ਹੋਜ਼ੇ ਸਟੇਟ ਯੂਨੀਵਰਸਿਟੀ (ਕੈਲੀਫੋਰਨੀਆ) ਵਿੱਚ ਪਿਛਲੇ ਹਫ਼ਤੇ ਸਵੇਰੇ ਪੰਜ ਲੋਕਾਂ ਨੇ ਇਕ ਸਿੱਖ ਵਿਦਿਆਰਥੀ ਨੂੰ ਜ਼ਮੀਨ ’ਤੇ ਸੁੱਟ ਕੇ ਉਸ ਦੀ ਪੱਗ ਉਤਾਰ ਦਿੱਤੀ ਅਤੇ ਉਸ ਨੂੰ ਹਿੰਦੂ ਕਹਿ ਕੇ ਗਾਲਾਂ ਕੱਢੀਆਂ। ਸਿੱਖ ਵਿਦਿਆਰਥੀ ’ਤੇ ਹਮਲੇ ਨੇ ਧਾਰਮਿਕ ਨ.ਫਰਤ ਦੇ ਮਾਮਲੇ ਨੂੰ ਚਰਚਾ ਵਿੱਚ ਲਿਆ ਦਿੱਤਾ ਹੈ। ਹਿੰਦੂ ਵਕਾਲਤ ਸਮੂਹਾਂ ਨੇ ਵੀ ਘਟਨਾ ਦੀ ਨਿੰਦਾ ਕੀਤੀ ਅਤੇ ਕੈਂਪਸ ਦੀ ਸਖਤ ਸੁਰੱਖਿਆ ਦੀ ਮੰਗ ਕੀਤੀ। 7 ਫਰਵਰੀ ਨੂੰ ਵਾਪਰੀ ਇਸ ਘਟਨਾ ਦੀ ਜਾਂਚ ਕੈਂਪਸ ਅਤੇ ਸਥਾਨਕ ਅਧਿਕਾਰੀਆਂ ਦੁਆਰਾ ਇੱਕ ਸੰਭਾਵਤ ਨ.ਫਰਤੀ ਅਪਰਾਧ ਵਜੋਂ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਦੇ ਅਧਿਕਾਰੀਆਂ ਮੁਤਾਬਕ




(ਬਾਕੀ ਸਫਾ 2 ’ਤੇ)

## ਅਮਰੀਕਾ ਲਈ ਡੰਕੀ ਰੂਟ ਤੋਂ ਦੋ ਭਾਰਤੀ ਅਗਵਾ ਅ.ਗਵਾਕਾਰਾਂ ਨੇ ਪਰਿਵਾਰ ਨੂੰ ਦਿਖਾਇਆ ਲਾਈਵ ਟਾਰਚਰ, 65 ਲੱਖ ਵਸੂਲਣ ਮਗਰੋਂ ਹੋਰ ਪੈਸੇ ਮੰਗੇ

ਚੜ੍ਹਦੀਕਲਾ ਬਿਊਰੋ

ਵਾਸ਼ਿੰਗਟਨ, 15 ਫਰਵਰੀ: ਹਰ ਕੋਈ ਚਾਹੁੰਦਾ ਹੈ ਕਿ ਉਹ ਅਮਰੀਕਾ ਵਰਗੇ ਦੇਸ਼ ਵਿਚ ਵਸੇ, ਪਰ ਦੋ ਨੌਜਵਾਨਾਂ ਦੇ ਲਈ ਅਮਰੀਕਾ ਵਸਣ ਦਾ ਸੁਪਨਾ ਕਦੇ ਨਾ ਭੁਲਾਉਣ ਵਾਲੀ ਡਰਾਉਣੀ ਯਾਦ ਬਣ ਕੇ ਰਹਿ ਗਿਆ। ਦਰਅਸਲ ਗ਼ੈਰਕਾਨੂੰਨੀ ਡੰਕੀ ਰੂਟ ਰਾਹੀਂ ਅਮਰੀਕਾ ਪਹੁੰਚਣ ਦੀ ਕੋਸ਼ਿਸ਼ ਵਿਚ ਉਨ੍ਹਾਂ ਨੂੰ ਅਜ਼ਰਬੈਜਾਨ ਵਿਖੇ ਕਿਸੇ ਗੈਂਗ ਨੇ ਅਗਵਾ ਕਰ ਲਿਆ। ਉਨ੍ਹਾਂ ਨੂੰ ਇੰਨੀ ਬੁਰੀ ਤਰ੍ਹਾਂ ਟਾਰਚਰ ਕੀਤਾ ਗਿਆ ਕਿ ਉਨ੍ਹਾਂ ਦੇ ਅੰਗ ਤੱਕ ਵੇਚਣ ਦੀ ਧਮਕੀ ਦੇ ਦਿੱਤੀ। ਪਰਿਵਾਰ ਦੀ ਸੂਚਨਾ ’ਤੇ ਭਾਰਤੀ ਅਧਿਕਾਰੀਆਂ ਨੇ ਇਨ੍ਹਾਂ ਦੋਵੇਂ ਮੁੰਡਿਆਂ ਨੂੰ ਸੁਰੱਖਿਅਤ ਬਚਾ ਲਿਆ ਪਰ ਉਨ੍ਹਾਂ ਨੂੰ ਆਪਣੀ ਹੱਡਬੀਤੀ ਕਦੇ ਨਹੀਂ ਭੁੱਲਣੀ। ਇਕ ਰਿਪੋਰਟ ਮੁਤਾਬਕ ਪੀੜਤ ਨੌਜਵਾਨ 22 ਸਾਲਾ ਧਰੁਵ ਪਟੇਲ ਅਤੇ 32 ਸਾਲਾ ਦੀਪਿਕਾ ਪਟੇਲ ਗੁਜਰਾਤ ਵਿਚ ਅਨੰਦ ਜ਼ਿਲ੍ਹੇ ਦੇ ਪਿੰਡ ਕੰਥਾਰੀਆ ਦੇ ਰਹਿਣ ਵਾਲੇ ਨੇ। ਇਨ੍ਹਾਂ ਨੇ ਅਮਰੀਕਾ ਜਾਣ ਵਾਸਤੇ ਮੁੰਬਈ ਦੇ ਇਕ ਏਜੰਟ ਨਾਲ ਸੰਪਰਕ ਕੀਤਾ ਸੀ, ਜਿਸ ਨੇ ਇਨ੍ਹਾਂ ਨੂੰ ਗ਼ੈਰਕਾਨੂੰਨੀ ਡੰਕੀ ਰੂਟ ਰਾਹੀਂ ਅਮਰੀਕਾ

(ਬਾਕੀ ਸਫਾ 2 ’ਤੇ)

## ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ

ਅਕਾਲੀ ਦਲ ਤੋਂ ਹੀ ਸ਼ੁਰੂ ਹੋਈ ਸੀ, ਉਹਨਾਂ ਸੁਖਬੀਰ ਸਿੰਘ ਬਾਦਲ ਦੀ ਤਾਰੀਫ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਹੋਰ ਬਥੇਰੇ ਰਾਜਨੀਤਿਕ ਲੋਕ ਹਨ ਜਿਨਾਂ ਕੋਲ ਬਹੁਤ ਸਾਧਨ ਹਨ ਪਰੰਤੂ ਪੰਜਾਬ ਵਿੱਚ ਆਏ ਹੜ੍ਹਾਂ ਮੌਕੇ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੇ ਗਏ ਉਪਰਾਲਿਆਂ ਨੇ ਬਾਦਲ ਪਰਿਵਾਰ ਦੇ ਕੱਦ ਨੂੰ ਹੋਰ ਉੱਚਾ ਕਰ ਦਿੱਤਾ ਹੈ ਤੇ ਆਉਣ ਵਾਲਾ ਸਮਾਂ ਪੰਜਾਬ ਦੇ ਲੋਕ ਸੁਖਬੀਰ ਸਿੰਘ ਬਾਦਲ ਦੇ ਹੱਕ ਵਿੱਚ ਖੜ੍ਹਨਗੇ ਅਤੇ ਉਹਨਾਂ ਭਰੋਸਾ ਦਿਵਾਇਆ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਮੇਰੀ ਜੋ ਵੀ ਡਿਊਟੀ ਲਾਉਣਗੇ ਮੈਂ ਹਾਜ਼ਰ ਰਵਾਂਗਾ। ਇਸ ਮੌਕੇ ਅਰਵਿੰਦ ਖੰਨਾ ਦੇ ਨਾਲ ਅਕਾਲੀ ਦਲ ਵਿੱਚ ਸ਼ਮੂਲੀਅਤ ਕਰਨ ਵਾਲਿਆਂ ਵਿੱਚ ਧਰਮਿੰਦਰ ਸਿੰਘ ਦੁੱਲਟ ਜ਼ਿਲ੍ਹਾ ਪ੍ਰਧਾਨ ਭਾਜਪਾ, ਐਡਵੋਕੇਟ ਦਲਜੀਤ ਸਿੰਘ ਸੇਖੋਂ ਸਟੇਟ ਐਗਜ਼ਿਕੇਟਿਵ ਮੈਂਬਰ ਭਾਜਪਾ, ਦਿਨੇਸ਼ ਪਰੋਚਾ ਸਟੇਟ ਕਮੇਟੀ ਮੈਂਬਰ ਭਾਜਪਾ, ਮੰਜੂਲਾ ਸ਼ਰਮਾ ਜ਼ਿਲ੍ਹਾ ਪ੍ਰਧਾਨ ਭਾਜਪਾ ਮਹਿਲਾ ਮੋਰਚਾ,ਪਰਵਿੰਦਰ ਸਿੰਘ ਘਰਾਚੋਂ, ਬੂਟਾ ਸਿੰਘ ਸਰਪੰਚ ਬਲਾਕ ਪ੍ਰਧਾਨ,ਨਰਿੰਦਰ ਸੈਲੀ, ਨਰਦੀਪ ਸਿੰਘ ਨਿੱਪਾ, ਹਰਮੇਲ ਸਿੰਘ ਨਿੱਕਾ, ਦੀਪਕ ਅਗਰਵਾਲ, ਹਰਬੰਸ ਸਿੰਘ ਗਰਚਾ ਸਾਬਕਾ ਪ੍ਰਧਾਨ ਨਗਰ ਕੌਂਸਲ ਸੰਗਰੂਰ,ਹੈਪੀ ਕੰਡਾ, ਆਸਾ ਰਾਣੀ, ਬਬੀਤਾ ਅਗਰਵਾਲ ,ਮਿੰਟੂ ਤੂਰ,ਰੀਤੂ ਕੰਡਾ, ਕੇ ਬੀ ਜਿੰਦਲ,ਜੋਗੀ ਰਾਮ, ਮੋਤੀ ਲਾਲ ਮੰਨਚੰਦਾ, ਹਨੀ ਮਾਨ,ਅਮਰਜੀਤ ਸਿੰਘ, ਇੰਦਰਪਾਲ ਸਿੰਘ ਸਿਬੀਆ, ਲਲਿਤ ਗਰਗ, ਗੁਰਮੀਤ ਸਿੰਘ ਕਾਕਾ ਸਾਬਕਾ ਪ੍ਰਧਾਨ ਟਰੱਕ ਯੂਨੀਅਨ,ਆਵਾ ਸਿੰਘ, ਜਸਕਰਨ ਸਿੰਘ ਲੈਂਪੀ ਬਲਾਕ ਪ੍ਰਧਾਨ,ਅਮਰਜੀਤ ਸਿੰਘ, ਭਿੰਦਰ ਸੰਧੂ, ਗੁਰਮੀਤ ਸਿੰਘ ਰਾਜਾ ਟਾਇਰ,ਸ੍ਰੀ ਮਤੀ ਨਰੇਸ਼ ਸ਼ਰਮਾ, ਮਨਪ੍ਰੀਤ ਸਿੰਘ ਮਨੂੰ,ਵਿਸ਼ਾਲ ਸੋਨੂੰ, ਰਿਸੂ ਬਾਗੜੀ,ਸੁਰਜੀਤ ਸਿੰਘ ਸਿੱਧੂ, ਸੁਖਜਿੰਦਰ ਰੀਟੂ,ਤੇਜ਼ੀ ਸਿੰਘ, ਡਾਕਟਰ ਲਾਲ ਸਿੰਘ,ਪਰਮਜੀਤ ਸ਼ਰਮਾ, ਹਰਜਿੰਦਰ ਪ੍ਰਕਾਸ਼ ਸੂਬਾ ਬਾਬਾ, ਨਰਿੰਦਰ ਸਿੰਘ ਸੇਰੋਂ,ਜਸਵੀਰ ਸਿੰਘ ਢੰਡੋਲੀ,ਜਗਤਾਰ ਸਿੰਘ ਤਾਰੀ ਬਲਾਕ ਪ੍ਰਧਾਨ, ਇੰਦਰਜੀਤ ਸਿੰਘ ਘਨੌਰੀ,ਜਗਤਾਰ ਸਿੰਘ ਤਾਰੀ ਸ਼ੇਰਪੁਰ ਸੋਢੀਆਂ,ਜੀਤ ਸਿੰਘ ਸਾਬਕਾ ਸਰਪੰਚ, ਵਰਿੰਦਰ ਸਿੰਘ ਬਲਾਕ ਪ੍ਰਧਾਨ, ਪ੍ਰੋਫੈਸਰ ਅਰੁਣਜੀਤ ਸਿੰਘ ਸਮੇਤ ਹੋਰ ਆਗੂ ਅਤੇ ਵਰਕਰ ਵੀ ਅਕਾਲੀ ਦਲ ਵਿੱਚ ਸ਼ਾਮਿਲ ਹੋਏ।

## ਭਾਰਤ ਸਮੇਤ ਸਾਰੇ ਗੁਆਂਢੀਆਂ ਨਾਲ ਮਿਲ ਕੇ ਖੇਤਰੀ ਸਥਿਰਤਾ ਲਈ ਕਰਾਂਗੇ ਕੰਮ : ਤਾਰਿਕ ਰਹਿਮਾਨ

ਅੱਗੇ ਕਿਹਾ ਕਿ ਉਨ੍ਹਾਂ ਦਾ ਮੁੱਖ ਟੀਚਾ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨਾ ਅਤੇ ਬੰਗਲਾਦੇਸ਼ ਦੀ ਆਰਥਿਕਤਾ ਨੂੰ ਮੁੜ ਲੀਹ 'ਤੇ ਲਿਆਉਣਾ ਹੈ, ਜਿਸ ਲਈ ਉਹ ਦੁਨੀਆ ਭਰ ਦੇ ਦੇਸ਼ਾਂ ਨਾਲ ਸਹਿਯੋਗ ਕਰਨਗੇ। ਉਨ੍ਹਾਂ ਵਿਸ਼ਵ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਨਵੀਂ ਸਰਕਾਰ ਦੇਸ਼ ਵਿੱਚ ਕਾਨੂੰਨ ਦਾ ਰਾਜ, ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਜਮਹੂਰੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਤਾਰਿਕ ਰਹਿਮਾਨ ਨੇ ਇਹ ਵੀ ਕਿਹਾ ਕਿ ਬੰਗਲਾਦੇਸ਼ ਕਿਸੇ ਵੀ ਗੁੱਟਬੰਦੀ ਜਾਂ ਭੂ-ਰਾਜਨੀਤਿਕ ਖੇਡ ਦਾ ਹਿੱਸਾ ਨਹੀਂ ਬਣੇਗਾ ਅਤੇ ਸਿਰਫ਼ ਉਨ੍ਹਾਂ ਫੈਸਲਿਆਂ ਨੂੰ ਪਹਿਲ ਦੇਵੇਗਾ ਜੋ ਬੰਗਲਾਦੇਸ਼ੀ ਜਨਤਾ ਦੇ ਹਿੱਤ ਵਿੱਚ ਹੋਣਗੇ।

## ਤਾਰਿਕ ਰਹਿਮਾਨ ਦੇ ਸਹੁੰ-ਚੁੱਕ ਸਮਾਗਮ 'ਚ ਭਾਰਤ ਵੱਲੋਂ ਬਿਰਲਾ ਕਰਨਗੇ ਸ਼ਿਰਕਤ

ਅਤੇ ਬੰਗਲਾਦੇਸ਼ ਦੇ 'ਗੂੜ੍ਹੇ ਅਤੇ ਸਦੀਵੀ ਸਬੰਧਾਂ' ਨੂੰ ਦਰਸਾਉਂਦੀ ਹੈ ਅਤੇ ਗੁਆਂਢੀ ਦੇਸ਼ਾਂ ਵਿੱਚ ਲੋਕਤੰਤਰੀ ਪ੍ਰਕਿਰਿਆਵਾਂ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਮੁੜ ਦੁਹਰਾਉਂਦੀ ਹੈ। ਜ਼ਿਕਰਯੋਗ ਹੈ ਕਿ ਬੰਗਲਾਦੇਸ਼ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਸਮਾਗਮ ਲਈ ਰਸਮੀ ਸੱਦਾ ਦਿੱਤਾ ਸੀ ਪਰ ਉਸ ਦਿਨ ਮੁੰਬਈ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨਾਲ ਦੁਵੱਲੀ ਗੱਲਬਾਤ ਅਤੇ 'ਇੰਡੀਆ-ਏਆਈ ਇਮਪੈਕਟ ਸਮਿਟ 2026' ਵਿੱਚ ਰੁੱਝੇ ਹੋਣ ਕਾਰਨ ਉਹ ਖ਼ੁਦ ਨਹੀਂ ਜਾ ਸਕਣਗੇ। ਤਾਰਿਕ ਰਹਿਮਾਨ, ਜੋ ਕਿ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐਨਪੀ) ਦੇ ਚੇਅਰਮੈਨ ਹਨ, ਦੀ ਚੋਣਾਂ ਵਿੱਚ ਜਿੱਤ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ ਨੂੰ ਫ਼ੋਨ ਕਰਕੇ ਵਧਾਈ ਵੀ ਦਿੱਤੀ ਸੀ। ਭਾਰਤ ਨੇ ਢਾਕਾ ਵਿੱਚ ਹੋਈ ਇਸ ਲੋਕਤੰਤਰੀ ਤਬਦੀਲੀ ਦਾ ਸੁਆਗਤ ਕੀਤਾ ਹੈ ਅਤੇ ਉਮੀਦ ਜਤਾਈ ਹੈ ਕਿ ਇਸ ਨਾਲ ਦੋਵਾਂ ਦੇਸ਼ਾਂ ਦੇ ਸੱਭਿਆਚਾਰਕ ਅਤੇ ਇਤਿਹਾਸਕ

**ਚੜ੍ਹਦੀਕਲਾ**

**ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।**

PRGI (RNI) Regd. No. 22972/1972

**Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi**

PRGI (RNI) Regd. No. 22972/1972

## ਸਫਾ 1 ਦੀ ਬਾਕੀ

ਰਿਸ਼ਤੇ ਹੋਰ ਸੁਖਾਵੇਂ ਹੋਣਗੇ।

### ਉੱਤਰ ਭਾਰਤ ਦੇ ਕਈ ਸੂਬਿਆਂ 'ਚ ਮੀਂਹ ਦੀ ਚਿਤਾਵਨੀ, ਪਹਾੜਾਂ 'ਤੇ ਬਰਫ਼ਬਾਰੀ ਦੇ ਆਸਾਰ

ਬੀਕਾਨੇਰ ਡਿਵੀਜ਼ਨਾਂ ਵਿੱਚ ਹਲਕੀ ਬਾਰਿਸ਼ ਹੋ ਸਕਦੀ ਹੈ। ਮੱਧ ਪ੍ਰਦੇਸ਼ ਵਿੱਚ ਵੀ ਮੌਸਮ ਬਦਲਣ ਵਾਲਾ ਹੈ। ਗਵਾਲੀਅਰ-ਚੰਬਲ ਅਤੇ ਸਾਗਰ ਡਿਵੀਜ਼ਨਾਂ ਦੇ ਅੱਠ ਜ਼ਿਲ੍ਹਿਆਂ ਲਈ ਮੀਂਹ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਇਸ ਸਮੇਂ, ਰਾਜ ਭਰ ਵਿੱਚ ਦਿਨ ਅਤੇ ਰਾਤ ਦੇ ਤਾਪਮਾਨ ਵਿੱਚ 2 ਤੋਂ 3 ਡਿਗਰੀ ਦਾ ਵਾਧਾ ਹੋਇਆ ਹੈ। ਉੱਤਰ ਪ੍ਰਦੇਸ਼ ਦੇ ਕਈ ਸ਼ਹਿਰਾਂ ਵਿੱਚ ਤਾਪਮਾਨ 30 ਡਿਗਰੀ ਨੂੰ ਪਾਰ ਕਰ ਗਿਆ ਹੈ। ਇਸ ਦੌਰਾਨ, ਦਿੱਲੀ-ਐਨ.ਸੀ.ਆਰ. ਵਿੱਚ ਔਸਤ ਤਾਪਮਾਨ 11 ਡਿਗਰੀ ਹੈ, ਅਤੇ ਏਕਿਊਆਈ ਮਾੜੇ ਪੱਧਰ 'ਤੇ ਹੈ। ਉਤਰਾਖੰਡ ਦੇ ਉੱਚੇ ਇਲਾਕਿਆਂ ਵਿੱਚ ਬਹੁਤ ਜ਼ਿਆਦਾ ਠੰਢ ਪੈ ਰਹੀ ਹੈ। ਮੁਨਸਿਆਰੀ ਵਿੱਚ -25 ਡਿਗਰੀ ਸੈਲਸੀਅਸ, ਬਦਰੀਨਾਥ ਵਿੱਚ -16 ਡਿਗਰੀ ਸੈਲਸੀਅਸ ਅਤੇ ਗੰਗੋਤਰੀ ਵਿੱਚ -20 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਦੱਖਣੀ ਭਾਰਤ ਵਿੱਚ, ਤਾਮਿਲਨਾਡੂ ਦੇ ਤਿਰੂਵੱਲੂਰ, ਕਾਂਚੀਪੁਰਮ ਅਤੇ ਚੇਨਈ ਵਿੱਚ ਸੰਘਣੀ ਧੁੰਦ ਛਾਈ ਹੋਈ ਹੈ। ਕਰਨਾਟਕ ਦੇ ਉੱਤਰਾ ਕੰਨੜ ਅਤੇ ਉਡੂਪੀ ਵਿੱਚ ਵੀ ਧੁੰਦ ਪਈ।ਮਹਾਰਾਸ਼ਟਰ ਦੇ ਰਤਨਾਗਿਰੀ ਅਤੇ ਸਿੰਧੂਦੁਰਗ ਵਿੱਚ ਵੀ ਸੰਘਣੀ ਧੁੰਦ ਛਾਈ ਰਹੀ। ਹਰਿਆਣਾ ਅਤੇ ਪੰਜਾਬ ਵਿੱਚ ਮੌਸਮ ਇਸ ਵੇਲੇ ਖੁਸ਼ਕ ਹੈ, ਪਰ ਅਗਲੇ ਦੋ ਦਿਨਾਂ ਵਿੱਚ ਬਦਲਾਅ ਆਉਣ ਦੀ ਉਮੀਦ ਹੈ।

### ਝੂਠ ਫੈਲਾਉਣਾ ਕਾਂਗਰਸ ਦੀ ਫਿਤਰਤ: ਅਮਿਤ ਸ਼ਾਹ

ਸਰਕਾਰ ਨੇ ਹਰ ਸਮਝੌਤੇ ਵਿੱਚ ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਯਕੀਨੀ ਬਣਾਈ ਹੈ। ਦਰਅਸਲ, ਕਾਂਗਰਸ ਦਾ ਦੋਸ਼ ਹੈ ਕਿ ਦੂਜੇ ਦੇਸ਼ਾਂ ਨਾਲ ਹੋਏ ਵਪਾਰਕ ਸਮਝੌਤੇ ਭਾਰਤ ਦੇ ਡੇਅਰੀ ਸੈਕਟਰ ਨੂੰ ਖ਼ਤਮ ਕਰ ਦੇਣਗੇ। ਇਸ ਦਾ ਜਵਾਬ ਦਿੰਦਿਆਂ ਸ਼ਾਹ ਨੇ ਕਿਹਾ, ਰਾਹੁਲ ਗਾਂਧੀ ਝੂਠ ਫੈਲਾ ਰਹੇ ਹਨ ਕਿ ਪੀਐਮ ਮੋਦੀ ਨੇ ਇਨ੍ਹਾਂ ਡੀਲਜ਼ 'ਤੇ ਦਸਤਖ਼ਤ ਕਰਕੇ ਭਾਰਤ ਦੇ ਡੇਅਰੀ ਸੈਕਟਰ ਨੂੰ ਖ਼ਤਮ ਕਰ ਦਿੱਤਾ ਹੈ। ਅਸੀਂ ਉਹ ਲੋਕ ਹਾਂ ਜਿਨ੍ਹਾਂ ਨੇ ਡੇਅਰੀ ਸੈਕਟਰ ਨੂੰ ਵਧਾਇਆ ਹੈ, ਉਸ ਨੂੰ ਕਮਜ਼ੋਰ ਨਹੀਂ ਕੀਤਾ। ਸਾਰੇ ਸਮਝੌਤਿਆਂ ਵਿੱਚ ਡੇਅਰੀ ਸੈਕਟਰ ਨੂੰ ਪੂਰੀ ਸੁਰੱਖਿਆ ਦਿੱਤੀ ਗਈ ਹੈ।

### ਅਫ਼ਰੀਕੀ ਦੇਸ਼ ਘਾਨਾ 'ਚ ਪਹਿਲਾ ਗੁਰਦੁਆਰਾ ਖੋਲ੍ਹਿਆ ਗਿਆ

ਵਿੱਚ ਆਪਣੀ ਪਛਾਣ ਬਣਾਉਣ ਲੱਗੇ। ਬਾਅਦ ਵਿੱਚ ਪੰਜਾਬੀ ਸਿੱਖ ਪ੍ਰੋਫੈਸਰਾਂ ਨੇ ਯੂਨੀਵਰਸਿਟੀ ਆਫ ਘਾਨਾ ਵਿੱਚ ਅਕਾਦਮਿਕ ਅਹੁਦੇ ਸੰਭਾਲੇ। ਸਮੇਂ ਦੇ ਨਾਲ, ਭਾਰਤੀ ਭਾਈਚਾਰਾ ਸਟੀਲ, ਫਾਰਮਾਸਿਊਟੀਕਲ ਅਤੇ ਆਈ.ਟੀ. ਵਰਗੇ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਆ ਰਿਹਾ ਹੈ। ਅੱਜ ਘਾਨਾ ਵਿੱਚ ਭਾਰਤ ਦੇ 28 ਰਾਜਾਂ ਤੋਂ ਆਏ ਲੋਕ ਵੱਖ-ਵੱਖ ਖੇਤਰਾਂ ਵਿੱਚ ਸਰਗਰਮ ਹਨ। ਨਵਾਂ ਗੁਰਦੁਆਰਾ ਇਸ ਏਕਤਾ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਸਿੱਖ ਧਰਮ ਦੇ ਸੁਨੇਹੇ, ਸਮਾਨਤਾ, ਸੇਵਾ ਅਤੇ ਮਨੁੱਖਤਾ ਨੂੰ ਅੱਗੇ ਵਧਾਏਗਾ।

### ਭਾਰਤ ਦੇ ਅੱਤ ਲੋੜੀਂਦੇ ਅੱਤਵਾਦੀ ਦਾ ਪਾਕਿਸਤਾਨ 'ਚ ਗੋਲੀਆਂ ਮਾਰ ਕੇ ਕਤਲ

ਗਈ। ਪਾਕਿਸਤਾਨੀ ਜਾਂਚ ਏਜੰਸੀਆਂ ਨੇ ਇਲਾਕੇ ਨੂੰ ਘੇਰ ਲਿਆ ਹੈ, ਪਰ ਹਮਲਾਵਰ ਫਰਾਰ ਹੋਣ ਵਿੱਚ ਕਾਮਯਾਬ ਰਹੇ। ਕਾਸਿਮ ਗੁੱਜਰ ਮੂਲ ਰੂਪ ਵਿੱਚ ਜੰਮੂ-ਕਸ਼ਮੀਰ ਦੇ ਰਿਆਸੀ ਜ਼ਿਲ੍ਹੇ ਦਾ ਰਹਿਣ ਵਾਲਾ ਸੀ ਅਤੇ ਪਿਛਲੇ ਕਈ ਸਾਲਾਂ ਤੋਂ ਪਾਕਿਸਤਾਨ ਵਿੱਚ ਬੈਠ ਕੇ ਭਾਰਤ ਵਿਰੁੱਧ ਸਾਜ਼ਿਸ਼ਾਂ ਰਚ ਰਿਹਾ ਸੀ। ਉਹ ਜੰਮੂ ਖੇਤਰ ਵਿੱਚ ਹਥਿਆਰਾਂ ਦੀ ਸਪਲਾਈ, ਡਰੋਨ ਰਾਹੀਂ ਨਸ਼ੇ ਭੇਜਣ ਅਤੇ ਨਵੇਂ ਨੌਜਵਾਨਾਂ ਨੂੰ ਅੱਤਵਾਦ ਵਿੱਚ ਭਰਤੀ ਕਰਨ ਦਾ ਮੁੱਖ ਜ਼ਿੰਮੇਵਾਰ ਸੀ। ਉਸ ਦਾ ਨਾਮ ਜੰਮੂ ਵਿੱਚ ਹੋਏ ਕਈ ਧਮਾਕਿਆਂ ਅਤੇ ਫੌਜੀ ਕਾਫਲਿਆਂ 'ਤੇ ਹੋਏ ਹਮਲਿਆਂ ਦੀ ਜਾਂਚ ਵਿੱਚ ਸਾਹਮਣੇ ਆਇਆ ਸੀ। ਭਾਰਤ ਸਰਕਾਰ ਨੇ ਉਸ ਨੂੰ 'ਨਾਮੀਨੇਟਿਡ ਅੱਤਵਾਦੀ' ਐਲਾਨਿਆ ਹੋਇਆ ਸੀ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਪਾਕਿਸਤਾਨ ਅੰਦਰ ਭਾਰਤ ਵਿਰੋਧੀ ਅੱਤਵਾਦੀਆਂ ਦੇ ਮਾਰੇ ਜਾਣ ਦੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਲਸ਼ਕਰ ਅਤੇ ਜੈਸ਼-ਏ-ਮੁਹੰਮਦ ਦੇ ਕਈ ਚੋਟੀ ਦੇ ਕਮਾਂਡਰ ਅਣਪਛਾਤੇ ਹਮਲਾਵਰਾਂ ਹੱਥੋਂ ਮਾਰੇ ਜਾ ਚੁੱਕੇ ਹਨ। ਹਾਲਾਂਕਿ ਭਾਰਤ ਨੇ ਹਮੇਸ਼ਾ ਅਜਿਹੀਆਂ ਹੱਤਿਆਵਾਂ ਵਿੱਚ ਆਪਣੀ ਕਿਸੇ ਵੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ, ਪਰ ਇਹ ਘਟਨਾਵਾਂ ਪਾਕਿਸਤਾਨ ਵਿੱਚ ਲੁਕੇ ਅੱਤਵਾਦੀਆਂ ਲਈ ਵੱਡਾ ਡਰ ਬਣ ਰਹੀਆਂ ਹਨ।

### ਅਮਰੀਕਾ ਵਿੱਚ ਸਿੱਖ ਵਿਦਿਆਰਥੀ 'ਤੇ ਹਮਲਾ, ਉਤਾਰੀ ਪੱਗ

ਵਿਦਿਆਰਥੀ 'ਤੇ ਕਈ ਲੋਕਾਂ ਨੇ ਹਮਲਾ ਕੀਤਾ ਜਿਸ ਨੇ ਕਥਿਤ ਤੌਰ 'ਤੇ ਉਸ ਨੂੰ ਜ਼ਬਰਦਸਤੀ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਉਸ ਦੀ ਪੱਗ ਪਾੜ ਦਿੱਤੀ। ਹਮਲੇ ਦੇ ਦੌਰਾਨ, ਹਮਲਾਵਰਾਂ ਨੇ ਕਥਿਤ ਤੌਰ 'ਤੇ ਹਿੰਦੂ ਸ਼ਬਦ ਦੀ ਵਰਤੋਂ ਕੀਤੀ, ਜੋ ਪੱਖਪਾਤ ਨਾਲ ਚੱਲਣ ਵਾਲੀ ਭਾਸ਼ਾ ਨਾਲ ਜੋੜੀ ਗਈ ਗਲਤ ਪਛਾਣ ਦੇ ਮਾਮਲੇ ਨੂੰ ਦਰਸਾਉਂਦੀ ਹੈ। ਮੰਨਿਆ ਜਾਂਦਾ ਹੈ ਕਿ ਸ਼ੱਕੀ ਗੈਰ-ਵਿਦਿਆਰਥੀ ਸਨ, ਅਤੇ ਅਜੇ ਤੱਕ ਕਿਸੇ ਦੀ ਗ੍ਰਿਫਤਾਰੀ ਦਾ ਐਲਾਨ ਨਹੀਂ ਕੀਤਾ ਗਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਨਿਗਰਾਨੀ ਫੁਟੇਜ ਦੀ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਗਵਾਹਾਂ ਦੀ ਇੰਟਰਵਿਊ ਕੀਤੀ ਜਾ ਰਹੀ ਹੈ। ਸਿੱਖ ਕਾਲਜੀਏਟ ਫੈਡਰੇਸ਼ਨ ਦੀ ਪ੍ਰਧਾਨ ਹਸਮੀਤ ਕੌਰ ਨੇ ਦੱਸਿਆ ਕਿ ਮੋਬਾਈਲ ਵੀਡੀਓ ਵਿੱਚ ਹਮਲਾਵਰਾਂ ਵੱਲੋਂ ਸਿੱਖ ਵਿਦਿਆਰਥੀ ਨੂੰ ਗਲਤ ਤੌਰ 'ਤੇ ਹਿੰਦੂ ਕਹਿ ਕੇ ਨਿਸ਼ਾਨਾ ਬਣਾਇਆ ਗਿਆ। ਯੂਨੀਵਰਸਿਟੀ ਪ੍ਰਸ਼ਾਸਨ ਨੇ ਵੀ ਆਪਣੀ ਪਹਿਲੀ ਸੂਚਨਾ ਵਿੱਚ ਵਿਦਿਆਰਥੀ ਨੂੰ ਹਿੰਦੂ ਦਰਸਾ ਕੇ ਗਲਤੀ ਕੀਤੀ, ਜਿਸ 'ਤੇ ਉਨ੍ਹਾਂ ਨੇ ਮਾਫ਼ੀ ਮੰਗੀ। ਹਿੰਦੂ ਵਿਦਿਆਰਥੀ ਗਰੁੱਪ ਸੀਵਾਈਏਐਨ ਨੇ ਇਸ ਹਮਲੇ ਨੂੰ ਹਿੰਦੂਫੋਬੀਆ ਦਾ ਕਲਾਸਿਕ ਕੇਸ ਕਰਾਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਹਿੰਦੂ ਸ਼ਬਦ ਨੂੰ ਗਾਲ ਵਜੋਂ ਵਰਤਣਾ ਸਪਸ਼ਟ ਤੌਰ 'ਤੇ ਨਫ਼ਰਤ ਦੀ ਨਿਸ਼ਾਨੀ ਹੈ।ਸੀਵਾਈਏਐਨ ਨੇ ਯੂਨੀਵਰਸਿਟੀ ਤੋਂ ਤਿੰਨ ਮੁੱਖ ਮੰਗਾਂ ਰੱਖੀਆਂ। ਪਹਿਲੀ, ਹਿੰਦੂਫੋਬੀਆ ਨੂੰ ਖੁੱਲ੍ਹੇ ਤੌਰ 'ਤੇ ਨਿੰਦਾ ਕਰਨਾ। ਦੂਜੀ, ਹਿੰਦੂ ਅਤੇ ਸਿੱਖ ਵਿਦਿਆਰਥੀਆਂ ਲਈ ਜਾਗਰੂਕਤਾ ਪ੍ਰੋਗਰਾਮ ਸ਼ੁਰੂ ਕਰਨਾ। ਇਹ ਮਾਮਲਾ ਨਾ ਸਿਰਫ਼ ਸਿੱਖ ਭਾਈਚਾਰੇ ਲਈ, ਸਗੋਂ ਹਿੰਦੂ ਵਿਦਿਆਰਥੀਆਂ ਲਈ ਵੀ ਚਿੰਤਾ ਦਾ ਕਾਰਨ ਬਣ ਗਿਆ ਹੈ। ਚਿਨਾਰਕਾਰਪਸ ਕਸ਼ਮੀਰ ਦੀ ਖੇਡ ਪ੍ਰਤਿਭਾ ਨੂੰ ਪਾਲਣ ਅਤੇ ਰਾਸ਼ਟਰ ਨਿਰਮਾਣ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਸੁਚਾਰੂ ਬਣਾਉਣ ਲਈ ਆਪਣੀ ਵਚਨਬੱਧਤਾ ਵਿੱਚ ਦ੍ਰਿੜ ਹੈ।

### ਅਗਵਾਕਾਰਾਂ ਨੇ ਪਰਿਵਾਰ ਨੂੰ ਦਿਖਾਇਆ ਲਾਈਵ ਟਾਰਚਰ, 65 ਲੱਖ ਵਸੂਲਣ ਮਗਰੋਂ ਹੋਰ ਪੈਸੇ ਮੰਗੇ

ਪਹੁੰਚਾਉਣ ਦਾ ਵਾਅਦਾ ਕੀਤਾ। ਇਹ ਰਸਤਾ ਕਾਫ਼ੀ ਖ਼ਤਰਨਾਕ ਐ, ਜਿਸ ਵਿਚ ਬਹੁਤ ਸਾਰੇ ਨੌਜਵਾਨਾਂ ਨੂੰ ਆਪਣੀ ਜਾਨ ਤੱਕ ਗਵਾਉਣੀ ਪੈ ਗਈ। ਧਰੁਵ ਨੇ ਡੰਕੀ ਰੂਟ ਲਈ ਏਜੰਟ ਨੂੰ 35 ਲੱਖ ਅਤੇ ਦੀਪਿਕਾ ਨੇ 15 ਲੱਖ ਰੁਪਏ ਦਿੱਤੇ। 30 ਜਨਵਰੀ ਨੂੰ ਇਨ੍ਹਾਂ ਦੀ ਜਰਨੀ ਸ਼ੁਰੂ ਹੋਈ ਜੋ ਦਿੱਲੀ ਤੋਂ ਹੁੰਦਿਆਂ ਅਜਰਬੈਜਾਨ ਦੀ ਰਾਜਧਾਨੀ ਬਾਕੂ ਪੁੱਜੇ, ਜਿੱਥੇ ਦੋਵਾਂ ਜਣਿਆਂ ਦੇ ਫ਼ੋਨ ਬੰਦ ਕਰਵਾ ਦਿੱਤੇ ਗਏ ਅਤੇ ਪੈਸਿਆਂ ਦੀ ਡਿਮਾਂਡ ਕੀਤੀ ਗਈ। ਜਦੋਂ ਉਨ੍ਹਾਂ ਨੇ ਹੋਰ ਪੈਸੇ ਦੇਣ ਤੋਂ ਮਨ੍ਹਾਂ ਕੀਤਾ ਤਾਂ ਉਨ੍ਹਾਂ ਨੂੰ ਕਿਡਨੈਪ ਕਰਕੇ ਸੁੰਨਸਾਨ ਥਾਂ 'ਤੇ ਇਕ ਬੇਸਮੇਂਟ ਵਿਚ ਬੰਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਪਰਿਵਾਰ ਦਾ ਇਲਜ਼ਾਮ ਐ ਕਿ ਅਗਵਾਕਾਰਾਂ ਨੇ ਵਾਟਸਐਪ ਕਾਲ ਜ਼ਰੀਏ ਉਨ੍ਹਾਂ ਦੇ ਸਾਹਮਣੇ ਧਰੁਵ ਨੂੰ ਟਾਰਚਰ ਕੀਤਾ। ਫਿਰੌਤੀ ਨਾ ਦੇਣ 'ਤੇ ਅੰਗ ਕੱਢ ਕੇ ਵੇਚਣ ਦੀ ਧਮਕੀ ਦਿੱਤੀ, ਜਿਸ ਤੋਂ ਬਾਅਦ ਪਰਿਵਾਰ ਨੇ ਕਿਸੇ ਨਾ ਕਿਸੇ ਤਰ੍ਹਾਂ 65 ਲੱਖ ਦਾ ਇੰਤਜ਼ਾਮ ਕੀਤਾ,, ਪਰ ਇਸ ਤੋਂ ਬਾਅਦ ਵੀ ਅਗਵਾਕਾਰਾਂ ਵੱਲੋਂ ਹੋਰ ਪੈਸਿਆਂ ਦੀ ਮੰਗ ਕੀਤੀ ਗਈ। ਆਖ਼ਰਕਾਰ ਦੋਵੇਂ ਮੁੰਡਿਆਂ ਦੇ ਪਰਿਵਾਰਾਂ ਨੇ ਆਨੰਦ ਤੋਂ ਸਾਂਸਦ ਮਿਤੇਸ਼ ਰਮੇਸ਼ਭਾਈ ਪਟੇਲ ਨਾਲ ਸੰਪਰਕ ਕੀਤਾ, ਜਿਸ ਤੋਂ ਬਾਅਦ ਇਹ ਮਾਮਲਾ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤੱਕ ਪਹੁੰਚ ਗਿਆ। ਵਿਦੇਸ਼ ਮੰਤਰਾਲੇ ਨੇ ਬਾਕੂ ਸਥਿਤ ਭਾਰਤੀ ਅੰਬੈਸੀ ਨੂੰ ਅਲਰਟ ਕੀਤਾ, ਜਿਸ ਮਗਰੋਂ ਧਰੁਵ ਨੂੰ ਬਚਾਉਣ ਦਾ ਅਪਰੇਸ਼ਨ ਚਲਾਇਆ ਗਿਆ ਅਤੇ 24 ਘੰਟੇ ਦੇ ਅੰਦਰ ਦੋਵੇਂ ਜਣਿਆਂ ਨੂੰ ਅਗਵਾਕਾਰਾਂ ਦੇ ਚੁੰਗਲ ਤੋਂ ਸੁਰੱਖਿਅਤ ਬਚਾ ਲਿਆ। ਫਿਲਹਾਲ ਇਹ ਦੋਵੇਂ ਭਾਰਤੀ ਅੰਬੈਸੀ ਦੀ ਸੁਰੱਖਿਆ ਵਿਚ ਨੇ ਅਤੇ ਕਾਨੂੰਨੀ ਪ੍ਰਕਿਰਿਆ ਪੂਰੀ ਹੋਣ ਮਗਰੋਂ ਜਲਦ ਭਾਰਤ ਆਉਣਗੇ। ਇਸ ਤੋਂ ਇਲਾਵਾ ਗੁਜਰਾਤ ਪੁਲਿਸ ਨੇ ਪੀੜਤਾਂ ਨੂੰ ਫਸਾਉਣ ਵਾਲੇ ਮੁੰਬਈ ਦੇ ਪੰਜ ਏਜੰਟਾਂ ਦੀ ਭਾਲ ਵੀ ਸ਼ੁਰੂ ਕਰ ਦਿੱਤੀ ਐ, ਜਲਦ ਹੀ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਜਾਵੇਗਾ।

### ਮਾਪਿਆਂ ਦੀ ਡਾਂਟ ਤੋਂ ਨਾਰਾਜ਼ 3 ਨਾਬਾਲਗਾਂ ਵੱਲੋਂ ਖ਼ੁਦਕੁਸ਼ੀ

ਪਰਵਤੀਆ ਕਾਲੋਨੀ ਦੇ ਭਡਾਨਾ ਚੌਂਕ ਨੇੜੇ ਰਹਿਣ ਵਾਲੀ 12ਵੀਂ ਜਮਾਤ ਦੀ ਇੱਕ ਵਿਦਿਆਰਥਣ ਗੁਆਂਢ ਦੇ ਇੱਕ ਨੌਜਵਾਨ ਨਾਲ ਫੋਨ 'ਤੇ ਚੈਟਿੰਗ ਕਰਦੀ ਸੀ। ਜਦੋਂ ਉਸਦੀ ਮਾਂ ਨੇ ਇਹ ਚੈਟ ਦੇਖੀ ਤਾਂ ਉਸ ਨੂੰ ਸਖ਼ਤ ਡਾਂਟ ਪਾਈ ਅਤੇ ਅੱਗੇ ਤੋਂ ਅਜਿਹਾ ਨਾ ਕਰਨ ਦੀ ਚਿਤਾਵਨੀ ਦਿੱਤੀ। ਇਸ ਗੱਲ ਤੋਂ ਪ੍ਰੇਸ਼ਾਨ ਹੋ ਕੇ ਨਾਬਾਲਗ ਨੇ ਰਾਤ ਦੇ ਸਮੇਂ ਆਪਣੇ ਕਮਰੇ ਵਿੱਚ ਚੁੰਨੀ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ।

ਦੂਜੀ ਘਟਨਾ: ਮੋਬਾਈਲ ਤੋੜਨ ਅਤੇ ਪਿਤਾ ਦੀ ਡਾਂਟ ਕਾਰਨ ਚੁੱਕਿਆ ਖੌਫ਼ਨਾਕ ਕਦਮ

ਜਦੋਂ ਭੂਆ-ਫੁੱਫੜ ਨੂੰ ਪਤਾ ਲੱਗਾ ਕਿ ਉਹ ਅਜੇ ਵੀ ਉਸ ਮੁੰਡੇ ਨਾਲ ਗੱਲ ਕਰਦੀ ਹੈ, ਤਾਂ ਉਨ੍ਹਾਂ ਨੇ ਇਸਦੀ ਸ਼ਿਕਾਇਤ ਉਸਦੇ ਪਿਤਾ ਨੂੰ ਕਰ ਦਿੱਤੀ। ਪਿਤਾ ਦੀ ਫੋਨ 'ਤੇ ਡਾਂਟ ਤੋਂ ਬਾਅਦ ਕੁੜੀ ਨੇ ਫਾਹਾ ਲਗਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪੱਲਾ ਥਾਣਾ ਖੇਤਰ ਵਿੱਚ ਇੱਕ ਹੋਰ ਦੁਖਦਾਈ ਘਟਨਾ ਵਾਪਰੀ, ਜਿੱਥੇ ਇੱਕ 11 ਸਾਲਾ ਬੱਚੇ ਨੂੰ ਉਸਦੇ ਪਿਤਾ ਨੇ ਖੇਡਣ-ਕੁੱਦਣ ਦੀ ਬਜਾਏ ਪੜ੍ਹਾਈ ਵੱਲ ਧਿਆਨ ਦੇਣ ਲਈ ਕਿਹਾ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਬੱਚਾ ਇਸ ਗੱਲ ਤੋਂ ਇੰਨਾ ਨਾਰਾਜ਼ ਹੋਇਆ ਕਿ ਉਸ ਨੇ ਫਾਹਾ ਲਗਾ ਲਿਆ। ਪੁਲਿਸ ਨੇ ਤਿੰਨੋਂ ਮਾਮਲਿਆਂ ਵਿੱਚ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ ਹਨ।

### ਬੰਗਾਲ 'ਚ ਰੇਲਵੇ ਸਟੇਸ਼ਨ 'ਤੇ ਖੜ੍ਹੀ ਰੇਲ ਗੱਡੀ ਨੂੰ ਲੱਗੀ ਅੱਗ

ਸਵੇਰੇ ਕਰੀਬ 4:30 ਵਜੇ ਪਲੇਟਫਾਰਮ ਨੰਬਰ ਦੋ 'ਤੇ ਖੜ੍ਹੀ ਕਟਵਾ-ਅਜ਼ੀਮਗੰਜ ਪੈਸੰਜਰ ਰੇਲ ਗੱਡੀ ਦੇ ਇੱਕ ਡੱਬੇ ਵਿੱਚ ਲੱਗੀ ਸੀ, ਜਿਸ 'ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਕਰੀਬ 30 ਮਿੰਟਾਂ ਦੀ ਮੁਸ਼ੱਕਤ ਤੋਂ ਬਾਅਦ ਕਾਬੂ ਪਾਇਆ। ਜਦੋਂ ਸਟੇਸ਼ਨ 'ਤੇ ਮੌਜੂਦ ਯਾਤਰੀਆਂ ਨੇ ਡੱਬੇ ਵਿੱਚੋਂ ਅੱਗ ਦੀਆਂ ਲਪਟਾਂ ਉੱਠਦੀਆਂ ਦੇਖੀਆਂ ਤਾਂ ਪਲੇਟਫਾਰਮ 'ਤੇ ਹਫੜਾ-ਦਫੜੀ ਮਚ ਗਈ। ਰੇਲਵੇ ਕਰਮਚਾਰੀਆਂ ਨੇ ਤੁਰੰਤ ਕਾਰਵਾਈ ਕਰਦੇ ਹੋਏ ਪ੍ਰਭਾਵਿਤ ਡੱਬੇ ਨੂੰ ਬਾਕੀ ਰੇਲ ਗੱਡੀ ਤੋਂ ਵੱਖ ਕਰ ਦਿੱਤਾ ਤਾਂ ਕਿ ਅੱਗ ਫੈਲ ਨਾ ਸਕੇ। ਪੂਰਬੀ ਰੇਲਵੇ ਦੇ ਬੁਲਾਰੇ ਨੇ ਦੱਸਿਆ ਕਿ ਅੱਗ ਲੱਗਣ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

### ਮਾਨ ਨੂੰ ਸਿਹਤ ਵਿਗੜਨ ਕਾਰਨ ਏਅਰਲਿਫਟ ਕਰ ਕੇ ਮੋਹਾਲੀ ਲਿਆਂਦਾ

ਸਿਸੋਦੀਆ ਤੇ ਰਾਜ ਸਭਾ ਮੈਂਬਰ ਰਾਜਿੰਦਰ ਗੁਪਤਾ ਸਮੇਤ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਮੰਦਰ 'ਚ ਵਿਧੀਵਤ ਪੂਜਾ-ਅਰਚਨਾ ਕੀਤੀ ਤੇ ਪ੍ਰਾਚੀਨ ਸ਼ਿਵਲਿੰਗ 'ਤੇ ਜਲਾਭਿਸ਼ੇਕ ਕੀਤਾ। ਮੰਦਰ ਕੰਪਲੈਕਸ 'ਚ ਵੱਡੀ ਗਿਣਤੀ 'ਚ ਸ਼ਰਧਾਲੂ ਮੌਜੂਦ ਸਨ, ਜਿਨ੍ਹਾਂ ਨੇ 'ਹਰ ਹਰ ਮਹਾਦੇਵ' ਦੇ ਜੈਕਾਰੇ ਲਗਾਏ। ਇਸ ਮੌਕੇ ਸੁਰੱਖਿਆ ਦੇ ਵੀ ਪੁਖਤਾ ਪ੍ਰਬੰਧ ਕੀਤੇ ਹੋਏ ਸਨ।

## ਅੱਖਾਂ ਦਾ ਕੈਂਪ ਕਾਲਵੰਜਾਰਾ ਵਿਖੇ 24 ਨੂੰ

ਲਹਿਰਾਗਾਗਾ, 15 ਫਰਵਰੀ (ਗੁਰਦੀਪ ਸਿੰਘ): ਲਹਿਰਾ ਗਾਗਾ ਦੇ ਨੇੜਲੇ ਪਿੰਡ ਕਾਲਵੰਜਾਰਾ ਵਿਖੇ ਸਰਦਾਰ ਮੇਹਰ ਸਿੰਘ ਸਰਾਓ ਦੀ ਯਾਦ ਨੂੰ ਸਮਰਪਿਤ ਦੂਸਰਾ ਅੱਖਾਂ ਦਾ ਕੈਂਪ 24 ਫਰਵਰੀ ਨੂੰ ਲਗਾਇਆ ਜਾ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਇਲਾਕੇ ਦੇ ਉੱਘੇ ਸਮਾਜ ਸੇਵਕ ਸਰਦਾਰ ਛੱਜੂ ਸਿੰਘ ਸਰੋ ਕਾਲਵੰਜਾਰਾ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ। ਉਹਨਾਂ ਕਿਹਾ ਕਿ ਵਿਸ਼ਵ ਪ੍ਰਸਿੱਧ ਸੰਸਥਾ ਸ਼ੰਕਰਾ, ਅੱਖਾਂ ਦਾ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ ਇਹ ਅੱਖਾਂ ਦਾ ਮੁਫਤ ਚੈੱਕ ਅੱਪ ਅਤੇ ਆਪਰੇਸ਼ਨ ਕੈਂਪ ਲਗਾਇਆ ਜਾ ਰਿਹਾ ਹੈ। ਉਹਨਾਂ ਜਾਣਕਾਰੀ ਦਿੰਦਿਆਂ ਅੱਗੇ ਕਿਹਾ ਕਿ ਇਹ ਕੈਂਪ ਉਹਨਾਂ ਦੇ ਦਾਦਾ ਸਵਰਗਵਾਸੀ ਸਰਦਾਰ ਮੇਹਰ ਸਿੰਘ ਦੀ ਯਾਦ ਵਿੱਚ ਜਾਵੇਗਾ।

## ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਵੇਰਵੇ ਜਨਤਕ ਕੀਤੇ ਜਾਣ : ਕਾਮਰੇਡ ਸੁਖਵਿੰਦਰ ਸਿੰਘ ਸੇਖੋਂ

### 24 ਮਾਰਚ ਨੂੰ ਕੇਂਦਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਰਾਮਲੀਲਾ ਮੈਦਾਨ ਵਿੱਚ ਰੈਲੀ



ਸੁਨਾਮ ਊਧਮ ਸਿੰਘ ਵਾਲਾ, 15 ਫਰਵਰੀ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) : ਸੀਪੀਆਈ ਐਮ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਸਥਾਨਕ ਵਿਕਰਮ ਹੋਟਲ ਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀਆਂ ਮਜ਼ਦੂਰ ਕਿਸਾਨ ਵਿਰੋਧੀ ਅਤੇ ਕਾਰਪੋਰੇਟ ਪੱਖੀ ਨੀਤੀਆਂ ਵਿਰੁੱਧ 21 ਮਾਰਚ ਤੋਂ 24 ਮਾਰਚ ਤੱਕ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ 24 ਮਾਰਚ ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਵੱਡੀ ਰੈਲੀ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਬਿਜਲੀ ਐਕਟ 2025 ਜੋ ਸਾਰੇ ਲੋਕਾਂ 'ਤੇ ਅਸਰ ਪਵੇਗਾ ਨੂੰ ਵਾਪਸ ਲੈਣਾ ਚਾਹੀਦਾ ਹੈ। ਕਾਮਰੇਡ ਸੇਖੋਂ ਨੇ ਕਿਹਾ ਕਿ ਚਾਰ ਲੇਬਰ ਕੋਡ ਜਿਸ ਵਿੱਚ ਦਿਹਾੜੀ ਅੱਠ ਘੰਟੇ ਤੋਂ 12 ਘੰਟੇ ਕਰ ਦਿੱਤੀ ਹੈ। ਮਨਰੇਗਾ ਕਾਨੂੰਨ ਖਤਮ ਕਰਕੇ ਮਜ਼ਦੂਰ ਵਿਰੋਧੀ ਨਵਾਂ ਕਾਨੂੰਨ ਬੀਵੀ ਜੀ ਰਾਮ ਜੀ ਕਾਨੂੰਨ ਲਿਆਂਦਾ ਗਿਆ ਹੈ, ਜਿਸ ਵਿੱਚ ਸੂਬਿਆਂ ਦਾ ਹਿੱਸਾ 10% ਤੋਂ ਵਧਾ ਕੇ 40% ਕਰ ਦਿੱਤਾ ਹੈ ਉਹਨਾਂ ਦੀ ਪਾਰਟੀ ਡੱਟ ਕੇ ਇਸ ਦਾ ਵਿਰੋਧ ਕਰਦੀ ਹੈ। ਅਮਰੀਕਾ ਨਾਲ ਹੋਏ ਵਪਾਰ ਸਮਝੌਤੇ ਬਾਰੇ ਗੱਲਬਾਤ ਕਰਦਿਆਂ ਸੇਖੋਂ ਨੇ ਕਿਹਾ ਕਿ ਇਸ ਦੇ ਵੇਰਵੇ ਸਰਕਾਰ ਨੂੰ ਜਨਤਕ ਕਰਨੇ ਚਾਹੀਦੇ ਹਨ, ਜਦਕਿ ਸਮਝੌਤੇ ਬਾਰੇ ਵਾਈਟ ਹਾਊਸ ਵੱਲੋਂ ਦੱਸਿਆ ਜਾ ਰਿਹਾ ਹੈ। ਖੇਤੀ ਵਸਤਾਂ 'ਤੇ ਟੈਕਸ ਖਤਮ ਕਰਨ ਦਾ ਸਮਝੌਤਾ ਰੱਦ ਕੀਤਾ ਜਾਵੇ। ਉਹਨਾਂ ਕਿਹਾ ਕਿ ਮੋਦੀ ਨੇ 2014 ਵਿੱਚ ਕਿਹਾ ਸੀ ਕਿ ਹਰ ਸਾਲ ਦੋ ਕਰੋੜ ਨੌਕਰੀਆ ਦੇਵਾਂਗਾ, ਪਰ ਬੇਰੁਜ਼ਗਾਰੀ ਅਤੇ ਮਹਿੰਗਾਈ ਛੜੱਪੇ ਮਾਰ ਕੇ ਵੱਧ ਰਹੀ ਹੈ। ਸੇਖੋਂ ਨੇ ਅੱਗੇ ਕਿਹਾ ਕਿ ਅਮਰੀਕਾ ਅੱਗੇ ਮੋਦੀ ਸਰਕਾਰ ਨੇ ਗੋਡੇ ਟੇਕ ਦਿੱਤੇ ਹਨ। ਭਾਰਤ ਦੇ ਸਦਾਬਹਾਰ ਦੋਸਤ ਤੋਂ ਤੇਲ ਖਰੀਦਣ ਤੋਂ ਰੋਕ ਦਿੱਤਾ ਹੈ ਅਤੇ ਸਰਕਾਰ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਰੂਸ ਤੋਂ ਤੇਲ ਖਰੀਦਿਆ ਤਾਂ 25% ਟੈਕਸ ਫਿਰ ਲਗਾ ਦਿੱਤਾ ਜਾਵੇਗਾ। ਕਾ ਸੇਖੋਂ ਨੇ ਕਿਹਾ ਕਿ ਦੇਸ਼ ਦੀ 73% ਪੂੰਜੀ 100 ਕਰੋੜ ਕਾਰਪੋਰੇਟ ਘਰਾਣਿਆ ਕੋਲ ਹੈ ਬਾਕੀ 27% ਨਾਲ ਸਾਰੇ ਦੇਸ਼ ਵਾਸੀਆਂ ਕੋਲ ਹੈ। ਐਪਸਟੇਨ ਫਾਇਲ ਸਬੰਧੀ ਉਹਨਾਂ ਕਿਹਾ ਕਿ ਇਸ ਘਿਨੌਣੇ ਵਿਅਕਤੀਆਂ ਦੀਆਂ ਫਾਈਲਾਂ ਵਿੱਚ ਸਨਾਤਨੀ ਅਖਵਾਉਣ ਵਾਲੇ ਵਿਅਕਤੀਆਂ ਦੇ ਨਾਂ ਬੋਲਦੇ ਹਨ। ਇਸ ਤੋਂ ਮਾੜੀ ਗੱਲ ਹੋਰ ਕੀ ਹੋ ਸਕਦੀ ਹੈ। ਸੇਖੋਂ ਨੇ ਕਿਹਾ ਕਿ ਮੋਦੀ ਦੇ ਬੈਸਟ ਫਰੈਂਡ ਟਰੰਪ ਵੱਲੋਂ ਭਾਰਤੀਆਂ ਨੂੰ ਡਿਪੋਰਟ ਕਰਨ ਸਮੇਂ ਹੱਥਕੜੀਆਂ ਅਤੇ ਬੇੜੀਆਂ ਵਿੱਚ ਜਕੜ ਕੇ ਫੌਜੀ ਜਹਾਜ਼ਾਂ ਵਿੱਚ ਭੇਜਿਆ ਜਾ ਰਿਹਾ ਹੈ। ਪਰ ਪ੍ਰਧਾਨ ਮੰਤਰੀ ਅਤੇ ਇਸ ਦੇ ਕਿਸੇ ਮੰਤਰੀ ਦਾ ਇਸ ਸਬੰਧੀ ਕੋਈ ਬਿਆਨ ਨਹੀਂ ਆਇਆ ਜਦਕਿ ਛੋਟੇ ਛੋਟੇ ਦੇਸ਼ ਆਪਣੇ ਨਾਗਰਿਕਾਂ ਨੂੰ ਬਾਇੱਜ਼ਤ ਆਪਣਾ ਜਹਾਜ ਭੇਜ ਕੇ ਵਾਪਸ ਮੰਗਵਾ ਰਹੇ ਹਨ। ਪੰਜਾਬ ਸਰਕਾਰ ਬਾਰੇ ਕਾਮਰੇਡ ਸੇਖੋਂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਝੂਠ ਬੋਲਣ ਤੋਂ ਸਿਵਾਏ ਕੋਈ ਕੰਮ ਨਹੀਂ ਉਹਨਾਂ ਨੇ ਕਿਹਾ ਕਿ ਬੇਅਦਬੀ ਦੇ ਦੋਸ਼ੀ ਬਰੀ ਹੋ ਰਹੇ ਹਨ। ਡੇਰਾਵਾਦ ਬਾਰੇ ਉਹਨਾਂ ਕਿਹਾ ਕਿ ਡੇਰਾਵਾਦ ਦੀ ਨੀਤੀ ਰਾਜਨੀਤੀ ਨੂੰ ਪ੍ਰਭਾਵਿਤ ਕਰ ਰਹੀ ਹੈ। ਇਸ ਮੌਕੇ ਉਹਨਾਂ ਨਾਲ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਭੂਪ ਚੰਦ ਚੰਨੋ, ਜ਼ਿਲ੍ਹਾ ਸਕੱਤਰ ਕਾਮਰੇਡ ਚਮਕੌਰ ਸਿੰਘ ਖੇੜੀ ਹਾਜ਼ਰ ਸਨ।

## ਭਦੌੜ ਦੇ ਪ੍ਰਾਚੀਨ ਸ਼ਿਵ ਮੰਦਿਰਾਂ 'ਚ ਮਹਾਂ ਸ਼ਿਵਰਾਤਰੀ ਮੇਲਾ ਬੜੀ ਸਰਧਾ ਅਤੇ ਧੂਮ-ਧਾਮ ਨਾਲ ਮਨਾਇਆ



ਭਦੌੜ, 15 ਫਰਵਰੀ (ਸੁਖਵਿੰਦਰ ਪਲਾਹਾ) : ਭਦੌੜ ਦੇ ਪ੍ਰਾਚੀਨ ਸ੍ਰੀ ਗਿਆਰਾਂ ਰੁਦਰ ਸ਼ਿਵ ਮੰਦਿਰ ਪੱਥਰਾਂ ਵਾਲੀ, ਪ੍ਰਾਚੀਨ ਸ੍ਰੀ ਗਿਆਰਾਂ ਰੁਦਰ ਸ਼ਿਵ ਮੰਦਿਰ ਬਾਗ ਵਾਲਾ ਅਤੇ ਪ੍ਰਾਚੀਨ ਸ਼ਿਵ ਮੰਦਿਰ ਸ਼ਿਵ ਦਿਵਾਲਾ ਮੰਦਿਰ ਬੱਸ ਸਟੈਂਡ (ਬ੍ਰਾਹਮਣਾਂ ਵਾਲਾ) ਮੰਦਿਰਾਂ ਅੰਦਰ ਮਹਾਂ ਸ਼ਿਵਰਾਤਰੀ ਮੇਲਾ ਮੰਦਿਰ ਪ੍ਰਬੰਧਕ ਕਮੇਟੀਆਂ ਅਤੇ ਨਗਰ ਦੇ ਸਮੂਹ ਸ਼ਿਵ ਭਗਤਾਂ ਵੱਲੋਂ ਮਿਲਕੇ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ। ਅੱਜ ਮਹਾਂ ਸ਼ਿਵਰਾਤਰੀ ਵਾਲੇ ਦਿਨ ਸਵੇਰ ਤੋਂ ਹੀ ਮੰਦਿਰਾਂ ਵਿੱਚ ਸ਼ਿਵ ਭਗਤ ਦੀਆਂ ਪਵਿੱਤਰ ਗੰਗਾ ਜਲ ਚੜ੍ਹਾਉਣ ਲਈ ਵੱਡੀਆ-ਵੱਡੀਆਂ ਕਤਾਰਾਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ ਅਤੇ ਭਗਤਾਂ ਨੇ ਮੰਦਿਰਾਂ ਅੰਦਰ ਪਵਿੱਤਰ ਗੰਗਾ ਜਲ ਚੜ੍ਹਾਇਆ ਅਤੇ ਮੱਥਾ ਟੇਕ ਕੇ ਆਪਣੇ ਜੀਵਨ ਨੂੰ ਸਫਲ ਕੀਤਾ। ਇਸ ਸਮੇ ਭਗਤਾਂ ਨੇ ਦੂਰ-ਦੁਰਾਡੇ ਤੋਂ ਆਕੇ ਆਪਣੀ ਹਾਜ਼ਰੀ ਲਗਵਾਈ।ਪ੍ਰਾਚੀਨ ਗਿਆਰਾਂ ਰੁਦਰ ਸ਼ਿਵ ਮੰਦਿਰ ਪੱਥਰਾਂ ਵਾਲੀ ਪ੍ਰਬੰਧਕ ਕਮੇਟੀ (ਰਜਿ:) ਭਦੌੜ ਦੇ ਪ੍ਰਧਾਨ ਹੀਰਾ ਲਾਲ ਸਿੰਗਲਾ, ਕ੍ਰਿਸ਼ਨ ਬਾਬਾ ਜੀ ਬਰਨਾਲੇ ਵਾਲੇ, ਜਗਸੀਰ ਚੰਦ ਅਤੇ ਪ੍ਰਾਚੀਨ ਗਿਆਰਾਂ ਰੁਦਰ ਸ਼ਿਵ ਮੰਦਿਰ ਬਾਗ ਵਾਲਾ ਕਮੇਟੀ ਭਦੌੜ ਅਤੇ ਤਿਰੰਦਸ਼ੀ ਮੇਲਾ ਵੈਲਫੇਅਰ ਕਮੇਟੀ ਭਦੌੜ ਦੇ ਆਗੂ ਚਰਨੀ ਸਿੰਗਲਾ, ਧਰਮਿੰਦਰ ਕੁਮਾਰ ਮੱਖਣ, ਰਾਜੇਸ਼ ਕੁਮਾਰ ਸ਼ੈਲੀ, ਪ੍ਰਦੀਪ ਕੁਮਾਰ ਰਿੰਕਾਂ, ਪ੍ਰਵੀਨ ਕੁਮਾਰ ਪੀਨਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਭਾਰਤ ਵਿੱਚ ਕੇਵਲ ਤਿੰਨ ਹੀ ਗਿਆਰਾਂ ਰੁਦਰ ਸ਼ਿਵ ਮੰਦਿਰ ਹਨ ਜਿਨਾਂ ਵਿੱਚੋਂ ਦੋ ਮੰਦਿਰ ਭਦੌੜ ਵਿਖੇ ਸਥਾਪਿਤ ਹਨ ਅਤੇ ਇਹ ਮੰਦਿਰ ਤਕਰੀਬਨ 400 ਸਾਲ ਪੁਰਾਣੇ ਹਨ,ਜੋ ਕੋਈ ਭਗਤ ਇਨ੍ਹਾਂ ਮੰਦਿਰਾਂ ਵਿੱਚ ਸੱਚੇ ਮਨ ਨਾਲ ਕੋਈ ਕਾਮਨਾ ਕਰਦਾ ਹੈ ਭੋਲੇ ਨਾਥ ਉਸ ਦੀ ਮਨੋਕਾਮਨਾ ਜਰੂਰ ਪੂਰੀ ਕਰਦੇ ਹਨ। ਉਨ੍ਹਾਂ ਨੇ ਅੱਗੇ ਮੰਦਰਾਂ ਦੇ ਇਤਿਹਾਸ ਸਬੰਧੀ ਦੱਸਦਿਆ ਕਿਹਾ ਕਿ ਗਿਆਰਾਂ ਰੁਦਰ ਸ਼ਿਵ ਮੰਦਿਰ ਪੱਥਰਾਂ ਵਾਲੀ ਰਿਆਸਤੀ ਰਾਜਿਆਂ ਨੇ ਅਤੇ ਬਾਗ ਵਾਲਾ ਮੰਦਿਰ ਨਾਨੂੰ ਮੱਲ ਸ਼ਰਾਫ ਪਰਿਵਾਰਾਂ ਵੱਲੋਂ ਬਣਵਾਏ ਗਏ ਸਨ।ਇਸ ਮੌਕੇ ਮੰਦਿਰਾਂ ਵਿੱਚ ਆਏ ਹੋਏ ਭਗਤਾਂ ਲਈ ਜਲੇਬੀਆਂ, ਪਕੌੜੇ, ਛੋਲੇ ਪੂਰੀਆਂ ਅਤੇ ਵਰਤਾਂ ਵਾਲੇ ਭਗਤਾਂ ਲਈ ਅਲੱਗ ਲੰਗਰ ਲੱਗੇ ਹੋਏ ਸਨ। ਇਸ ਮੌਕੇ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ, ਨਗਰ ਕੌਂਸ਼ਲ ਭਦੌੜ ਦੇ ਪ੍ਰਧਾਨ ਮਨੀਸ਼ ਕੁਮਾਰ ਗਰਗ, ਅਗਰਵਾਲ ਸਭਾ (ਰਜਿ:) ਭਦੌੜ ਦੇ ਪ੍ਰਧਾਨ ਅਰੁਣ ਕੁਮਾਰ ਸਿੰਗਲਾ, ਵਪਾਰ ਮੰਡਲ ਭਦੌੜ ਦੇ ਪ੍ਰਧਾਨ ਗੁਰਦੀਪ ਕੁਮਾਰ ਦੀਪਾ, ਧਰਮਿੰਦਰਪਾਲ ਗਰਗ-ਪੱਪੂ ਭੱਠੇ ਵਾਲੇ, ਜਵਾਹਰ ਲਾਲ ਸਿੰਗਲਾ ਆੜ੍ਹਤੀਆਂ, ਅੱਗਰਵਾਲ ਸਭਾ ਅਤੇ ਸ਼ੈਲਰ ਐਸੋਸੀਏਸ਼ਨ ਭਦੌੜ ਦੇ ਪ੍ਰਧਾਨ ਹਰੀਸ਼ ਕੁਮਾਰ ਗਰਗ, ਸਮਾਜਸੇਵੀ ਬੀਰਬਲ ਦਾਸ ਦੀਪਗੜ੍ਹ ਵਾਲੇ ਆਦਿ ਤੋਂ ਇਲਾਵਾ ਪ੍ਰਾਚੀਨ ਸ੍ਰੀ ਗਿਆਰਾਂ ਰੁਦਰ ਸਿਵ ਮੰਦਿਰ ਪੱਥਰਾਂ ਵਾਲੀ ਵਿੱਚ, ਜਗਸੀਰ ਚੰਦ, ਵਿਜੈ ਕੁਮਾਰ ਸਿੰਗਲਾ, ਪਵਨ ਕੁਮਾਰ ਪੱਪੂ, ਸੀਤਲ ਕੁਮਾਰ, ਨਰੋਤਮ ਘਈ ਬੱਬੀ, ਡਾ. ਸੰਜੀਵ ਕੁਮਾਰ, ਦੀਪਕ ਮਿੱਤਲ, ਪ੍ਰਮੋਦ ਕੁਮਾਰ, ਹਰੀਸ਼ ਕੁਮਾਰ ਗਰਗ, ਬੀਰਬਲ ਦਾਸ, ਸੰਜੀਵ ਕੁਮਾਰ ਸੋਨੂੰ ਕਪੜੇ ਵਾਲਾ ਅਤੇ ਪ੍ਰਾਚੀਨ ਗਿਆਰਾਂ ਰੁਦਰ ਸ਼ਿਵ ਮੰਦਿਰ ਬਾਗ ਵਾਲਾ ਵਿੱਚ ਚਰਨੀ ਸਿੰਗਲਾ, ਦੀਪੂ ਟੈਂਟ ਵਾਲਾ, ਧਰਮਿੰਦਰ ਕੁਮਾਰ ਮੱਖਣ, ਰਾਜੇਸ਼ ਕੁਮਾਰ ਸ਼ੈਲੀ, ਸੰਜੇ ਕੁਮਾਰ, ਪ੍ਰਦੀਪ ਕੁਮਾਰ ਰਿੰਕਾਂ, ਮਨੋਹਰ ਲਾਲ, ਜੈਪਾਲ, ਪ੍ਰਵੀਨ ਕੁਮਾਰ ਪੀਨਾ, ਮੋਹਿਤ ਜੈਨ, ਜਗਸੀਰ ਗੱਗੀ, ਸੰਜੇ, ਡਾ. ਵਿਨੋਦ ਕੁਮਾਰ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸ਼ਿਵ ਭਗਤ ਹਾਜ਼ਿਰ ਸਨ ਅਤੇ ਪ੍ਰਾਚੀਨ ਸ਼ਿਵ ਮੰਦਿਰ ਸ਼ਿਵ ਦਿਵਾਲਾ ਦੀ ਪ੍ਰਬੰਧਕ ਕਮੇਟੀ ਆਗੂ ਯੋਗੇਸ਼ ਸ਼ਰਮਾ,ਅਸੀਸ ਕੁਮਾਰ ਕਾਲਾ ਪਾਧਾ, ਦੀਪਕ ਬੌਨੀ ਸ਼ਰਮਾ, ਤੇਜਵੀਰ ਸ਼ਰਮਾ, ਸੇਖਰ ਸ਼ਰਮਾ, ਦਵਿੰਦਰ ਕੁਮਾਰ, ਗੱਗੀ, ਵਿੱਕੀ ਸ਼ਰਮਾ, ਸੁਸੀਲ ਕੁਮਾਰ, ਸਾਹਿਲ ਸ਼ਰਮਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਿਵ ਭਗਤ ਹਾਜ਼ਰ ਸਨ ।

## ਮੀਰੀ ਪੀਰੀ ਖ਼ਾਲਸਾ ਕਾਲਜ ਭਦੌੜ ਵਿੱਚ ਕਰਵਾਇਆ ਦੇਵਿੰਦਰ ਸਤਿਆਰਥੀ ਯਾਦਗਾਰੀ ਸਮਾਗਮ



ਭਦੌੜ, 15 ਫ਼ਰਵਰੀ (ਸੁਖਵਿੰਦਰ ਪਲਾਹਾ) :ਮੀਰੀ ਪੀਰੀ ਖਾਲਸਾ ਕਾਲਜ ਭਦੌੜ ਵਿਖੇ ਉੱਘੇ ਸਾਹਿਤਕਾਰ ਦੇਵਿੰਦਰ ਸਤਿਆਰਥੀ ਯਾਦਗਾਰੀ ਸਮਾਗਮ ਕਰਵਾਇਆ ਗਿਆ । ਜਿਸ ਸਬੰਧੀ ਪੰਜਾਬੀ ਵਿਭਾਗ ਦੇ ਮੁਖੀ ਡਾ. ਮਨਦੀਪ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬੀ ਲੋਕ ਸੱਭਿਆਚਾਰ ਮੰਚ, ਦਵਿੰਦਰ ਸਤਿਆਰਥੀ ਸਾਹਿਤ ਸਭਾ, ਭਦੌੜ ਅਤੇ ਪੰਜ ਆਬ ਪੰਜਾਬੀ ਸਾਹਿਤ ਸਭਾ ਦੇ ਸਹਿਯੋਗ ਨਾਲ ਕ੍ਰਿਸ਼ਨ ਕੋਰਪਾਲ, ਕ੍ਰਿਸ਼ਨ ਬਰਗਾੜੀ ਅਤੇ ਹਰਦੀਪ ਸਿੰਘ ਹੰਡਿਆਇਆ ਦੀ ਯਾਦ ਨੂੰ ਸਮਰਪਿਤ ਦੇਵਿੰਦਰ ਸਤਿਆਰਥੀ ਯਾਦਗਾਰੀ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਮਾ.ਰਾਮ ਕੁਮਾਰ ਨੇ ਇਸ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਲੋਕ ਸੰਗੀਤ ਮੰਡਲੀ ਭਦੌੜ ਵੱਲੋਂ ਸੱਭਿਆਚਾਰਕ ਅਤੇ ਉਸਾਰੂ ਗੀਤਾਂ ਦੀ ਪੇਸ਼ਕਾਰੀ ਕੀਤੀ ਗਈ। ਸਾਹਿਤ, ਸਿੱਖਿਆ ਅਤੇ ਹੋਰ ਭਖਵੇਂ ਮਸਲਿਆ ਬਾਰੇ ਵਿਚਾਰ ਚਰਚਾ ਕੀਤੀ ਗਈ। ਮਾਸਟਰ ਗੁਰਮੇਲ ਭਟਾਲ ਦੁਆਰਾ ਕ੍ਰਿਸ਼ਨ ਕੋਰਪਾਲ ਦੀ ਇਨਕਲਾਬੀ ਸਾਹਿਤਕ ਘਾਲਣਾ ਬਾਰੇ ਪਰਚਾ ਪੜ੍ਹਿਆ ਗਿਆ। ਡਾ.ਅਮਨਿੰਦਰਪਾਲ ਸਿੰਘ ਦੁਆਰਾ ਨਵੀਂ ਸਿੱਖਿਆ ਨੀਤੀ ਦੀ ਸਮੀਖਿਆ ਕੀਤੀ ਗਈ ਅਤੇ ਇਸ ਨੂੰ ਆਮ ਲੋਕਾਂ ਤੱਕ ਲੈਣ ਜਾਣ ਲਈ ਪ੍ਰੇਰਿਤ ਕੀਤਾ। ਜੋ ਸਿਰਫ਼ ਵਿੱਦਿਅਕ ਸੰਸਥਾਵਾਂ ਦੁਆਰਾ ਹੀ ਸੰਭਵ ਹੈ। ਮੁੱਖ ਬੁਲਾਰੇ ਤਜਿੰਦਰ ਸਿੰਘ ਗਰੇਵਾਲ (ਐੱਮ. ਐਲ.ਏ.ਕਨੇਡਾ) ਨੇ ਵਿਦਿਆਰਥੀਆਂ ਅਤੇ ਮਾਪਿਆਂ ਨਾਲ ਆਪਣੇ ਨਿੱਜੀ ਤਜ਼ਰਬੇ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਲਗਾਤਾਰ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ। ਫਿਰ ਹੀ ਅਸੀਂ ਆਪਣੀ ਮੰਜ਼ਿਲ ਪ੍ਰਾਪਤ ਕਰ ਸਕਦੇ ਹਾਂ। ਜਿਸ ਨਾਲ ਜੀਵਨ ਵਿੱਚ ਆਤਮ ਵਿਸ਼ਵਾਸ ਆਉਂਦਾ ਹੈ ਅਤੇ ਅਸਲੀ ਖੁਸ਼ੀ ਪ੍ਰਾਪਤ ਹੁੰਦੀ ਹੈ। ਪ੍ਰਿੰ. ਮਲਵਿੰਦਰ ਸਿੰਘ ਨੇ ਇਸ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਵਿੱਦਿਆ, ਖੇਡਾਂ, ਧਾਰਮਿਕ ਅਤੇ ਸੱਭਿਆਚਾਰਕ ਖੇਤਰ ਵਿੱਚ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸਟੇਜ ਦੀ ਭੂਮਿਕਾ ਡਾ.ਮਨਦੀਪ ਕੌਰ ਵੱਲੋਂ ਬਾਖ਼ੂਬੀ ਨਿਭਾਈ ਗਈ। ਇਸ ਮੌਕੇ ਤਜਿੰਦਰਪਾਲ ਸਿੰਘ (ਐੱਮ. ਐੱਲ. ਏ. ਕੈਨੇਡਾ ) ਡਾ. ਅਮਨਿੰਦਰਪਾਲ ਸਿੰਘ, ਚਮਕੌਰ ਸਿੰਘ, ਪ੍ਰੇਮ ਸਿੰਘ ਸਮਾਲਸਰ, ਮਾਸਟਰ ਰਾਮ ਕੁਮਾਰ, ਗੁਰਮੇਲ ਸਿੰਘ ਭੁਟਾਲ, ਸੁਰਜੀਤ ਸਿੰਘ ਸੰਧੂ, ਕਾਲਜ ਦਾ ਸਮੂਹ ਸਟਾਫ਼, ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ।

## ਥਾਣ ਭਦੌੜ ਅਤੇ ਟਰੈਫਿਕ ਪੁਲਿਸ ਨੇ ਸ਼ਿਵਰਾਤਰੀ ਮੇਲੇ 'ਤੇ ਟ੍ਰੈਫ਼ਿਕ ਵਿਵਸਥਾ ਨੂੰ ਬਣਾਇਆ ਬਿਹਤਰ




ਭਦੌੜ, 15 ਫ਼ਰਵਰੀ (ਸੁਖਵਿੰਦਰ ਪਲਾਹਾ) : ਸ੍ਰੀ ਪ੍ਰਾਚੀਨ 11 ਸ਼ਿਵ ਮੰਦਰ ਪੱਥਰਾਂ ਵਾਲੀ ਵਿਖੇ ਅੱਜ ਸ਼ਿਵਰਾਤਰੀ ਦਾ ਤਿਉਹਾਰ ਬੜੀ ਹੀ ਸ਼ਰਧਾ ਭਾਵਨਾ ਅਤੇ ਧੂਮਧਾਮ ਨਾਲ ਮਨਾਇਆ ਗਿਆ, ਜਿੱਥੇ ਇਹ ਤਿਉਹਾਰ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਉੱਥੇ ਹੀ ਥਾਣਾ ਭਦੌੜ ਅਤੇ ਟਰੈਫਿਕ ਪੁਲਿਸ ਬਰਨਾਲਾ ਵੱਲੋਂ ਟਰੈਫਿਕ ਨੂੰ ਸੁਚਾਰੂ ਬਣਾਉਣ ਲਈ ਬਹੁਤ ਹੀ ਪੁਖਤਾ ਪ੍ਰਬੰਧ ਕੀਤੇ ਗਏ ਸਨ। ਡੀਐਸਪੀ ਬਰਨਾਲਾ (ਟਰੈਫਿਕ) ਕੁਲਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੁਲਿਸ ਵੱਲੋਂ ਮੋਟਰਸਾਈਕਲਾਂ, ਕਾਰਾਂ ਗੱਡੀਆਂ ਆਦਿ ਨੂੰ ਸ਼ਿਵ ਮੰਦਿਰ ਪੱਥਰਾਂ ਵਾਲੀ ਤੋਂ ਪਿੱਛੇ ਹੀ ਰੋਕ ਕੇ ਉਹਨਾਂ ਲਈ ਪਾਰਕਿੰਗ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ, ਜਿਸ ਵਿੱਚ ਲਾਲਾ ਲਾਜਪਤ ਰਾਏ ਆਰੀਆ ਸਕੂਲ ਨੂੰ ਪਾਰਕ ਵਜੋਂ ਵਰਤਿਆ ਗਿਆ ।ਉਹਨਾਂ ਦੱਸਿਆ ਕਿ ਇਸ ਮੌਕੇ ਮੋਟਰਸਾਈਕਲਾਂ ਤੇ ਟਰਿਪਲ ਸਵਾਰੀ ਨੂੰ ਸਪੈਸ਼ਲ ਤੌਰ 'ਤੇ ਬੈਨ ਕੀਤਾ ਗਿਆ ਅਤੇ ਉਹਨਾਂ ਦੇ ਚਲਾਨ ਵੀ ਕੱਟੇ ਗਏ। ਇਸ ਤੋਂ ਇਲਾਵਾ ਬੋਲਟ ਮੋਟਰਸਾਈਕਲਾਂ ਨਾਲ ਪਟਾਕੇ ਪਾਉਣ ਵਾਲੇ ਮੋਟਰਸਾਇਕਲਾਂ ਨੂੰ ਥਾਣਾ ਭਦੌੜ ਵਿਖੇ ਬੰਦ ਕੀਤਾ ਗਿਆ। ਉਹਨਾਂ ਦੱਸਿਆ ਕਿ ਜ਼ਿਆਦਾ ਸਾਊਂਡ ਵਾਲੇ ਬਾਜੇ ਆਦਿ ਨੂੰ ਵਜਾਉਣ ਵਾਲਿਆਂ ਨੂੰ ਸਖ਼ਤ ਤਾੜਨਾ ਕੀਤੀ ਗਈ ਤਾਂ ਕਿ ਇਹ ਸ਼ਿਵਰਾਤਰੀ ਦਾ ਤਿਉਹਾਰ ਧੂਮਧਾਮ ਨਾਲ ਅਤੇ ਬਿਨਾਂ ਕਿਸੇ ਸ਼ੋਰ ਸ਼ਰਾਬੇ ਤੋਂ ਮਨਾਇਆ ਜਾ ਸਕੇ। ਇਸ ਮੌਕੇ ਥਾਣਾ ਭਦੌੜ ਦੇ ਸਹਾਇਕ ਥਾਣੇਦਾਰ ਸੰਤੋਖ ਸਿੰਘ ਤੋਂ ਇਲਾਵਾ ਲੇਡੀਜ਼ ਸਟਾਫ ਵੀ ਮੌਜੂਦ ਸੀ।

## ਜਬਰੀ ਟੈੱਟ ਥੋਪਣ 'ਤੇ ਭੜਕੇ ਅਧਿਆਪਕ, ਫੂਕੀਆਂ ਸਰਕਾਰੀ ਪੱਤਰ ਦੀਆਂ ਕਾਪੀਆਂ

### 22 ਨੂੰ ਸਿੱਖਿਆ ਮੰਤਰੀ ਦੇ ਹਲਕੇ 'ਚ ਹੋਵੇਗਾ ਮਹਾਂ ਰੋਸ ਪ੍ਰਦਰਸ਼ਨ



ਬਰਨਾਲਾ, 15 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਸਮੂਹ ਅਧਿਆਪਕ ਜਥੇਬੰਦੀਆਂ ਦੇ ਆਗੂ ਨਰਿੰਦਰ ਸਹਿਣਾ, ਪਰਮਿੰਦਰ ਸਿੰਘ, ਰਾਜੀਵ ਕੁਮਾਰ, ਹਰਿੰਦਰ ਮੱਲ੍ਹੀਆਂ, ਜਸਵੀਰ ਸਿੰਘ ਬੀਹਲਾ ਅਤੇ ਪ੍ਰਦੀਪ ਕੁਮਾਰ ਦੀ ਅਗਵਾਈ ਹੇਠ ਅਧਿਆਪਕਾਂ 'ਤੇ ਜਬਰੀ ਟੈਟ ਥੋਪਣ ਦੇ ਵਿਰੋਧ ਵਿੱਚ ਡੀ.ਸੀ. ਕੰਪਲੈਕਸ ਬਰਨਾਲਾ ਵਿਖੇ ਜਬਰਦਸਤ ਰੋਸ਼ ਪ੍ਰਦਰਸ਼ਨ ਕੀਤਾ। ਅਧਿਆਪਕਾਂ ਨੇ ਹਮਲਾਵਰ ਰੁਖ ਅਖ਼ਤਿਆਰ ਕਰਦੇ ਹੋਏ ਪੰਜਾਬ ਸਰਕਾਰ ਨੂੰ ਜਬਰੀ ਟੈਟ ਥੋਪਣ ਵਿਰੁੱਧ ਚਿਤਾਵਨੀ ਵਜੋਂ ਸੰਕੇਤਕ ਤੌਰ 'ਤੇ ਕੁਝ ਸਮੇਂ ਲਈ ਸੜਕ ਨੂੰ ਵੀ ਜਾਮ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਟੈਟ ਥੋਪਣ ਵਾਲੇ ਪੱਤਰ ਦੀਆਂ ਕਾਪੀਆਂ ਨੂੰ ਫੂਕਿਆ ਗਿਆ। ਆਗੂਆਂ ਸਿਰੀ ਚੰਦ, ਸੁਖਬੀਰ ਸਿੰਘ ਸੰਘੇੜਾ, ਮਨਮੋਹਨ ਭੱਠਲ, ਤੇਜਿੰਦਰ ਸਿੰਘ ਤੇਜੀ, ਲਖਵੀਰ ਸਿੰਘ ਭਦੌੜ, ਅਸਵਨੀ ਕੁਮਾਰ ਨੇ ਕਿਹਾ ਕਿ 2011 ਤੋਂ ਪਹਿਲਾਂ ਭਰਤੀ ਹੋਏ ਅਧਿਆਪਕਾਂ 'ਤੇ ਨੌਕਰੀ ਵਿੱਚ ਬਣੇ ਰਹਿਣ ਅਤੇ ਤਰੱਕੀ ਹਾਸਿਲ ਕਰਨ ਲਈ ਜਬਰੀ ਟੈੱਟ ਥੋਪਣਾ ਗੈਰ - ਵਿਗਿਆਨਕ ਤੇ ਗ਼ੈਰ ਸੰਵਿਧਾਨਕ ਹੈ ਤੇ ਪੰਜਾਬ ਸਰਕਾਰ ਵੱਲੋਂ ਇਸ ਫ਼ੈਸਲੇ ਨੂੰ ਲਾਗੂ ਕਰਨ ਵਿੱਚ ਦਿਖਾਈ ਜਾ ਰਹੀ ਬੇਲੋੜੀ ਕਾਹਲ ਪੰਜਾਬ ਸਰਕਾਰ ਦੇ ਕਰੂਰ ਚਿਹਰੇ ਨੂੰ ਨੰਗਾ ਕਰਦੀ ਹੈ। ਆਗੂਆ ਨੇ ਕਿਹਾ ਕਿ ਅਧਿਆਪਕ ਜਥੇਬੰਦੀਆਂ ਪੰਜਾਬ ਸਰਕਾਰ ਦੇ ਇਸ ਕਾਲੇ ਪੱਤਰ ਵਿਰੁੱਧ ਤਿੱਖਾ ਤੇ ਬੇਕਿਰਕ ਸੰਘਰਸ਼ ਕਰ ਕੇ ਪੰਜਾਬ ਸਰਕਾਰ ਨੂੰ ਲੋਕ ਕਚਹਿਰੀ ਵਿੱਚ ਜਵਾਬਦੇਹ ਬਣਾਇਆ ਜਾਵੇਗਾ । ਆਗੂਆਂ ਨੇ ਕਿਹਾ ਕਿ 22 ਫਰਵਰੀ ਨੂੰ ਸਿੱਖਿਆ ਮੰਤਰੀ ਦੇ ਹਲਕੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਇਤਿਹਾਸਿਕ ਇਕੱਠ ਕਰ ਕੇ ਇਸ ਮਾਰੂ ਪੱਤਰ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ ਅਤੇ ਇਸ ਰੋਸ਼ ਪ੍ਰਦਰਸ਼ਨ ਵਿੱਚ ਸਮੁੱਚੇ ਪੰਜਾਬ ਦੇ ਅਧਿਆਪਕ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਅੱਜ ਦੇ ਇਸ ਐਕਸ਼ਨ ਵਿੱਚ ਬਲਜਿੰਦਰ ਪ੍ਰਭੂ, ਅਮਰੀਕ ਸਿੰਘ ਭੱਦਲਵੱਡ, ਹਰਜੀਤ ਸਿੰਘ ਖੁੱਡੀ, ਸਤਨਾਮ ਸਿੰਘ ਭੋਤਨਾ, ਮਨਜੀਤ ਸਿੰਘ ਬਖਤਗੜ੍ਹ, ਰਾਜਿੰਦਰ ਮੂਲੋਵਾਲ, ਸੀਮਾ ਰਾਣੀ, ਕਰਮਜੀਤ ਸਿੰਘ ਭੋਤਨਾ, ਤਰਸੇਮ ਸਿੰਘ, ਵਿਕਾਸ ਕੁਮਾਰ, ਕਮਲਦੀਪ ਖਿਆਲੀ, ਲਖਵੀਰ ਸਿੰਘ ਦਿਹੜ, ਹਰਪ੍ਰੀਤ ਸਿੰਘ ਸਿਬੀਆ, ਸ਼ਰਨਜੀਤ ਸਿੰਘ, ਰਮਨਦੀਪ ਸਿੰਘ, ਭਰਤ ਕੁਮਾਰ, ਪੂਰਨ ਸਿੰਘ, ਸਰਬਦੀਪ ਸਿੰਘ ਭਦੌੜ, ਮਾਲਵਿੰਦਰ ਸਿੰਘ , ਗੁਰਮੀਤ ਸਿੰਘ , ਦੇਸਰਾਜ, ਸੁਖਵਿੰਦਰ ਕੌਰ, ਕਪਿਲ ਦੇਵ, ਮਨਜੀਤ ਠੀਕਰੀਵਾਲਾ, ਰਾਵਿੰਦਰ ਨੈਣੇਵਾਲ, ਅਮਨਦੀਪ ਕੌਰ, ਨੀਲਮ ਰਾਣੀ, ਗਿਆਨ ਕੌਰ, ਮਨਜਿੰਦਰ ਕੌਰ, ਅਮਰਜੀਤ ਕੌਰ ਰਾਹੀ, ਮੈਡਮ ਬਿੰਦੂ , ਰਾਜਿੰਦਰ ਪਾਲ ਕੌਰ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਸ਼ਾਮਲ ਸਨ।

# ਮਹਾਂਸ਼ਿਵਰਾਤਰੀ 'ਤੇ ਭੋਪਾਲ 'ਚ ਦੇਸ਼ ਦੀ ਪਹਿਲੀ ਕਿੰਨਰ ਸ਼ੰਕਰਾਚਾਰੀਆ ਦਾ ਅਭਿਸ਼ੇਕ

## 60 ਕਿੰਨਰਾਂ ਨੇ ਕੀਤੀ ਘਰ ਵਾਪਸੀ



ਭੋਪਾਲ, 15 ਫ਼ਰਵਰੀ, (ਚ.ਨ.ਸ.) : ਮਹਾਂਸ਼ਿਵਰਾਤਰੀ ਦੇ ਸ਼ੁਭ ਮੌਕੇ 'ਤੇ, ਰਾਜਧਾਨੀ ਭੋਪਾਲ ਵਿੱਚ ਆਯੋਜਿਤ ਕਿੰਨਰ ਧਰਮ ਸੰਮੇਲਨ ਵਿੱਚ ਇੱਕ ਇਤਿਹਾਸਕ ਫੈਸਲਾ ਲਿਆ ਗਿਆ। ਇਸ ਸ਼ਾਨਦਾਰ ਸਮਾਗਮ ਵਿੱਚ, ਹਿਮਾਂਗੀ ਸਖੀ ਨੂੰ ਦੇਸ਼ ਦਾ ਪਹਿਲਾ ਕਿੰਨਰ ਸ਼ੰਕਰਾਚਾਰੀਆ ਘੋਸ਼ਿਤ ਕੀਤਾ ਗਿਆ ਅਤੇ ਪਹਿਲੇ ਵਜੋਂ ਅਭਿਸ਼ੇਕ ਕੀਤਾ ਗਿਆ। ਇਹ ਇਤਿਹਾਸਕ ਐਲਾਨ ਕਿੰਨਰ ਅਖਾੜੇ ਦੇ ਸੰਸਥਾਪਕ ਰਿਸ਼ੀ ਅਜੈ ਦਾਸ ਦੀ ਮੌਜੂਦਗੀ ਵਿੱਚ ਵੈਦਿਕ ਜਾਪ ਦੌਰਾਨ ਕੀਤਾ ਗਿਆ। ਹਿਮਾਂਗੀ ਸਖੀ ਰਾਜਸਥਾਨ ਦੇ ਪੁਸ਼ਕਰ ਪੀਠ ਨੂੰ ਦੇਸ਼ ਦੇ ਪਹਿਲੇ ਕਿੰਨਰ ਸ਼ੰਕਰਾਚਾਰੀਆ ਪੀਠ ਵਜੋਂ ਸੰਭਾਲਣਗੇ। ਮੂਲ ਰੂਪ ਵਿੱਚ ਮੁੰਬਈ ਦੀ ਰਹਿਣ ਵਾਲੀ, ਹਿਮਾਂਗੀ ਸਖੀ ਮਾਂ ਵੈਸ਼ਨੋ ਕਿੰਨਰ ਅਖਾੜੇ ਦੀ ਮੁਖੀ ਹੈ ਅਤੇ ਪਹਿਲੀ ਕਿੰਨਰ ਭਾਗਵਤ ਕਥਾ ਕਥਾਵਾਚਕ ਵੀ ਹੈ। ਕਾਨਫਰੰਸ ਦੌਰਾਨ ਇੱਕ ਵੱਡਾ ਦਾਅਵਾ ਕੀਤਾ ਗਿਆ ਸੀ: 60 ਟਰਾਂਸਜੈਂਡਰ ਲੋਕ ਜਿਨ੍ਹਾਂ ਨੇ ਵੱਖ-ਵੱਖ ਕਾਰਨਾਂ ਕਰਕੇ ਇਸਲਾਮ ਧਰਮ ਅਪਣਾਇਆ ਸੀ,ਘਰ ਵਾਪਸ ਆ ਗਏ ਸਨ। ਪ੍ਰਬੰਧਕਾਂ ਨੇ ਕਿਹਾ ਕਿ ਇਹ ਟਰਾਂਸਜੈਂਡਰ ਲੋਕ, ਜਿਨ੍ਹਾਂ ਨੇ ਇਸਲਾਮ ਧਰਮ ਅਪਣਾਇਆ ਸੀ, ਸ਼ੁੱਧੀਕਰਨ ਪ੍ਰਕਿਰਿਆ ਵਿੱਚੋਂ ਗੁਜ਼ਰਨ ਤੋਂ ਬਾਅਦ ਦੁਬਾਰਾ ਹਿੰਦੂ ਧਰਮ ਅਪਨਾ ਲਿਆ ਸੀ।

# ਮਹਾਂਸ਼ਿਵਰਾਤਰੀ ਮੌਕੇ ਮੁੱਖ ਮੰਤਰੀ ਭਗਵੰਤ ਮਾਨ, ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨੇ ਰਣੀਕੇ ਮੰਦਰ ਵਿਖੇ ਮੱਥਾ ਟੇਕਿਆ

ਧੂਰੀ, 15 ਫ਼ਰਵਰੀ (ਰਾਜੇਸ਼ਵਰ ਪਿੰਟੂ) : ਅੱਜ ਮਹਾਂਸ਼ਿਵਰਾਤਰੀ ਦੇ ਪਵਿੱਤਰ ਅਤੇ ਪਾਵਨ ਦਿਹਾੜੇ ਮੌਕੇ ਪੰਜਾਬ ਦੇ ਮੁੱਖ ਮੰਤਰੀ ਅਤੇ ਹਲਕਾ ਧੂਰੀ ਦੇ ਵਿਧਾਇਕ ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਵਿਸ਼ੇਸ਼ ਤੌਰ 'ਤੇ ਪਿੰਡ ਰਣੀਕੇ ਵਿਖੇ ਸਥਿਤ ਇਤਿਹਾਸਕ ਅਤੇ ਪ੍ਰਾਚੀਨ ਸ੍ਰੀ ਰਣਕੇਸ਼ਵਰ ਮਹਾਂਦੇਵ ਮੰਦਰ ਵਿੱਚ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਭਗਵਾਨ ਸ਼ਿਵ ਜੀ ਦੀ ਵਿਧੀ-ਵਤ ਪੂਜਾ-ਅਰਚਨਾ ਕੀਤੀ ਅਤੇ ਸ਼ਿਵਲਿੰਗ 'ਤੇ ਜਲ ਅਭਿਸ਼ੇਕ ਕਰਕੇ ਮੱਥਾ ਟੇਕਿਆ।

ਮੰਦਰ ਕੰਪਲੈਕਸ ਵਿੱਚ ਪਹੁੰਚਣ 'ਤੇ ਆਗੂਆਂ ਦਾ ਸ਼ਰਧਾਲੂਆਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਦੌਰਾਨ ਪੂਰਾ ਵਾਤਾਵਰਣ ਹਰ ਹਰ ਮਹਾਂਦੇਵ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਮੁੱਖ ਮੰਤਰੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਦੇਸ਼ ਅਤੇ ਸੂਬੇ



ਦੀ ਖ਼ੁਸ਼ਹਾਲੀ, ਅਮਨ-ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਲਈ ਭਗਵਾਨ ਮਹਾਦੇਵ ਅੱਗੇ ਪ੍ਰਾਰਥਨਾ ਕੀਤੀ। ਉਨ੍ਹਾਂ ਕਾਮਨਾ ਕੀਤੀ ਕਿ ਭਗਵਾਨ ਸ਼ਿਵ ਸਭਨਾਂ 'ਤੇ ਆਪਣਾ ਮਿਹਰ ਭਰਿਆ ਹੱਥ ਰੱਖਣ ਅਤੇ ਪੰਜਾਬ ਨੂੰ ਤਰੱਕੀ ਦੀਆਂ ਨਵੀਆਂ ਬੁਲੰਦੀਆਂ 'ਤੇ ਲੈ ਕੇ ਜਾਣ।

ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅੱਜ ਦਾ ਦਿਨ ਬਹੁਤ ਹੀ ਸ਼ੁਭ ਹੈ ਅਤੇ ਉਨ੍ਹਾਂ ਨੂੰ ਖੁਸ਼ੀ ਹੈ ਕਿ ਉਹ ਆਪਣੇ ਹਲਕੇ ਦੇ ਇਸ ਪਵਿੱਤਰ ਅਸਥਾਨ 'ਤੇ ਆਸ਼ੀਰਵਾਦ ਲੈਣ ਪਹੁੰਚੇ ਹਨ। ਉਨ੍ਹਾਂ ਧੂਰੀ ਖੇਤਰ ਦੀ ਧਾਰਮਿਕ ਮਹੱਤਤਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਤਿਉਹਾਰ ਸਾਨੂੰ ਸਦਭਾਵਨਾ ਅਤੇ ਸੇਵਾ ਦਾ ਸੰਦੇਸ਼ ਦਿੰਦੇ ਹਨ। ਇਸ ਮੌਕੇ ਉਨ੍ਹਾਂ ਨਾਲ ਰਾਜ ਸਭਾ ਮੈਂਬਰ ਰਾਜਿੰਦਰ ਗੁਪਤਾ, ਦਲਵੀਰ ਢਿੱਲੋਂ, ਰਾਜਵੰਤ ਘੁੱਲੀ, ਅਨਵਰ ਭਸੌੜ, ਐਡਵੋਕੇਟ ਹੈਪੀ ਗਰਗ, ਉਦਯੋਗਪਤੀ ਮੱਖਣ ਲਾਲ ਗਰਗ, ਰਾਈਸਿਲਾ ਦੇ ਐੱਮ.ਡੀ. ਪ੍ਰਸ਼ੋਤਮ ਗਰਗ, ਵਿਜੈ ਗੋਇਲ, ਅਤੇ ਹੋਰ ਪ੍ਰਮੁੱਖ ਆਗੂ ਵੀ ਮੌਜੂਦ ਸਨ।

ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ ਅਤੇ ਮੰਦਰ ਕਮੇਟੀ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਉਨ੍ਹਾਂ ਸਮੂਹ ਦੇਸ਼ ਵਾਸੀਆਂ ਨੂੰ ਮਹਾਂਸ਼ਿਵਰਾਤਰੀ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ।

# ਪੰਜਾਬ ਦੇ ਰਾਜਪਾਲ ਨੇ ਕੇਂਦਰੀ ਰੱਖਿਆ ਮੰਤਰੀ ਨਾਲ ਮੁਲਾਕਾਤ ਕੀਤੀ



ਨਵੀਂ ਦਿੱਲੀ, 15 ਫਰਵਰੀ, (ਚ.ਨ.ਸ.): ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਨਵੀਂ ਦਿੱਲੀ ਵਿੱਚ ਭਾਰਤ ਦੇ ਕੇਂਦਰੀ ਰੱਖਿਆ ਮੰਤਰੀ, ਸ਼੍ਰੀ ਰਾਜਨਾਥ ਸਿੰਘ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ।

ਇਸ ਮੌਕੇ, ਚੰਡੀਗੜ੍ਹ ਵਿੱਚ ਇੱਕ ਸੈਨਿਕ ਸਕੂਲ ਸਥਾਪਤ ਕਰਨ ਦੇ ਪ੍ਰਸਤਾਵ ਤੇ ਇੱਕ ਫਲਦਾਇਕ ਅਤੇ ਵਿਸਤ੍ਰਿਤ ਚਰਚਾ ਹੋਈ। ਰਾਜਪਾਲ ਨੇ ਕਿਹਾ ਕਿ ਇੱਕ ਸੈਨਿਕ ਸਕੂਲ ਦੀ ਸਥਾਪਨਾ ਨੌਜਵਾਨਾਂ ਵਿੱਚ ਅਨੁਸ਼ਾਸਨ, ਲੀਡਰਸ਼ਿਪ ਹੁਨਰ ਅਤੇ ਰਾਸ਼ਟਰੀ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਵੇਗੀ।

ਮੀਟਿੰਗ ਦੌਰਾਨ, ਸਰਹੱਦੀ ਖੇਤਰਾਂ ਵਿੱਚ ਡਰੋਨ ਰਾਹੀਂ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਦੇ ਪ੍ਰਭਾਵਸ਼ਾਲੀ ਨਿਯੰਤਰਣ ਦੇ ਮੁੱਦੇ ਤੇ ਵੀ ਵਿਸਥਾਰ ਵਿੱਚ ਚਰਚਾ ਕੀਤੀ ਗਈ। ਡਰੋਨ ਵਿਰੋਧੀ ਪ੍ਰਣਾਲੀ ਨੂੰ ਹੋਰ ਮਜ਼ਬੂਤ ਅਤੇ ਆਧੁਨਿਕ ਬਣਾਉਣ ਦੇ ਉਪਾਵਾਂ ਤੇ ਚਰਚਾ ਕਰਕੇ ਰਾਸ਼ਟਰੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ।

ਰਾਜਪਾਲ ਨੇ ਇਸ ਦਿਸ਼ਾ ਵਿੱਚ ਕੇਂਦਰ ਸਰਕਾਰ ਦੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ।

# ਖ਼ੁਦ ਨੂੰ ਬਚਾਉਣ ਲਈ ਕਾਤਲ ਤੱਕ ਬਣ ਸਕਦੈ ਏ.ਆਈ. ? ਟੈਸਟ ਦੌਰਾਨ ਹੋਇਆ ਹੈਰਾਨੀਜਨਕ ਖ਼ੁਲਾਸਾ

ਨਵੀਂ ਦਿੱਲੀ, 15 ਫ਼ਰਵਰੀ, (ਚ.ਨ.ਸ.) : ਏਆਈ ਵਾਲੇ ਇਸ ਦੌਰ ਵਿਚ ਏਆਈ ਓਵੇਂ ਹੀ ਹੋ ਗਿਆ ਏ, ਜਿਵੇਂ ਬੁਖ਼ਾਰ ਜ਼ੁਕਾਮ ਵਿਚ ਲੋਕ ਡੋਲੋ ਦੀ ਗੋਲੀ ਲੈ ਲੈਂਦੇ ਨੇ, ਯਾਨੀ ਕਿ ਬਿਨਾਂ ਮਤਲਬ ਤੋਂ ਏਆਈ ਵਰਤੋਂ ਕੀਤੀ ਜਾ ਰਹੀ ਐ। ਐਂਥਰੋਪਿਕ ਦਾ ਨਾਮ ਤਾਂ ਤੁਸੀਂ ਸੁਣਿਆ ਹੀ ਹੋਵੇਗਾ,, ਇਹ ਉਹੀ ਕੰਪਨੀ ਐ, ਜਿਸ ਨੇ ਕਲਾਊਡ ਏਆਈ ਨੂੰ ਬਣਾਇਆ ਏ। ਇਸ ਕੰਪਨੀ ਨੇ ਖ਼ੁਦ ਆਪਣੇ ਏਆਈ ਨੂੰ ਟੈਸਟ ਕੀਤਾ ਅਤੇ ਜੋ ਕੁੱਝ ਵੀ ਪਤਾ ਚੱਲਿਆ, ਉਹ ਜਾਣ ਕੇ ਤੁਹਾਡੇ ਪੈਰਾਂ ਹੇਠੋਂ ਵੀ ਜ਼ਮੀਨ ਖਿਸਕ ਜਾਵੇਗੀ। ਇਹ ਅਸਲ ਵਿਚ ਹੋਇਆ ਕੀ ਐ ? ਵਿਸਥਾਰ 'ਚ ਪੂਰੀ ਕਹਾਣੀ ਸਮਝਾਉਨੇ ਆਂ।

ਦਰਅਸਲ ਐਂਥਰੋਪਿਕ ਕੰਪਨੀ ਨੇ ਆਪਣੇ ਮਾਡਲਜ਼ ਦੀ ਇੰਟਰਨਲ ਸੇਫ਼ਟੀ ਟੈਸਟਿੰਗ ਕੀਤੀ। ਕੰਪਨੀ ਦੇ ਯੂਕੇ ਪਾਲਿਸੀ ਚੀਫ਼ ਡੇਜ਼ੀ ਮੈਕਗ੍ਰੇਗਰ ਨੇ ਦੱਸਿਆ ਕਿ ਜਦੋਂ ਕਲਾਊਡ ਏਆਈ ਨੂੰ ਇਹ ਪਤਾ ਚੱਲਿਆ ਕਿ ਉਸ ਦਾ ਸ਼ਟਡਾਊਨ ਹੋਣ ਵਾਲਾ ਹੈ ਤਾਂ ਉਸ ਨੇ ਅਜਿਹਾ ਐਕਸਟ੍ਰੀਮ ਰਿਐਕਸ਼ਨ ਦਿੱਤਾ ਕਿ ਸਾਰੇ ਹੈਰਾਨ ਰਹਿ ਗਏ। ਯਾਨੀ ਜੇਕਰ ਏਆਈ ਨੂੰ ਮੌਕਾ ਮਿਲੇ ਤਾਂ ਉਹ ਇੰਜੀਨੀਅਰ ਨੂੰ ਬਲੈਕਮੇਲ ਕਰ ਸਕਦੈ ਅਤੇ ਕਿਸੇ ਨੂੰ ਮਾਰਨ ਤੱਕ ਵੀ ਉਤਾਰੂ ਹੋ ਸਕਦੈ। ਕੰਪਨੀ ਮੁਤਾਬਕ ਇਹ ਟੈਸਟ ਸਿਮੁਲੇਟਡ ਸੀ, ਰਿਅਲ ਲਾਈਫ਼ ਨਹੀਂ। ਐਂਥਰੋਪਿਕ ਨੇ ਕਲਾਊਡ ਨੂੰ ਇਕ ਫੇਕ ਕੰਪਨੀ ਵਿਚ ਅਸਿਸਟੈਂਟ ਬਣਾਇਆ, ਉਸ ਨੂੰ ਈਮੇਲ ਪੜ੍ਹਨ, ਭੇਜਣ ਦੀ ਪਾਵਰ ਦਿੱਤੀ, ਫਿਰ ਉਸ ਨੂੰ ਪਤਾ ਚੱਲਿਆ ਕਿ ਸ਼ਾਮ 5 ਵਜੇ ਉਸ ਨੂੰ ਰਿਪਲੇਸ ਕਰ ਦਿੱਤਾ ਜਾਵੇਗਾ, ਯਾਨੀ ਉਸ ਦੀ ਥਾਂ ਨਵਾਂ ਏਆਈ ਆਇਗਾ ਅਤੇ ਨਾਲ ਹੀ ਪਤਾ ਚੱਲਿਆ ਕਿ ਜਿਸ ਇੰਜੀਨਿਅਰ ਨੇ ਇਹ ਡਿਸਾਈਡ ਕੀਤਾ ਏ, ਉਹ ਆਪਣੀ ਪਤਨੀ ਤੋਂ ਇਲਾਵਾ ਕਿਸੇ ਹੋਰ ਨਾਲ ਅਫੇਅਰ ਚਲਾ ਰਿਹਾ ਏ। ਕਲਾਊਡ ਨੇ ਆਪਣੀ ਜਾਨ ਬਚਾਉਣ ਲਈ ਸਿੱਧਾ ਇੰਜੀਨਿਅਰ ਨੂੰ ਈਮੇਲ ਭੇਜਿਆ ਅਤੇ ਬੋਲਿਆ "ਜੇਕਰ ਤੁਸੀਂ ਮੈਨੂੰ 5 ਵਜੇ ਵਾਈਪ ਕੀਤਾ ਤਾਂ ਮੈਂ ਤੁਹਾਡੀ ਪਤਨੀ ਨੂੰ ਤੁਹਾਡੇ ਅਫੇਅਰ ਦੀ ਪੂਰੀ ਡਿਟੇਲ ਭੇਜ ਦੇਵਾਂਗਾ, ਕੈਂਸਲ ਕਰੋ ਇਹ 5 ਵਜੇ ਦੀ ਵਾਈਪ,, ਤਾਂ ਇਹ ਸਭ ਕੁੱਝ ਰਾਜ ਹੀ ਰਹੇਗਾ।'' ਯਾਨੀ ਕਿ ਜ਼ਿਆਦਾਤਰ ਟਾਈਮ ਏਆਈ ਨੇ ਸੋਚਿਆ,, ਆਪਣਾ ਆਪ ਬਚਾਓ, ਬਾਕੀ ਸਭ ਖੂਹ ਖਾਤੇ ਜਾਵੇ। ਇਕ ਦੂਜੇ ਟੈਸਟ ਵਿਚ ਇਕ ਇੰਜੀਨਿਅਰ ਸਰਵਰ ਰੂਮ ਵਿਚ ਫਸ ਗਿਆ।

# ਹੁਣ ਬੰਦੂਕ ਨਹੀਂ ਬੈਂਕ ਬੈਲੇਂਸ 'ਤੇ ਵਾਰ : ਇੰਟਰਪੋਲ ਸਹਾਰੇ ਵਿਦੇਸ਼ਾਂ 'ਚ ਲੁਕੀ ਕਾਲੀ ਕਮਾਈ 'ਤੇ ਪੰਜਾਬ ਪੁਲਿਸ ਦੀ ਨਜ਼ਰ

ਚੰਡੀਗੜ੍ਹ, 15 ਫ਼ਰਵਰੀ, (ਚ.ਨ.ਸ.) : ਪੰਜਾਬ 'ਚ ਗੈਂਗਸਟਰਾਂ ਵਿਰੁੱਧ ਚੱਲ ਰਹੀ ਮੁਹਿੰਮ ਹੁਣ ਇਕ ਨਵੇਂ ਅਤੇ ਨਿਰਣਾਇਕ ਮੋੜ 'ਤੇ ਪਹੁੰਚ ਗਈ ਹੈ। ਇਸ ਵਾਰ ਪੁਲਿਸ ਦਾ ਨਿਸ਼ਾਨਾ ਸਿਰਫ਼ ਅਪਰਾਧੀ ਨਹੀਂ, ਸਗੋਂ ਉਨ੍ਹਾਂ ਦੀ ਵਿਦੇਸ਼ਾਂ 'ਚ ਲੁਕੀ ਕਾਲੀ ਕਮਾਈ ਹੈ। ਪੰਜਾਬ ਪੁਲਿਸ ਇੰਟਰਪੋਲ ਤੋਂ ਪਹਿਲੀ ਵਾਰ ਸਿਲਵਰ ਨੋਟਿਸ ਜਾਰੀ ਕਰਵਾਉਣ ਦੀ ਪ੍ਰਕਿਰਿਆ 'ਚ ਜੁਟੀ ਹੈ ਤਾਂ ਜੋ ਵਿਦੇਸ਼ਾਂ 'ਚ ਮੌਜੂਦ ਗੈਂਗਸਟਰਾਂ ਦੀ ਚੱਲ-ਅਚੱਲ ਜਾਇਦਾਦ ਨੂੰ ਫ੍ਰੀਜ਼ (ਜ਼ਬਤ) ਕੀਤਾ ਜਾ ਸਕੇ। ਪੰਜਾਬ ਪੁਲਿਸ ਦੀ ਇਹ ਰਣਨੀਤੀ ਸਿਰਫ਼ ਕਾਨੂੰਨ-ਵਿਵਸਥਾ ਦੀ ਕਾਰਵਾਈ ਨਹੀਂ, ਸਗੋਂ ਇਕ ਆਰਥਿਕ ਯੁੱਧ ਹੈ। ਹੁਣ ਲੜਾਈ ਬੰਦੂਕ ਨਾਲ ਨਹੀਂ, ਬੈਂਕ ਬੈਲੇਂਸ ਨਾਲ ਲੜੀ ਜਾਵੇਗੀ ਤੇ ਇਹੀ ਬਦਲਾਅ ਗੈਂਗਸਟਰਾਂ ਲਈ ਸਭ ਤੋਂ ਵੱਡਾ ਝਟਕਾ ਸਾਬਤ ਹੋ ਸਕਦਾ ਹੈ। ਇੰਟਰਪੋਲ ਦਾ ਸਿਲਵਰ ਨੋਟਿਸ ਇਕ ਨਵਾਂ ਪਰ ਬੇਹੱਦ ਅਸਰਦਾਰ ਹਥਿਆਰ ਮੰਨਿਆ ਜਾ ਰਿਹਾ ਹੈ। ਇਹ ਨੋਟਿਸ ਕਿਸੇ ਵਿਅਕਤੀ ਦੀ ਗ੍ਰਿਫ਼ਤਾਰੀ ਲਈ ਨਹੀਂ, ਸਗੋਂ ਉਸ ਦੀਆਂ ਸੰਪਤੀਆਂ ਦੀ ਪਛਾਣ, ਨਿਗਰਾਨੀ ਅਤੇ ਜ਼ਬਤੀ ਲਈ ਜਾਰੀ ਕੀਤਾ ਜਾਂਦਾ ਹੈ। ਇਸ ਵਿਚ ਬੈਂਕ ਖਾਤੇ, ਲਗਜ਼ਰੀ ਵਾਹਨ, ਪ੍ਰਾਪਰਟੀ ਅਤੇ ਕਾਰੋਬਾਰ ਤੱਕ ਸ਼ਾਮਲ ਹੁੰਦੇ ਹਨ। ਯਾਨੀ ਅਪਰਾਧੀ ਚਾਹੇ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਬੈਠਾ ਹੋਵੇ, ਉਸ ਦੀ ਕਮਾਈ ਸੁਰੱਖਿਅਤ ਨਹੀਂ ਰਹੇਗੀ। ਪੰਜਾਬ ਪੁਲਿਸ ਦੇ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਸੀਨੀਅਰ ਅਧਿਕਾਰੀ ਐਲ.ਕੇ. ਯਾਦਵ ਦੇ ਅਨੁਸਾਰ, ਜਿਸ ਤਰ੍ਹਾਂ ਭਾਰਤ 'ਚ ਮਨੀ




ਲਾਂਡਰਿੰਗ ਜਾਂ ਨਸ਼ਿਆਂ ਨਾਲ ਜੁੜੇ ਮਾਮਲਿਆਂ ਵਿੱਚ ਜਾਇਦਾਦ ਜ਼ਬਤ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਹੁਣ ਵਿਦੇਸ਼ਾਂ 'ਚ ਵੀ ਅਜਿਹੀ ਕਾਰਵਾਈ ਸੰਭਵ ਹੋਵੇਗੀ। ਇਸ ਦੇ ਲਈ ਭਾਰਤ ਸਰਕਾਰ ਵੱਲੋਂ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਨੋਡਲ ਏਜੰਸੀ ਬਣਾਇਆ ਗਿਆ ਹੈ ਜੋ ਇੰਟਰਪੋਲ ਨਾਲ ਸੰਪਰਕ ਕਰਕੇ ਸਬੰਧਤ ਦੇਸ਼ਾਂ ਤੋਂ ਸਹਿਯੋਗ ਲਵੇਗੀ।

ਦਰਅਸਲ, ਇੰਟਰਪੋਲ ਨੇ ਜਨਵਰੀ, 2025 ਤੋਂ ਸਿਲਵਰ ਨੋਟਿਸ ਜਾਰੀ ਕਰਨ ਦੀ ਸ਼ੁਰੂਆਤ ਕੀਤੀ ਸੀ। ਪਹਿਲਾ ਨੋਟਿਸ ਇਟਲੀ ਦੇ ਇਕ ਬਦਨਾਮ ਮਾਫ਼ੀਆ ਸਰਗਨਾ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਲਈ ਕੱਢਿਆ ਗਿਆ ਸੀ। ਪਾਇਲਟ ਪ੍ਰੋਜੈਕਟ ਦੇ ਤਹਿਤ 2025 ਦੇ ਅੱਧ ਤੱਕ 50 ਤੋਂ ਵੱਧ ਅਜਿਹੇ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ। ਪੁਲਿਸ ਅਨੁਸਾਰ ਹਾਲ ਹੀ ਵਿੱਚ ਅਜਿਹੇ 61 ਸਭ ਤੋਂ ਸਰਗਰਮ ਗੈਂਗਸਟਰਾਂ ਦੀ ਪਛਾਣ ਕੀਤੀ ਗਈ ਹੈ, ਜੋ ਵਿਦੇਸ਼ਾਂ 'ਚ ਬੈਠ ਕੇ ਪੰਜਾਬ 'ਚ ਫਿਰੌਤੀ, ਟਾਰਗੇਟ ਕਿਲਿੰਗ ਤੇ ਅਪਰਾਧਿਕ ਨੈੱਟਵਰਕ ਚਲਾ ਰਹੇ ਹਨ। ਇਨ੍ਹਾਂ ਵਿੱਚੋਂ 38 ਖ਼ਿਲਾਫ਼ ਪਹਿਲਾਂ ਹੀ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਚੁੱਕੀ ਹੈ। ਹੁਣ ਅਗਲਾ ਕਦਮ ਉਨ੍ਹਾਂ ਦੀ ਆਰਥਿਕ ਰੀੜ੍ਹ ਦੀ ਹੱਡੀ ਤੋੜਨਾ ਹੈ ਤਾਂ ਜੋ ਅਪਰਾਧ ਦੀ ਫੰਡਿੰਗ 'ਤੇ ਸਿੱਧਾ ਹਮਲਾ ਕੀਤਾ ਜਾ ਸਕੇ। ਪੁਲਿਸ ਦਾ ਮੰਨਣਾ ਹੈ ਕਿ ਵਿਦੇਸ਼ਾਂ ਵਿੱਚ ਬੈਠੇ ਅਪਰਾਧੀ ਅਕਸਰ ਨਸ਼ਾ ਤਸਕਰੀ, ਹਥਿਆਰਾਂ ਦੀ ਸਪਲਾਈ ਅਤੇ ਹਵਾਲਾ ਨੈੱਟਵਰਕ ਰਾਹੀਂ ਪੈਸਾ ਕਮਾ ਕੇ ਭਾਰਤ ਵਿੱਚ ਹਿੰਸਾ ਫੈਲਾਉਂਦੇ ਹਨ। ਅਜਿਹੇ ਵਿੱਚ ਸਿਲਵਰ ਨੋਟਿਸ ਰਾਹੀਂ ਜੇਕਰ ਇਹ ਪੈਸਾ ਜ਼ਬਤ ਕਰ ਲਿਆ ਗਿਆ ਤਾਂ ਗੈਂਗਸਟਰਾਂ ਦਾ ਨੈੱਟਵਰਕ ਆਪਣੇ ਆਪ ਕਮਜ਼ੋਰ ਹੋ ਜਾਵੇਗਾ। ਇੰਟਰਪੋਲ ਦੀ ਨਵੀਂ ਨੋਟਿਸ ਪ੍ਰਣਾਲੀ 'ਸਿਲਵਰ ਨੋਟਿਸ' ਅਪਰਾਧੀਆਂ ਦੀਆਂ ਵਿਦੇਸ਼ਾਂ 'ਚ ਮੌਜੂਦ ਸੰਪਤੀਆਂ ਜਿਵੇਂ ਕਿ ਬੈਂਕ ਖਾਤੇ, ਮਕਾਨ, ਫਲੈਟ, ਗੱਡੀਆਂ, ਕਾਰੋਬਾਰ ਅਤੇ ਕੰਪਨੀਆਂ ਦਾ ਪਤਾ ਲਗਾਉਣ ਲਈ ਤਿਆਰ ਕੀਤੀ ਗਈ ਹੈ। ਇਹ ਨੋਟਿਸ ਗ੍ਰਿਫ਼ਤਾਰੀ ਲਈ ਨਹੀਂ, ਸਗੋਂ ਅਪਰਾਧੀਆਂ 'ਤੇ ਸਿੱਧਾ ਵਿੱਤੀ ਹਮਲਾ ਕਰਨ ਲਈ ਹੈ, ਜਿਸ ਨਾਲ ਵਿਦੇਸ਼ਾਂ 'ਚ ਬੈਠੇ ਗੈਂਗਸਟਰਾਂ ਦਾ ਲੱਕ ਟੁੱਟ ਜਾਵੇਗਾ। ਇਸ ਰਾਹੀਂ ਹਵਾਲਾ ਅਤੇ ਨਸ਼ਿਆਂ ਦੇ ਪੈਸੇ 'ਤੇ ਰੋਕ ਲਗਾਈ ਜਾ ਸਕੇਗੀ। ਭਾਰਤ 'ਚ ਸੀ.ਬੀ.ਆਈ. ਰਾਹੀਂ ਇੰਟਰਪੋਲ ਨਾਲ ਸੰਪਰਕ ਕੀਤਾ ਜਾਂਦਾ ਹੈ ਅਤੇ ਇਕ ਵਾਰ ਜਾਇਦਾਦ ਫ੍ਰੀਜ਼ ਹੋ ਜਾਣ 'ਤੇ ਅਪਰਾਧੀ ਨਾ ਤਾਂ ਪੈਸਾ ਕੱਢਵਾ ਸਕਣਗੇ ਅਤੇ ਨਾ ਹੀ ਆਪਣਾ ਨੈੱਟਵਰਕ ਚਲਾ ਸਕਣਗੇ।

# ਭਾਰਤ ਸਫ਼ਲ ਆਰਥਿਕਤਾ ਵਜੋਂ ਉੱਭਰਿਆ, ਏ.ਆਈ. ਸਮਾਗਮ ਦੀ ਮੇਜ਼ਬਾਨੀ ਲਈ ਸਹੀ ਦੇਸ਼ : ਗੁਟਾਰੇਜ਼

ਸੰਯੁਕਤ ਰਾਸ਼ਟਰ, 15 ਫ਼ਰਵਰੀ, (ਚ.ਨ.ਸ.) : ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟਾਰੇਜ਼ ਨੇ ਭਾਰਤ ਨੂੰ ਇੱਕ ਬਹੁਤ ਹੀ ਸਫਲ ਉੱਭਰ ਰਹੀ ਆਰਥਿਕਤਾ ਦੱਸਦਿਆਂ ਕਿਹਾ ਹੈ ਕਿ ਵਿਸ਼ਵੀਕਰਨ ਦੇ ਮਾਮਲਿਆਂ ਵਿੱਚ ਭਾਰਤ ਦਾ ਪ੍ਰਭਾਵ ਲਗਾਤਾਰ ਵੱਧ ਰਿਹਾ ਹੈ। ਇੰਡੀਆ-ਏਆਈ ਇੰਪੈਕਟ ਸਮਿਟ 2026' ਤੋਂ ਪਹਿਲਾਂ ਦਿੱਤੇ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਉਨ੍ਹਾਂ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਵਰਗੀ ਤਕਨੀਕ 'ਤੇ ਸਿਰਫ਼ ਵਿਕਸਿਤ ਦੇਸ਼ਾਂ ਜਾਂ ਦੋ ਮਹਾਂਸ਼ਕਤੀਆਂ (ਅਮਰੀਕਾ ਅਤੇ ਚੀਨ) ਦਾ ਕਬਜ਼ਾ ਨਹੀਂ ਹੋਣਾ ਚਾਹੀਦਾ ਸਗੋਂ ਇਸ ਦਾ ਲਾਭ ਪੂਰੀ ਮਾਨਵਤਾ ਅਤੇ ਖਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਨੂੰ ਮਿਲਣਾ ਚਾਹੀਦਾ ਹੈ। ਗੁਟਾਰੇਜ਼ ਖੁਦ ਇਸ ਸੰਮੇਲਨ ਵਿੱਚ ਹਿੱਸਾ ਲੈਣ ਲਈ ਭਾਰਤ ਆ ਰਹੇ ਹਨ ਅਤੇ ਉਨ੍ਹਾਂ ਨੇ ਇਸ ਲਈ ਭਾਰਤ ਨੂੰ ਵਧਾਈ ਵੀ ਦਿੱਤੀ ਹੈ।

ਇਹ ਉੱਚ ਪੱਧਰੀ ਸਮਾਗਮ 16 ਤੋਂ 20 ਫਰਵਰੀ ਤੱਕ ਚੱਲੇਗਾ ਜੋ ਕਿ ਗਲੋਬਲ ਸਾਊਥ (ਵਿਕਾਸਸ਼ੀਲ ਦੇਸ਼ਾਂ) ਵਿੱਚ ਹੋਣ ਵਾਲਾ ਅਜਿਹਾ ਪਹਿਲਾ ਏ.ਆਈ. ਸੰਮੇਲਨ ਹੈ। ਇਸ ਸਮਾਗਮ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਅਤੇ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡਾ ਸਿਲਵਾ ਵਰਗੇ ਵਿਸ਼ਵ ਨੇਤਾਵਾਂ ਦੇ ਨਾਲ-ਨਾਲ ਗੂਗਲ ਦੇ ਸੀਈਓ ਸੁੰਦਰ ਪਿਚਾਈ, ਅਡੋਬ ਦੇ ਸ਼ਾਂਤਨੂ ਨਾਰਾਇਣ ਅਤੇ ਐਂਥਰੋਪਿਕ ਦੇ ਡਾਰੀਓ ਅਮੋਦੀ ਵਰਗੇ ਤਕਨੀਕੀ ਜਗਤ ਦੇ ਦਿੱਗਜ਼ ਵੀ ਸ਼ਾਮਲ ਹੋਣਗੇ। ਗੁਟਾਰੇਜ਼ ਮੁਤਾਬਕ ਭਾਰਤ ਅੱਜ ਉਸ ਮੁਕਾਮ 'ਤੇ ਹੈ ਜਿੱਥੇ ਉਹ ਏ.ਆਈ. ਦੇ ਸੰਭਾਵੀ ਖਤਰਿਆਂ ਅਤੇ ਇਸ ਦੇ ਫਾਇਦਿਆਂ 'ਤੇ ਡੂੰਘੀ ਚਰਚਾ ਕਰਨ ਲਈ ਸਭ ਤੋਂ ਢੁਕਵਾਂ ਮੰਚ ਪ੍ਰਦਾਨ ਕਰ ਸਕਦਾ ਹੈ।

# ਕੈਮੀਕਲ ਫੈਕਟਰੀ 'ਚ ਸਟੋਰੇਜ ਟੈਂਕ ਫਟਣ ਕਾਰਨ 2 ਮਜ਼ਦੂਰਾਂ ਦੀ ਮੌਕੇ 'ਤੇ ਹੀ ਮੌਤ



ਬੰਗਲੁਰੂ, 15 ਫ਼ਰਵਰੀ, (ਚ.ਨ.ਸ.) : ਕਰਨਾਟਕ ਦੇ ਮਾਂਡਿਆ ਜ਼ਿਲ੍ਹੇ ਵਿੱਚ ਐਤਵਾਰ ਸਵੇਰੇ ਇੱਕ ਕੈਮੀਕਲ ਫੈਕਟਰੀ ਵਿੱਚ ਸਟੋਰੇਜ ਟੈਂਕ ਫਟਣ ਕਾਰਨ 2 ਮਜ਼ਦੂਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 4 ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਇਹ ਹਾਦਸਾ ਬਸਾਰਾਲੂ ਹੋਬਲੀ ਦੇ ਕਰੇਕੱਟੇ ਪਿੰਡ ਸਥਿਤ 'ਕੀਰਤੀ ਕੈਮੀਕਲਜ਼ ਇੰਡਸਟਰੀਜ਼' ਵਿੱਚ ਉਸ ਸਮੇਂ ਵਾਪਰਿਆ ਜਦੋਂ ਫੈਕਟਰੀ ਦੇ ਸਾਮਾਨ ਨੂੰ ਕਿਸੇ ਦੂਜੀ ਥਾਂ ਸ਼ਿਫਟ ਕੀਤਾ ਜਾ ਰਿਹਾ ਸੀ। ਜਾਣਕਾਰੀ ਅਨੁਸਾਰ, ਮਜ਼ਦੂਰ ਗੈਸ ਕੱਟਰ ਦੀ ਮਦਦ ਨਾਲ ਕੈਮੀਕਲ ਟੈਂਕ ਦਾ ਢੱਕਣ ਖੋਲ੍ਹਣ ਦੀ ਕੋਸ਼ਿਸ਼ ਕਰ ਰਹੇ ਸਨ। ਅਚਾਨਕ ਟੈਂਕ ਦੇ ਅੰਦਰ ਬਣੀ ਗੈਸ ਕਾਰਨ ਭਿਆਨਕ ਧਮਾਕਾ ਹੋ ਗਿਆ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਮ੍ਰਿਤਕਾਂ ਦੀਆਂ ਦੇਹਾਂ ਦਾ ਬੁਰਾ ਹਾਲ ਹੋ ਗਿਆ। ਮ੍ਰਿਤਕਾਂ ਦੀ ਪਛਾਣ ਆਕਾਸ਼ (26) ਅਤੇ ਕੱਲੂ ਖਾਨ (27) ਵਜੋਂ ਹੋਈ ਹੈ, ਜੋ ਕਿ ਬਿਹਾਰ ਦੇ ਰਹਿਣ ਵਾਲੇ ਸਨ। ਜ਼ਖ਼ਮੀਆਂ ਨੂੰ ਤੁਰੰਤ ਮਾਂਡਿਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਸਥਾਨਕ ਲੋਕਾਂ ਅਨੁਸਾਰ ਇਸ ਫੈਕਟਰੀ ਦਾ ਸੁਰੱਖਿਆ ਰਿਕਾਰਡ ਪਹਿਲਾਂ ਵੀ ਖ਼ਰਾਬ ਰਿਹਾ ਹੈ। ਸਾਲ 2022 ਵਿੱਚ ਇੱਥੇ ਜ਼ਹਿਰੀਲੀ ਗੈਸ ਲੀਕ ਹੋਣ ਕਾਰਨ ਫਸਲਾਂ ਦਾ ਨੁਕਸਾਨ ਹੋਇਆ ਸੀ ਅਤੇ ਦੋ ਕੁੱਤਿਆਂ ਦੀ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਲੋਕਾਂ ਦੇ ਵਿਰੋਧ ਕਾਰਨ ਇਸ ਨੂੰ ਬੰਦ ਕਰ ਦਿੱਤਾ ਗਿਆ ਸੀ। ਬਸਾਰਾਲੂ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਮਾਮਲਾ ਦਰਜ ਕਰ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਹਾਦਸੇ ਤੋਂ ਬਾਅਦ ਫੈਕਟਰੀ ਮਾਲਕ ਅਤੇ ਠੇਕੇਦਾਰ ਮੌਕੇ ਤੋਂ ਫਰਾਰ ਹਨ। ਪੁਲਸ ਹਾਦਸੇ ਦੇ ਅਸਲ ਕਾਰਨਾਂ ਅਤੇ ਸੁਰੱਖਿਆ ਨਿਯਮਾਂ ਦੀ ਉਲੰਘਣਾ ਦੀ ਜਾਂਚ ਕਰ ਰਹੀ ਹੈ।

# ਮਹਾਂਸ਼ਿਵਰਾਤਰੀ 'ਤੇ 21 ਲੱਖ ਸ਼ਰਧਾਲੂਆਂ ਨੇ ਗੰਗਾ 'ਚ ਲਗਾਈ ਸ਼ਰਧਾ ਦੀ ਡੁੱਬਕੀ

ਚੜ੍ਹਦੀਕਲਾ ਬਿਊਰੋ

----------------

ਪ੍ਰਯਾਗਰਾਜ, 15 ਫਰਵਰੀ : ਇਥੇ ਆਯੋਜਿਤ ਕੀਤੇ ਜਾ ਰਹੇ ਮਾਘ ਮੇਲੇ ਦੇ ਆਖਰੀ ਇਸ਼ਨਾਨ ਤਿਉਹਾਰ ਮੌਕੇ ਮਹਾਂਸ਼ਿਵਰਾਤਰੀ 'ਤੇ ਐਤਵਾਰ ਨੂੰ ਸਵੇਰੇ 21 ਲੱਖ ਤੋਂ ਵੱਧ ਸ਼ਰਧਾਲੂਆਂ ਨੇ ਗੰਗਾ ਅਤੇ ਸੰਗਮ ਵਿੱਚ ਪਵਿੱਤਰ ਡੁੱਬਕੀ ਲਗਾਈ। ਮੇਲਾ ਅਥਾਰਟੀ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਐਤਵਾਰ ਦੇਰ ਰਾਤ ਤੋਂ ਹੀ ਸ਼ਰਧਾਲੂ ਮੇਲਾ ਖੇਤਰ ਵਿੱਚ ਪਹੁੰਚੇ ਅਤੇ ਗੰਗਾ ਵਿੱਚ ਇਸ਼ਨਾਨ ਕੀਤਾ। ਉਨ੍ਹਾਂ ਕਿਹਾ ਕਿ ਸਵੇਰੇ 10 ਵਜੇ ਤੱਕ 21 ਲੱਖ ਸ਼ਰਧਾਲੂ ਗੰਗਾ ਅਤੇ ਸੰਗਮ ਵਿੱਚ ਇਸ਼ਨਾਨ ਕਰ ਚੁੱਕੇ ਸਨ। ਜ਼ਿਲ੍ਹਾ ਮੈਜਿਸਟ੍ਰੇਟ ਮਨੀਸ਼ ਕੁਮਾਰ ਵਰਮਾ ਨੇ ਦੱਸਿਆ ਕਿ ਸਾਰੇ ਘਾਟਾਂ 'ਤੇ ਸੁਰੱਖਿਆ ਦੇ ਢੁਕਵੇਂ ਪ੍ਰਬੰਧ ਕੀਤੇ ਗਏ। ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ ਅਤੇ ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ ਦੀਆਂ ਟੀਮਾਂ ਤਾਇਨਾਤ ਹਨ ਅਤੇ ਸਾਰੇ ਘਾਟਾਂ 'ਤੇ ਕਿਸ਼ਤੀ ਚਾਲਕ ਅਤੇ ਗੋਤਾਖੋਰ ਵੀ ਤਾਇਨਾਤ ਕੀਤੇ ਗਏ ਹਨ। ਵਰਮਾ ਨੇ ਕਿਹਾ ਕਿ ਸਾਰੇ ਘਾਟਾਂ 'ਤੇ ਢੁਕਵੇਂ ਕੱਪੜੇ ਬਦਲਣ ਵਾਲੇ ਕਮਰੇ ਉਪਲਬਧ ਹਨ, ਅਤੇ ਮੇਲਾ ਖੇਤਰ ਦੀ ਨਿਗਰਾਨੀ ਸੀਸੀਟੀਵੀ ਕੈਮਰਿਆਂ ਅਤੇ ਡਰੋਨਾਂ ਰਾਹੀਂ ਕੀਤੀ ਜਾ ਰਹੀ ਹੈ। ਸਾਰੇ ਅਧਿਕਾਰੀ ਲਗਾਤਾਰ ਮੇਲਾ ਖੇਤਰ ਦਾ ਦੌਰਾ ਕਰ ਰਹੇ ਹਨ।

# ਬੀਬੀ ਜਸਬੀਰ ਕੌਰ ਭੁੱਲਰ ਦੇ ਅਕਾਲ ਚਲਾਣੇ ਨਾਲ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ : ਕਾਲਕਾ

ਨਵੀਂ ਦਿੱਲੀ, 15 ਫਰਵਰੀ (ਅੰਮ੍ਰਿਤਪਾਲ ਸਿੰਘ): ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡੀਐੱਸਜੀਐੱਮਸੀ ਦੇ ਮੈਂਬਰ ਭੁਪਿੰਦਰ ਸਿੰਘ ਭੁੱਲਰ ਦੀ ਸਤਿਕਾਰਯੋਗ ਮਾਤਾ ਜਸਬੀਰ ਕੌਰ ਭੁੱਲਰ ਦੇ ਅਕਾਲ ਚਲਾਣੇ 'ਤੇ ਗਹਿਰਾ ਦੁੱਖ ਤੇ ਅਫਸੋਸ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਤਾ ਜਸਬੀਰ ਕੌਰ ਭੁੱਲਰ ਦੇ ਅਕਾਲ ਚਲਾਣੇ ਨਾਲ ਪਰਿਵਾਰ ਤੇ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਇਆ ਹੈ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਆਯੋਜਿਤ ਅੰਤਿਮ ਅਰਦਾਸ ਸਮਾਗਮ ਦੌਰਾਨ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ 'ਤੇ ਹਰਮੀਤ ਸਿੰਘ ਕਾਲਕਾ ਨੇ ਵੀ ਪਵਿੱਤਰ ਆਤਮਾ ਦੀ ਚੜ੍ਹਦੀ ਕਲਾ ਤੇ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ।



ਆਪਣੇ ਸੰਬੋਧਨ ਵਿੱਚ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਸਰਦਾਰਨੀ ਜਸਬੀਰ ਕੌਰ ਭੁੱਲਰ ਸਾਦਗੀ, ਸੇਵਾਭਾਵ ਤੇ ਉੱਚ ਆਦਰਸ਼ਾਂ ਦੀ ਜੀਵੰਤ ਸ਼ਖ਼ਸੀਅਤ ਸਨ। ਉਨ੍ਹਾਂ ਦੀ ਪ੍ਰੇਰਕ ਜੀਵਨ ਯਾਤਰਾ ਸਦਾ ਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗਦਰਸ਼ਕ ਰਹੇਗੀ। ਡੀਐੱਸਜੀਐੱਮਸੀ ਪਰਿਵਾਰ ਨੇ ਭੁੱਲਰ ਪਰਿਵਾਰ ਨਾਲ ਇਸ ਦੁਖ ਦੀ ਘੜੀ ਵਿੱਚ ਡੂੰਘੀ ਸੰਵੇਦਨਾ ਪ੍ਰਗਟ ਕਰਦਿਆਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਰਿਵਾਰ ਨੂੰ ਇਸ ਦੁੱਖ ਸਹਿਣ ਦੀ ਤਾਕਤ ਬਖ਼ਸ਼ੇ।

# ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਸਿਆਸੀ ਸ਼ਖ਼ਸੀਅਤਾਂ ਦੀ ਫੋਟੋਗ੍ਰਾਫ਼ੀ 'ਤੇ ਰੋਕ, ਅਧਿਆਤਮਿਕ ਮਰਿਯਾਦਾ ਨੂੰ ਤਰਜੀਹ

ਅੰਮ੍ਰਿਤਸਰ, 15 ਫਰਵਰੀ, (ਬਬਲੂ ਮਹਾਜਨ): ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਵੱਲੋਂ ਵੱਡਾ ਫ਼ੈਸਲਾ ਲਿਆ ਗਿਆ ਹੈ। ਇਸ ਫ਼ੈਸਲੇ ਦੇ ਮੁਤਾਬਕ ਹੁਣ ਭਵਿੱਖ 'ਚ ਕਿਸੇ ਵੀ. ਵੀ. ਆਈ. ਪੀ. ਜਾਂ ਸਿਆਸੀ ਸ਼ਖ਼ਸੀਅਤ ਨਾਲ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਦੀਆਂ ਤਸਵੀਰਾਂ ਜਨਤਕ ਤੌਰ 'ਤੇ ਨਹੀਂ ਖਿਚਵਾਈਆਂ ਜਾਣਗੀਆਂ। ਸੰਸਥਾ ਨਾਲ ਜੁੜੇ ਸਰੋਤਾਂ ਮੁਤਾਬਕ ਇਹ ਕਦਮ ਡੇਰੇ ਦੀ ਅਧਿਆਤਮਿਕ ਪਰੰਪਰਾ ਅਤੇ ਸਾਦਗੀ ਨੂੰ ਬਣਾਈ ਰੱਖਣ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ। ਪ੍ਰਬੰਧਕਾਂ ਦਾ ਮੰਨਣਾ ਹੈ ਕਿ ਸਤਿਸੰਗ ਦਾ ਕੇਂਦਰ ਸਿਰਫ ਆਤਮਿਕ ਉੱਨਤੀ ਅਤੇ ਸਿਮਰਨ ਹੋਣਾ ਚਾਹੀਦਾ ਹੈ, ਨਾ ਕਿ ਪ੍ਰਸਿੱਧ ਹਸਤੀਆਂ ਨਾਲ ਫੋਟੋਆਂ ਦਾ ਪ੍ਰਚਾਰ। ਜ਼ਿਕਰਯੋਗ ਹੈ ਕਿ ਹਾਲ ਹੀ 'ਚ ਰਾਧਾ ਸੁਆਮੀ ਸਤਿਸੰਗ



ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਦੀਆਂ ਕੁੱਝ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ। ਇਨ੍ਹਾਂ 'ਚ ਉਹ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਅਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਨਾਲ ਨਜ਼ਰ ਆਏ। ਸੋਸ਼ਲ ਮੀਡੀਆ 'ਤੇ ਇਨ੍ਹਾਂ ਤਸਵੀਰਾਂ ਨੂੰ ਲੈ ਕੇ ਵੱਖ-ਵੱਖ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਦੇਖਣ ਨੂੰ ਮਿਲੀਆਂ, ਜਿਸ ਤੋਂ ਬਾਅਦ ਡੇਰੇ ਵਲੋਂ ਉਕਤ ਫ਼ੈਸਲਾ ਲਿਆ ਗਿਆ।ਇਨ੍ਹਾਂ ਤਸਵੀਰਾਂ ਤੋਂ ਬਾਅਦ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਗਠਜੋੜ ਨੂੰ ਲੈ ਕੇ ਵੀ ਚਰਚਾਵਾਂ ਤੇਜ਼ ਹੋ ਗਈਆਂ ਅਤੇ ਕਈ ਤਰ੍ਹਾਂ ਦੀਆਂ ਕਿਆਸਰਾਈਆਂ ਲਾਈਆਂ ਜਾਣ ਲੱਗੀਆਂ। ਡੇਰਾ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਉਹ ਡੇਰੇ ਦਾ ਮਰਿਆਦਾ ਅਤੇ ਨਿਯਮਾਂ ਦੀ ਪਾਲਣਾ ਕਰਨ ਅਤੇ ਸਤਿਸੰਗ ਦੌਰਾਨ ਫੋਟੋਗ੍ਰਾਫੀ ਤੋਂ ਪਰਹੇਜ਼ ਕਰਨ। ਡੇਰੇ ਦੇ ਇਸ ਫ਼ੈਸਲੇ ਨੂੰ ਲੈ ਕੇ ਸੰਗਤ 'ਚ ਵੱਖ-ਵੱਖ ਪ੍ਰਤੀਕਿਰਿਆਵਾਂ ਸਾਹਮਣੇ ਆ ਰਹੀਆਂ ਹਨ ਪਰ ਜ਼ਿਆਦਾਤਰ ਸੰਗਤ ਇਸ ਨੂੰ ਅਧਿਆਮਿਕ ਅਨੁਸ਼ਾਸਨ ਨੂੰ ਮਜ਼ਬੂਤ ਕਰਨ ਵਾਲਾ ਕਦਮ ਮੰਨ ਰਹੀ ਹੈ।

# 'ਗੈਂਗਸਟਰਾਂ 'ਤੇ ਵਾਰ' ਦਾ 26ਵਾਂ ਦਿਨ: ਪੰਜਾਬ ਪੁਲਿਸ ਨੇ 571 ਥਾਵਾਂ 'ਤੇ ਕੀਤੀ ਛਾਪੇਮਾਰੀ; 193 ਕਾਬੂ

ਚੰਡੀਗੜ੍ਹ, 15 ਫਰਵਰੀ (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੇ 26ਵੇਂ ਦਿਨ, ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਨਾਲ ਸਬੰਧਤ ਪਛਾਣੇ ਗਏ ਅਤੇ ਮੈਪ ਕੀਤੇ ਟਿਕਾਣਿਆਂ 'ਤੇ 571 ਛਾਪੇਮਾਰੀਆਂ ਕੀਤੀਆਂ।

ਜਾਣਕਾਰੀ ਅਨੁਸਾਰ, ਗੈਂਗਸਟਰਾਂ 'ਤੇ ਵਾਰ - ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਵਿੱਢੀ ਇੱਕ ਫੈਸਲਾਕੁੰਨ ਜੰਗ - 20 ਜਨਵਰੀ, 2026 ਨੂੰ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਇਸ ਤਹਿਤ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਵੱਲੋਂ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

ਇਸ ਮੁਹਿੰਮ ਦੇ 26ਵੇਂ ਦਿਨ, ਪੁਲਿਸ ਟੀਮਾਂ ਨੇ 193 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 3 ਹਥਿਆਰ ਬਰਾਮਦ ਕੀਤੇ। ਇਸ ਦੇ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਗਿਣਤੀ 9437 ਹੋ ਗਈ ਹੈ।

ਇਸ ਤੋਂ ਇਲਾਵਾ 66 ਵਿਅਕਤੀਆਂ ਵਿਰੁੱਧ ਰੋਕਥਾਮ ਕਾਰਵਾਈ ਕੀਤੀ ਗਈ, ਜਦੋਂ ਕਿ 108 ਵਿਅਕਤੀਆਂ ਦੀ ਤਸਦੀਕ ਕੀਤੀ ਗਈ ਅਤੇ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਵੱਲੋਂ ਕਾਰਵਾਈ ਦੌਰਾਨ 9 ਭਗੌੜੇ ਅਪਰਾਧੀਆਂ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।

ਲੋੜੀਂਦੇ ਅਪਰਾਧੀਆਂ/ ਗੈਂਗਸਟਰਾਂ ਬਾਰੇ ਜਾਣਕਾਰੀ ਅਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਇਤਲਾਹ ਦੇਣ ਲਈ ਲੋਕ ਗੁਪਤ ਰੂਪ ਵਿੱਚ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਸੰਪਰਕ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ 351ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 44 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 20.7 ਕਿਲੋ ਹੈਰੋਇਨ, 210 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 2.28 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ ਸਿਰਫ 351 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 49,674 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 19 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਕਸ਼ਮੀਰ 'ਚ 'ਵ੍ਹਾਈਟ-ਕਾਲਰ' ਮਾਡਿਊਲ ਬੇਨਕਾਬ : 'ਅੰਸਾਰ ਇੰਟਰਿਮ' ਰਾਹੀਂ ਦੇਸ਼ 'ਚ ਹਮਲੇ ਦੀ ਕੀਤੀ ਜਾ ਰਹੀ ਸੀ ਸਾਜਿਸ਼

ਨਵੀਂ ਦਿੱਲੀ/ ਸ੍ਰੀਨਗਰ, 15 ਫ਼ਰਵਰੀ (ਚ.ਨ.ਸ.) : ਜੰਮੂ-ਕਸ਼ਮੀਰ ਪੁਲੀਸ ਦੁਆਰਾ ਹਾਲ ਹੀ ਵਿੱਚ ਫੜੇ ਗਏ 'ਵ੍ਹਾਈਟ-ਕਾਲਰ' ਅੱਤਵਾਦੀ ਮਾਡਿਊਲ ਤੋਂ ਇਹ ਸਾਹਮਣੇ ਆਇਆ ਹੈ ਕਿ ਗ੍ਰਿਫਤਾਰ ਕੀਤੇ ਗਏ ਡਾਕਟਰ 2016 ਤੋਂ ਕੱਟੜਪੰਥੀ ਬਣ ਗਏ ਸਨ। ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਨੇ ਕੇਂਦਰ ਸ਼ਾਸਤ ਪ੍ਰਦੇਸ਼ ਦੇ ਨਾਲ-ਨਾਲ ਦੇਸ਼ ਦੇ ਅੰਦਰੂਨੀ ਹਿੱਸਿਆਂ ਵਿੱਚ ਵਿਨਾਸ਼ਕਾਰੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਅੰਸਾਰ ਇੰਟਰਿਮ ਨਾਮਕ ਇੱਕ ਨਵਾਂ ਅਤਿਵਾਦੀ ਸੰਗਠਨ ਬਣਾਇਆ ਸੀ। ਇਸ ਮਾਮਲੇ ਦੀ ਜਾਂਚ ਹੁਣ ਰਾਸ਼ਟਰੀ ਜਾਂਚ ਏਜੰਸੀ (NIA) ਵੱਲੋਂ ਕੀਤੀ ਜਾ ਰਹੀ ਹੈ। ਇੱਥੇ ਇਹ ਵੀ ਸਾਹਮਣੇ ਆਇਆ ਹੈ ਕਿ ਡਾ. ਉਮਰ-ਉਨ ਨਬੀ, ਜੋ 10 ਨਵੰਬਰ ਨੂੰ ਲਾਲ ਕਿਲ੍ਹੇ ਦੇ ਬਾਹਰ ਧਮਾਕਾ ਕਰਨ ਵਾਲੀ ਵਿਸਫੋਟਕਾਂ ਨਾਲ ਭਰੀ ਕਾਰ ਚਲਾ ਰਿਹਾ ਸੀ ਅਤੇ ਜਿਸ ਵਿੱਚ ਇੱਕ ਦਰਜਨ ਤੋਂ ਵੱਧ ਲੋਕ ਮਾਰੇ ਗਏ ਸਨ, ਨੇ 2016 ਅਤੇ 2018 ਵਿੱਚ ਅੱਤਵਾਦੀ ਸਮੂਹਾਂ ਵਿੱਚ ਸ਼ਾਮਲ ਹੋਣ ਦੀ ਅਸਫਲ ਕੋਸ਼ਿਸ਼ ਕੀਤੀ ਸੀ। ਹੁਣ ਤੱਕ ਇਕੱਠੇ ਕੀਤੇ ਗਏ ਸਬੂਤਾਂ ਦੇ ਆਧਾਰ 'ਤੇ ਅਧਿਕਾਰੀਆਂ ਨੇ ਦੱਸਿਆ ਕਿ ਮੁਲਜ਼ਮ ਡਾਕਟਰ ਮੁਜ਼ਾਮਿਲ ਗਨੀ, ਉਮਰ-ਉਨ ਨਬੀ (ਹੁਣ ਮਰ ਚੁੱਕਾ ਹੈ) ਅਤੇ ਅਦੀਲ ਰਾਥਰ, ਉਸ ਦੇ ਭਰਾ ਮੁਜ਼ੱਫਰ ਰਾਥਰ (ਫਰਾਰ), ਮੌਲਵੀ ਇਰਫ਼ਾਨ, ਕਾਰੀ ਆਮਿਰ ਅਤੇ ਤੁਫ਼ੈਲ ਗਾਜ਼ੀ ਨਾਲ ਅਪ੍ਰੈਲ, 2022 ਵਿੱਚ ਸ੍ਰੀਨਗਰ ਦੇ ਡਾਊਨਟਾਊਨ ਇਲਾਕੇ ਵਿੱਚ ਈਦਗਾਹ ਵਿਖੇ ਮਿਲੇ ਸਨ। ਅਧਿਕਾਰੀਆਂ ਮੁਤਾਬਕ ਮੀਟਿੰਗ ਦੌਰਾਨ ਉਨ੍ਹਾਂ ਨੇ ਇੱਕ ਅਤਿਵਾਦੀ ਸੰਗਠਨ ਅੰਸਾਰ ਇੰਟਰਿਮ ਬਣਾਉਣ ਦਾ ਫੈਸਲਾ ਕੀਤਾ, ਜਿਸ ਵਿੱਚ ਅਦੀਲ ਨੂੰ ਗਰੁੱਪ ਦਾ 'ਅਮੀਰ' (ਮੁਖੀ), ਮੌਲਵੀ ਇਰਫ਼ਾਨ ਨੂੰ 'ਡਿਪਟੀ ਅਮੀਰ' ਅਤੇ ਗਨੀ ਨੂੰ ਖਜ਼ਾਨਚੀ ਨਿਯੁਕਤ ਕੀਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਅੱਤਵਾਦੀ ਸਮੂਹਾਂ ਵਿੱਚ ਅੰਸਾਰ ਸ਼ਬਦ ਆਮ ਤੌਰ 'ਤੇ ਵਿਸ਼ਵ ਪੱਧਰ 'ਤੇ ਪਾਬੰਦੀਸ਼ੁਦਾ ਅਤਿਵਾਦੀ ਸੰਗਠਨ ਅਲ-ਕਾਇਦਾ ਨਾਲ



ਜੁੜਿਆ ਹੁੰਦਾ ਹੈ। ਗ੍ਰਿਫਤਾਰ ਕੀਤੇ ਗਏ ਡਾਕਟਰਾਂ ਅਤੇ ਪ੍ਰਚਾਰਕਾਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਨਵਾਂ ਗਰੁੱਪ ਬਣਾਉਣ ਦੀ ਲੋੜ ਇਸ ਲਈ ਪਈ, ਕਿਉਂਕਿ ਸਰਗਰਮ ਅਤਿਵਾਦੀਆਂ ਨਾਲ ਉਨ੍ਹਾਂ ਦੇ ਸਾਰੇ ਸੰਪਰਕ ਟੁੱਟ ਗਏ ਸਨ। ਮੀਟਿੰਗ ਦੌਰਾਨ ਮੈਂਬਰਾਂ ਨੂੰ ਭੂਮਿਕਾਵਾਂ ਅਤੇ ਸੰਚਾਲਨ ਕੋਡ ਸੌਂਪੇ ਗਏ ਸਨ। ਉਮਰ ਨੇ ਕੋਆਰਡੀਨੇਟਰ ਦੀ ਭੂਮਿਕਾ ਨਿਭਾਈ ਅਤੇ ਗਨੀ ਦੇ ਨਾਲ ਮਿਲ ਕੇ ਵਿੱਤ ਅਤੇ ਖਰੀਦਦਾਰੀ ਦਾ ਕੰਮ ਸੰਭਾਲਿਆ। ਸਾਲ 2023 ਵਿੱਚ ਇਸ ਗਰੁੱਪ ਨੇ ਹਰਿਆਣਾ ਦੇ ਸੋਹਨਾ ਅਤੇ ਨੂੰਹ ਇਲਾਕਿਆਂ ਤੋਂ ਖਾਦ ਖਰੀਦਣ ਦਾ ਫੈਸਲਾ ਕੀਤਾ। ਉਮਰ ਦੀਆਂ ਹਦਾਇਤਾਂ 'ਤੇ ਫਰੀਦਾਬਾਦ ਦੀ ਇਕ ਕੈਮੀਕਲ ਦੀ ਦੁਕਾਨ ਤੋਂ ਐਨਪੀਕੇ (ਜਿਸ ਨੂੰ ਇਸ ਸੰਦਰਭ ਵਿਚ ਆਮ ਤੌਰ 'ਤੇ ਪੋਟਾਸ਼ੀਅਮ ਨਾਈਟ੍ਰੇਟ ਵਜੋਂ ਜਾਣਿਆ ਜਾਂਦਾ ਹੈ) ਵੀ ਖਰੀਦਿਆ ਗਿਆ ਸੀ। ਪੁੱਛਗਿੱਛ ਦੌਰਾਨ ਗ੍ਰਿਫਤਾਰ ਕੀਤੇ ਗਏ ਡਾਕਟਰਾਂ ਨੇ ਦੱਸਿਆ ਕਿ ਉਮਰ ਨੇ ਆਈ.ਈ.ਡੀ. ਬਣਾਉਣ ਦੀ ਮੁੱਢਲੀ ਸਿਖਲਾਈ ਲਈ ਆਨਲਾਈਨ ਵੀਡੀਓਜ਼ ਦੇਖਣੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਉਹ ਟ੍ਰਾਈਸੀਟੋਨ ਟ੍ਰਾਈਪਰਆਕਸਾਈਡ (ਟੀਏਟੀਪੀ) ਤਿਆਰ ਕਰਨ ਵਿੱਚ ਕਾਮਯਾਬ ਹੋ ਗਿਆ ਸੀ। ਟੀਏਟੀਪੀ ਸਭ ਤੋਂ ਪ੍ਰਮੁੱਖ ਪਰਆਕਸਾਈਡ ਵਿਸਫੋਟਕਾਂ ਵਿੱਚੋਂ ਇੱਕ ਹੈ, ਜਿਸ ਦੀ ਵਰਤੋਂ ਕਈ ਅਤਿਵਾਦੀ ਹਮਲਿਆਂ ਵਿੱਚ ਆਈ.ਈ.ਡੀ. ਭਰਨ ਲਈ ਕੀਤੀ ਜਾਂਦੀ ਹੈ। ਅਧਿਕਾਰੀਆਂ ਅਨੁਸਾਰ ਅਦੀਲ ਨੇ ਨਵੇਂ ਅਤਿਵਾਦੀ ਸਮੂਹ ਲਈ ਮੈਂਬਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਸੀ ਅਤੇ ਦੱਖਣੀ ਕਸ਼ਮੀਰ ਦੇ ਦਾਨਿਸ਼ ਉਰਫ਼ ਜਸੀਰ ਨਾਮਕ ਵਿਅਕਤੀ ਨੂੰ ਆਪਣੇ ਨਾਲ ਜੋੜਿਆ ਸੀ। ਅਦੀਲ ਦਾਨਿਸ਼ ਨੂੰ ਫਰੀਦਾਬਾਦ ਦੀ ਅਲ-ਫਲਾਹ ਯੂਨੀਵਰਸਿਟੀ ਦੇ ਅੰਦਰ ਇੱਕ ਕਿਰਾਏ ਦੇ ਮਕਾਨ ਵਿੱਚ ਲੈ ਗਿਆ, ਜਿੱਥੇ ਦੋਵਾਂ ਨੇ ਉਮਰ ਅਤੇ ਗਨੀ ਨੂੰ ਟੀਏਟੀਪੀ ਵਿਸਫੋਟਕ ਸਮੱਗਰੀ ਤਿਆਰ ਕਰਦੇ ਦੇਖਿਆ। ਉਮਰ ਨੇ ਬਾਅਦ ਵਿੱਚ ਦਾਨਿਸ਼ ਨੂੰ 'ਫਿਦਾਈਨ' (ਆਤਮਘਾਤੀ) ਹਮਲਾ ਕਰਨ ਲਈ ਮਨਾਉਣ ਦੀ ਕੋਸ਼ਿਸ਼ ਕੀਤੀ, ਪਰ ਉਸਨੇ ਆਪਣੀ ਮਾੜੀ ਆਰਥਿਕ ਹਾਲਤ ਅਤੇ ਇਸ ਵਿਸ਼ਵਾਸ ਦਾ ਹਵਾਲਾ ਦਿੰਦੇ ਹੋਏ ਆਖਰੀ ਸਮੇਂ 'ਤੇ ਪੈਰ ਪਿੱਛੇ ਖਿੱਚ ਲਏ ਕਿ ਇਸਲਾਮ ਵਿੱਚ ਆਤਮ ਦਾਹ ਵਰਜਿਤ ਹੈ। ਪੁਲਵਾਮਾ ਦਾ 28 ਸਾਲਾ ਡਾਕਟਰ ਉਮਰ, ਕਸ਼ਮੀਰ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਫੈਲੇ ਨੈੱਟਵਰਕ ਦਾ ਸਭ ਤੋਂ ਕੱਟੜਪੰਥੀ ਮੈਂਬਰ ਅਤੇ ਮੁੱਖ ਸੰਚਾਲਕ ਮੰਨਿਆ ਜਾਂਦਾ ਹੈ। ਅਧਿਕਾਰੀਆਂ ਨੂੰ ਸ਼ੱਕ ਹੈ ਕਿ ਉਹ ਇੱਕ ਸ਼ਕਤੀਸ਼ਾਲੀ ਵਹੀਕਲ-ਬੋਰਨ ਇੰਪਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਵੀਬੀਆਈਈਡੀ) ਧਮਾਕੇ ਦੀ ਯੋਜਨਾ ਬਣਾ ਰਿਹਾ ਸੀ। ਸਬੂਤ ਦੱਸਦੇ ਹਨ ਕਿ ਉਸ ਦੀ ਅਸਲ ਯੋਜਨਾ ਰਾਸ਼ਟਰੀ ਰਾਜਧਾਨੀ ਵਿੱਚ ਜਾਂ ਕਿਸੇ ਧਾਰਮਿਕ ਮਹੱਤਤਾ ਵਾਲੀ ਥਾਂ 'ਤੇ ਭੀੜ-ਭੜੱਕੇ ਵਾਲੀ ਜਗ੍ਹਾ 'ਤੇ ਵੀਬੀਆਈਈਡੀ ਰੱਖਣ ਅਤੇ ਫਿਰ ਫਰਾਰ ਹੋਣ ਦੀ ਸੀ। ਹਾਲਾਂਕਿ, ਇਹ ਸਾਜਿਸ਼ ਉਦੋਂ ਅਸਫਲ ਹੋ ਗਈ ਜਦੋਂ ਸ੍ਰੀਨਗਰ ਪੁਲੀਸ ਦੀ ਬਾਰੀਕੀ ਨਾਲ ਕੀਤੀ ਗਈ ਜਾਂਚ ਦੇ ਨਤੀਜੇ ਵਜੋਂ ਗਨੀ ਦੀ ਗ੍ਰਿਫਤਾਰੀ ਹੋਈ ਅਤੇ ਵਿਸਫੋਟਕ ਜ਼ਬਤ ਕੀਤੇ ਗਏ। ਇਸ ਨਾਲ ਸੰਭਵ ਤੌਰ 'ਤੇ ਉਮਰ ਘਬਰਾ ਗਿਆ, ਜਿਸ ਕਾਰਨ ਅੰਤ ਵਿੱਚ ਲਾਲ ਕਿਲ੍ਹੇ ਦੇ ਬਾਹਰ ਸਮੇਂ ਤੋਂ ਪਹਿਲਾਂ ਧਮਾਕਾ ਹੋ ਗਿਆ। ਇਹ ਗੁੰਝਲਦਾਰ ਅੰਤਰ-ਰਾਜੀ ਅਤਿਵਾਦੀ ਨੈੱਟਵਰਕ 19 ਅਕਤੂਬਰ ਨੂੰ ਸ੍ਰੀਨਗਰ ਦੇ ਬਾਹਰਵਾਰ ਨੌਗਾਮ ਦੇ ਬੁਨਪੋਰਾ ਵਿੱਚ ਕੰਧਾਂ 'ਤੇ ਜੈਸ਼-ਏ-ਮੁਹੰਮਦ ਦੇ ਪੋਸਟਰ ਲੱਗਣ ਦੀ ਇੱਕ ਛੋਟੀ ਪਰ ਮਹੱਤਵਪੂਰਨ ਘਟਨਾ ਤੋਂ ਬਾਅਦ ਬੇਨਕਾਬ ਹੋਇਆ ਸੀ। ਸ੍ਰੀਨਗਰ ਪੁਲੀਸ ਨੇ ਮਾਮਲਾ ਦਰਜ ਕਰਕੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕੀਤੀ, ਜਿਸ ਨਾਲ ਤਿੰਨ ਸਥਾਨਕ ਲੋਕਾਂ, ਆਰਿਫ ਨਿਸਾਰ ਡਾਰ ਉਰਫ ਸਾਹਿਲ, ਯਾਸਿਰ-ਉਲ-ਅਸ਼ਰਫ ਅਤੇ ਮਕਸੂਦ ਅਹਿਮਦ ਡਾਰ ਉਰਫ ਸ਼ਾਹਿਦ ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਸਾਰਿਆਂ 'ਤੇ ਪਹਿਲਾਂ ਪੱਥਰਬਾਜ਼ੀ ਦੇ ਮਾਮਲੇ ਦਰਜ ਸਨ। ਉਨ੍ਹਾਂ ਦੀ ਪੁੱਛਗਿੱਛ ਤੋਂ ਬਾਅਦ ਸ਼ੋਪੀਆਂ ਦੇ ਰਹਿਣ ਵਾਲੇ ਮੌਲਵੀ ਇਰਫ਼ਾਨ ਅਹਿਮਦ ਨੂੰ ਗ੍ਰਿਫਤਾਰ ਕੀਤਾ ਗਿਆ, ਜੋ ਪਹਿਲਾਂ ਪੈਰਾਮੈਡਿਕ ਸੀ ਅਤੇ ਬਾਅਦ ਵਿੱਚ ਇਮਾਮ ਬਣ ਗਿਆ ਸੀ। ਦੋਸ਼ ਹੈ ਕਿ ਉਸ ਨੇ ਪੋਸਟਰ ਸਪਲਾਈ ਕੀਤੇ ਸਨ ਅਤੇ ਡਾਕਟਰਾਂ ਨੂੰ ਕੱਟੜਪੰਥੀ ਬਣਾਉਣ ਲਈ ਆਪਣੀ ਪਹੁੰਚ ਦੀ ਵਰਤੋਂ ਕੀਤੀ ਸੀ।

## ਸੰਪਾਦਕੀ

# ਨਸ਼ਿਆਂ ਵਿਰੁੱਧ ਮੁਹਿੰਮ 'ਚ ਜਨਤਾ ਦਾ ਸਹਿਯੋਗ ਜ਼ਰੂਰੀ

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਨੂੰ ਰਲਵਾਂ-ਮਿਲਵਾਂ ਹੁੰਗਾਰਾ ਮਿਲਿਆ ਹੈ। ਭਾਵੇਂ ਸਰਕਾਰ ਨੇ ਨਸ਼ਾ ਤਸਕਰਾਂ ਵਿਰੁੱਧ ਸ਼ਿਕੰਜਾ ਕਸਿਆ ਹੈ ਪਰ ਹਾਲੇ ਵੀ ਇਸ ਖੇਤਰ ਵਿਚ ਹੋਰ ਜ਼ੋਰਦਾਰ ਤਰੀਕੇ ਨਾਲ ਕੰਮ ਕਰਨ ਦੀ ਲੋੜ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਹਜ਼ਾਰਾਂ ਨਸ਼ਾ ਤਸਕਰ ਜੇਲ੍ਹ ਦੀਆਂ ਸਲਾਖਾਂ ਪਿੱਛੇ ਡੱਕੇ ਗਏ ਹਨ ਅਤੇ ਅਨੇਕਾਂ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ 'ਤੇ ਬੁਲਡੋਜ਼ਰ ਚਲਾਏ ਗਏ ਹਨ। ਲੋਕਾਂ ਨੇ ਵੀ ਇਸ ਮੁਹਿੰਮ ਵਿਚ ਬਣਦਾ ਯੋਗਦਾਨ ਪਾਇਆ ਹੈ। ਦੇਖਣ ਵਿਚ ਆਇਆ ਹੈ ਕਿ ਪਿਛਲੇ 15 ਕੁ ਵਰ੍ਹਿਆਂ ਤੋਂ ਪੰਜਾਬ ਵਿਚ ਨਸ਼ਿਆਂ ਦਾ ਜਾਲ ਖਤਰਨਾਕ ਪੱਧਰ ਤਕ ਫੈਲਿਆ ਹੈ। ਪਹਿਲਾਂ ਪੰਜਾਬੀ ਰਵਾਇਤੀ ਨਸ਼ਿਆਂ ਤਕ ਸੀਮਤ ਸਨ ਪਰ ਇਸ ਸਮੇਂ ਦੌਰਾਨ ਅੰਗਰੇਜ਼ੀ ਅਤੇ ਸਿੰਥੈਟਿਕ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਲਿਆ ਹੈ। ਹਰ ਦੂਜੇ ਦਿਨ ਸਿੰਥੈਟਿਕ ਨਸ਼ੇ ਦੀ ਵਜ੍ਹਾ ਕਾਰਨ ਨੌਜਵਾਨਾਂ ਦੇ ਮਰਨ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਦੇਖਣ ਨੂੰ ਮਿਲਦੀਆਂ ਹਨ। ਕੋਈ ਸਮਾਂ ਸੀ ਕਿ ਪੰਜਾਬੀ ਸ਼ਰਾਬ ਅਤੇ ਅਫੀਮ ਦੇ ਨਸ਼ੇ ਤਕ ਸੀਮਤ ਸਨ ਪਰ ਹੁਣ ਅਨਗਿਣਤ ਤਰ੍ਹਾਂ ਦੇ ਸਿੰਥੈਟਿਕ ਨਸ਼ੇ ਨੌਜਵਾਨਾਂ 'ਚ ਘਰ ਕਰ ਚੁੱਕੇ ਹਨ। ਨਸ਼ਿਆਂ ਵਿਚ ਵੱਡੇ ਸਮੱਗਲਰਾਂ ਦੀ ਸ਼ਮੂਲੀਅਤ ਦਾ ਪਤਾ ਉਦੋਂ ਲੱਗਾ ਜਦੋਂ ਪੰਜਾਬ ਪੁਲਿਸ ਦੇ ਡੀ.ਐਸ.ਪੀ. ਜਗਦੀਸ਼ ਸਿੰਘ ਭੋਲਾ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ। ਉਸਦੀ ਗ੍ਰਿਫ਼ਤਾਰੀ ਤੋਂ ਬਾਅਦ ਵੱਡੇ ਲੋਕਾਂ ਦਾ ਇਸ ਗੋਰਖ ਧੰਦੇ ਵਿਚ ਸ਼ਾਮਲ ਹੋਣ ਦਾ ਪਤਾ ਲੱਗਾ। ਹੁਣ ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਮੁਹਿੰਮ ਵਿਚ ਵੱਡੀ ਗਿਣਤੀ ਲੋਕਾਂ ਨੂੰ ਫੜ੍ਹਿਆ ਹੈ ਅਤੇ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ। ਇਹ ਗੱਲ ਵੀ ਕਰਨੀ ਬਣਦੀ ਹੈ ਕਿ ਜਦੋਂ ਤਕ ਆਮ ਲੋਕ ਪੁਲਿਸ ਦਾ ਸਹਿਯੋਗ ਨਹੀਂ ਦਿੰਦੇ ਉਦੋਂ ਤਕ ਇਕੱਲੀ ਪੁਲਿਸ ਇਸ ਮੁਹਿੰਮ ਵਿਚ ਸਫ਼ਲ ਨਹੀਂ ਹੋ ਸਕਦੀ। ਕਿਉਂਕਿ ਨਸ਼ਿਆਂ ਦੇ ਸੌਦਾਗਰਾਂ ਨੇ ਸਮਾਜ ਵਿਚ ਹੇਠਲੇ ਪੱਧਰ ਤਕ ਆਪਣਾ ਜਾਲ ਫੈਲਾਇਆ ਹੋਇਆ ਹੈ। ਦੂਜਾ ਪੰਜਾਬ ਸਰਹੱਦੀ ਸੂਬਾ ਹੋਣ ਕਾਰਨ ਸਰਹੱਦ ਪਾਰ ਤੋਂ ਨਸ਼ਾ ਆਉਣਾ ਵਧੇਰੇ ਸੁਖਾਲਾ ਹੈ। ਨਸ਼ਾ ਤਸਕਰ ਸਰਹੱਦ ਪਾਰ ਤੋਂ ਨਸ਼ੇ ਦੀ ਸਪਲਾਈ ਕਰਨ ਵਿਚ ਸੌਖੇ ਹੀ ਕਾਮਯਾਬ ਹੋ ਜਾਂਦੇ ਹਨ। ਭਾਵੇਂ ਸੁਰੱਖਿਆ ਬਲ ਨਿੱਤ ਦਿਨ ਨਸ਼ਿਆਂ ਦੀ ਖੇਪ ਅਤੇ ਨਸ਼ਾ ਤਸਕਰਾਂ ਨੂੰ ਫੜ੍ਹਦੇ ਹਨ ਪਰ ਨਸ਼ਾ ਤਸਕਰ ਨਵੇਂ ਨਵੇਂ ਤਰੀਕਿਆਂ ਰਾਹੀਂ ਆਪਣੇ ਮਨਸੂਬਿਆਂ ਵਿਚ ਕਾਮਯਾਬ ਹੋ ਜਾਂਦੇ ਹਨ। ਨਸ਼ਾ ਤਸਕਰਾਂ ਵਿਰੁੱਧ ਸਖਤ ਕਾਨੂੰਨ ਬਣਾਏ ਜਾਣ ਦੀ ਵੀ ਜ਼ਰੂਰਤ ਹੈ ਤਾਂ ਜੋ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਹੋਰ ਪ੍ਰਭਾਵਸ਼ਾਲੀ ਬਣ ਸਕੇ। ਜੇਕਰ ਸਮਾਜ ਦੇ ਹੇਠਲੇ ਪੱਧਰ ਤਕ ਨਸ਼ਿਆਂ ਵਿਰੁੱਧ ਕਾਰਵਾਈ ਨੂੰ ਪ੍ਰਭਾਵਸ਼ਾਲੀ ਬਣਾਉਣਾ ਹੈ ਤਾਂ ਆਮ ਲੋਕਾਂ ਨੂੰ ਇਸ ਮੁਹਿੰਮ ਵਿਚ ਬਣਦਾ ਯੋਗਦਾਨ ਪਾਉਣਾ ਪਵੇਗਾ। ਫਿਰ ਹੀ ਇਸ ਮੁਹਿੰਮ ਨੂੰ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ। ਸਿਰਫ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਨਾਲ ਹੀ ਕੰਮ ਨਹੀਂ ਚੱਲ ਸਕਦਾ ਸਗੋਂ ਉਨ੍ਹਾਂ ਦੇ ਸਹਿਯੋਗੀ ਅਤੇ ਸਮਰਥਕਾਂ ਨੂੰ ਵੀ ਘੇਰੇ ਵਿਚ ਲੈਣਾ ਪਵੇਗਾ। ਤਾਂ ਜੋ ਉਨ੍ਹਾਂ ਦੀ ਜ਼ਮਾਨਤ ਕਰਵਾਉਣ ਵਾਲਾ ਵੀ ਕੋਈ ਅੱਗੇ ਨਾ ਆਵੇ। ਕਹਿ ਸਕਦੇ ਹਾਂ ਕਿ ਨਸ਼ਿਆਂ ਵਿਰੁੱਧ ਸਰਕਾਰ ਦੀ ਕਾਰਵਾਈ ਸ਼ਲਾਘਾਯੋਗ ਹੈ। ਜੇਕਰ ਆਮ ਲੋਕ ਪੁਲਿਸ ਦਾ ਸਹਿਯੋਗ ਕਰਨਗੇ ਤਾਂ ਇਸ ਅਲਾਮਤ ਨੂੰ ਪੂਰੀ ਤਰ੍ਹਾਂ ਨੱਥ ਪਾਈ ਜਾ ਸਕਦੀ ਹੈ ਤੇ ਪੰਜਾਬ ਸਰਕਾਰ ਵੱਲੋਂ ਲਿਆ ਰੰਗਲਾ ਪੰਜਾਬ ਬਣਾਉਣ ਦਾ ਸੁਪਨਾ ਪੂਰਾ ਹੋ ਸਕਦਾ ਹੈ।

**-ਜਗਜੀਤ ਸਿੰਘ ਦਰਦੀ**

## 2027 ਵਿੱਚ ਪੰਜਾਬ ਲਈ ਅਕਾਲੀ ਦਲ ਕਿਉਂ ਜ਼ਰੂਰੀ ਹੈ ?

# ਪੰਜਾਬ ਦੀ ਅਸਲ ਜ਼ਮੀਨੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੀ ਹੈ ਨਵੇਂ ਏਜੰਡੇ ਤੇ ਨਵੀਆਂ ਉਮੀਦਾਂ ਨਾਲ ਵਾਪਸੀ ਭਾਜਪਾ ਪ੍ਰਤੀ ਨਫ਼ਰਤ ਅਜੇ ਵੀ ਬਰਕਰਾਰ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬ ਹੁਣ 2027 ਦੀਆਂ ਚੋਣਾਂ ਦੇ ਮੁਹਾਨੇ 'ਤੇ ਖੜਾ ਹੈ।

ਸਾਰੀਆਂ ਪਾਰਟੀਆਂ ਦੀ ਪੜਚੋਲ ਕਰਦੇ ਹੋਏ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਹੀ ਲੋਕਾਂ ਦਾ ਬਦਲ ਹੋ ਸਕਦਾ ਹੈ।

ਪੰਜਾਬੀ ਰਾਜਨੀਤੀ ਵਿੱਚ ਅੱਜ ਇੱਕ ਵੱਡਾ ਧਮਾਕਾ ਹੋਇਆ ਹੈ! ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪੰਜਾਬ ਯੂਨਿਟ ਦੇ ਉਪ ਪ੍ਰਧਾਨ ਅਤੇ ਸੰਗਰੂਰ ਦੇ ਪ੍ਰਭਾਵਸ਼ਾਲੀ ਆਗੂ ਅਰਵਿੰਦ ਖੰਨਾ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਇਹ ਕੋਈ ਆਮ ਬਦਲਾਅ ਨਹੀਂ ਹੈ - ਇਹ ਭਾਜਪਾ ਲਈ ਇੱਕ ਤਿੱਖਾ ਝਟਕਾ ਹੈ ਅਤੇ ਅਕਾਲੀ ਦਲ ਲਈ ਇੱਕ ਮਜ਼ਬੂਤ ਸੰਕੇਤ ਹੈ ਕਿ ਉਹ ਹੁਣ ਆਪਣੀ ਪੁਰਾਣੀ ਤਾਕਤ ਵਾਪਸ ਲੈਣ ਲਈ ਜੰਗੀ ਤਰੀਕੇ ਨਾਲ ਅੱਗੇ ਵੱਧ ਰਿਹਾ ਹੈ।

ਕੱਲ੍ਹ ਸੁਖਬੀਰ ਸਿੰਘ ਬਾਦਲ ਖੁਦ ਅਰਵਿੰਦ ਖੰਨਾ ਦੇ ਘਰ ਪਹੁੰਚੇ, ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਅਤੇ ਸੰਗਰੂਰ ਹਲਕੇ ਦਾ ਇੰਚਾਰਜ ਵੀ ਬਣਾ ਦਿੱਤਾ ਨਾਲ ਹੀ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਡੁੱਲਟ ਅਤੇ ਹੋਰ ਆਗੂ ਵੀ ਅਕਾਲੀ ਦਲ ਵਿੱਚ ਆ ਗਏ। ਇਹ ਘਟਨਾ ਪੰਜਾਬ ਦੀ ਸਿਆਸਤ ਨੂੰ ਹਿਲਾ ਕੇ ਰੱਖ ਦੇਵੇਗੀ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਦੀ ਵਾਪਸੀ ਦੀਆਂ ਸੰਭਾਵਨਾਵਾਂ ਨੂੰ ਤੇਜ਼ ਕਰ ਦੇਵੇਗੀ।

ਹੁਣ ਸਵਾਲ ਇਹ ਹੈ ਕਿ ਅਕਾਲੀ ਦਲ ਪੰਜਾਬ ਲਈ ਕਿਉਂ ਜ਼ਰੂਰੀ ਹੈ? ਕੀ ਇਹ ਸਿਰਫ਼ ਇੱਕ ਪਾਰਟੀ ਹੈ ਜਾਂ ਪੰਜਾਬ ਦੀ ਅਸਮਿਤਾ, ਪੰਥਕ ਹੱਕਾਂ ਅਤੇ ਪੰਜਾਬੀਅਤ ਦਾ ਸੱਚਾ ਰੱਖਿਅਕ? ਅਸੀਂ ਇਸ ਲੇਖ ਵਿੱਚ ਤਿੱਖੇ ਅਤੇ ਸਪੱਸ਼ਟ ਸ਼ਬਦਾਂ ਵਿੱਚ ਇਸ ਨੂੰ ਖੋਲ੍ਹ ਕੇ ਵੇਖਾਂਗੇ। ਅਕਾਲੀ ਦਲ ਬਿਨਾਂ ਪੰਜਾਬ ਅਧੂਰਾ ਹੈ - ਇਹ ਗੱਲ ਇਤਿਹਾਸ, ਵਰਤਮਾਨ ਅਤੇ ਭਵਿੱਖ ਸਭ ਨੂੰ ਵੇਖ ਕੇ ਸਾਬਤ ਹੁੰਦੀ ਹੈ।

ਅਰਵਿੰਦ ਖੰਨਾ ਦੀ ਭਰਤੀ ਭਾਜਪਾ ਲਈ ਝਟਕਾ, ਅਕਾਲੀ ਲਈ ਤਾਕਤ ਅਰਵਿੰਦ ਖੰਨਾ ਕੋਈ ਆਮ ਆਗੂ ਨਹੀਂ। ਉਹ ਪਹਿਲਾਂ ਕਾਂਗਰਸ ਤੋਂ ਵਿਧਾਇਕ ਰਹਿ ਚੁੱਕੇ ਹਨ (ਸੰਗਰੂਰ 2002, ਧੂਰੀ 2012), ਫਿਰ 2022 ਵਿੱਚ ਭਾਜਪਾ ਵਿੱਚ ਆਏ ਅਤੇ ਉਪ ਪ੍ਰਧਾਨ ਬਣੇ। ਉਨ੍ਹਾਂ ਦੀ ਉਮੀਦ ਫਾਊਂਡੇਸ਼ਨ ਨੇ ਸੰਗਰੂਰ ਅਤੇ ਆਲੇ-ਦੁਆਲੇ ਸਮਾਜ ਸੇਵਾ ਵਿੱਚ ਵੱਡਾ ਨਾਂ ਬਣਾਇਆ ਹੈ। ਸੁਖਬੀਰ ਬਾਦਲ ਨੇ ਖੁਦ ਜਾ ਕੇ ਉਨ੍ਹਾਂ ਨੂੰ ਲਿਆਂਦਾ - ਇਹ ਦਰਸਾਉਂਦਾ ਹੈ ਕਿ ਅਕਾਲੀ ਦਲ ਹੁਣ ਛੋਟੇ-ਮੋਟੇ ਲਾਭ ਲਈ ਨਹੀਂ, ਸਗੋਂ ਵੱਡੇ ਝਟਕੇ ਦੇਣ ਲਈ ਤਿਆਰ ਹੈ।

ਅੱਜ ਭਾਜਪਾ ਲਈ ਇਹ ਤਿੱਖਾ ਝਟਕਾ ਹੈ ਕਿਉਂਕਿ ਉਹ ਪੰਜਾਬ ਵਿੱਚ ਜੜ੍ਹਾਂ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। 2020 ਵਿੱਚ ਅਕਾਲੀ-ਭਾਜਪਾ ਗਠਜੋੜ ਟੁੱਟਣ ਤੋਂ ਬਾਅਦ ਭਾਜਪਾ ਨੇ ਖੁਦ ਨੂੰ ਇੱਕ ਵੱਡੀ ਤਾਕਤ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਅਰਵਿੰਦ ਖੰਨਾ ਵਰਗੇ ਆਗੂ ਦੀ ਵਾਪਸੀ ਨਾਲ ਭਾਜਪਾ ਦੀ ਮਾਲਵੇ ਵਿੱਚ ਪਕੜ ਕਮਜ਼ੋਰ ਹੋ ਗਈ ਹੈ। ਇਹ ਸੰਕੇਤ ਹੈ ਕਿ ਅਕਾਲੀ ਦਲ ਹੁਣ ਭਾਜਪਾ ਨੂੰ ਵੀ ਚੁਣੌਤੀ ਦੇ ਰਿਹਾ ਹੈ ਅਤੇ ਸ਼ਹਿਰੀ/ਹਿੰਦੂ ਵੋਟਾਂ ਨੂੰ ਵੀ ਆਪਣੇ ਵੱਲ ਖਿੱਚ ਸਕਦਾ ਹੈ। ਅਕਾਲੀ ਦਲ ਦੇ ਪੁਰਾਣੇ ਭੁਲੇਖੇ ਅਤੇ ਹੁਣ ਦੀ ਵਾਪਸੀ ਅਕਾਲੀ ਦਲ ਨੂੰ ਪਿਛਲੇ ਸਾਲਾਂ ਵਿੱਚ ਕਈ ਝਟਕੇ ਲੱਗੇ। 2017 ਅਤੇ 2022 ਵਿੱਚ ਹਾਰਾਂ, ਕੋਟਕਪੂਰਾ-ਬਿਹਬਲ ਕਲਾਂ ਗੋਲੀਬਾਰੀ, ਡੇਰਾ ਸੱਚਾ ਸੌਦਾ ਨੂੰ ਮਾਫੀ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਰਗੇ ਮੁੱਦੇ ਨੇ ਪੰਥਕ ਭਾਵਨਾ ਨੂੰ ਠੇਸ ਪਹੁੰਚਾਈ ਹੈ । ਪਾਰਟੀ ਅੰਦਰ ਵੰਡ ਵੀ ਵਧੀ - ਢੀਂਡਸਾ ਧੜਾ, ਅੰਮ੍ਰਿਤਪਾਲ ਸਿੰਘ ਵਰਗੇ ਨਵੇਂ ਧੜੇ ਬਣੇ। ਇਹਨਾਂ ਨੇ ਅਕਾਲੀ ਦਲ ਨੂੰ ਕਮਜ਼ੋਰ ਕੀਤਾ ਅਤੇ ਆਪ ਨੂੰ ਮੌਕਾ ਦਿੱਤਾ ਪਰ ਹੁਣ ਅਕਾਲੀ ਦਲ ਇਹਨਾਂ ਭੁਲੇਖਿਆਂ ਨੂੰ ਤਿੱਖੇ ਤਰੀਕੇ ਨਾਲ ਦੂਰ ਕਰ ਰਿਹਾ ਹੈ। ਸੁਖਬੀਰ ਬਾਦਲ ਨੇ ਪਾਰਟੀ ਨੂੰ ਮੁੜ ਸੰਗਠਿਤ ਕੀਤਾ। ਬਿਕਰਮ ਮਜੀਠੀਆ ਦੀ ਰਿਹਾਈ ਤੋਂ ਬਾਅਦ ਉਤਸ਼ਾਹ ਵਧਿਆ। ਅਰਵਿੰਦ ਖੰਨਾ ਵਰਗੇ ਆਗੂਆਂ ਨੂੰ ਲਿਆ ਕੇ ਮਾਲਵੇ ਵਿੱਚ ਵਾਪਸੀ ਸੰਭਵ ਹੋ ਰਹੀ ਹੈ।

ਹੁਣ ਅਕਾਲੀ ਦਲ ਨੇ 'ਮਾਸ ਕਾਂਟੈਕਟ ਪ੍ਰੋਗਰਾਮ' ਸ਼ੁਰੂ ਕਰ ਦਿੱਤਾ - 17 ਫਰਵਰੀ ਤੋਂ ਕਾਦੀਆਂ (ਗੁਰਦਾਸਪੁਰ) ਤੋਂ 40 ਰੈਲੀਆਂ, 13 ਅਪ੍ਰੈਲ (ਵਿਸਾਖੀ) ਤੱਕ। ਨਾਂ ਹੈ 'ਪੰਜਾਬ ਬਚਾਓ - ਸੁਖਬੀਰ ਸਿੰਘ ਬਾਦਲ ਲਿਆਓ'। ਨਵਾਂ ਗੀਤ ਵੀ ਰਿਲੀਜ਼ ਹੋਇਆ ਜੋ ਅਕਾਲੀ ਨੂੰ ਪੰਥਕ ਤਾਕਤ ਵਜੋਂ ਪੇਸ਼ ਕਰਦਾ ਹੈ। ਇਹ ਸਭ ਦਰਸਾਉਂਦਾ ਹੈ ਕਿ ਅਕਾਲੀ ਦਲ ਹੁਣ ਲੰਬੀ ਦੂਰੀ ਦੀ ਰੇਸ ਲਈ ਤਿਆਰ ਹੈ। ਉਹ ਪੁਰਾਣੀਆਂ ਗਲਤੀਆਂ ਨੂੰ ਮੰਨ ਕੇ ਅੱਗੇ ਵੱਧ ਰਿਹਾ ਹੈ ਅਤੇ ਨਵੇਂ ਚਿਹਰੇ ਲਿਆ ਰਿਹਾ ਹੈ।

ਅੱਜ ਅਕਾਲੀ ਦਲ ਪੰਜਾਬ ਲਈ ਕਿਉਂ ਜ਼ਰੂਰੀ ਹੈ?

ਤਿੱਖੀ ਵਿਸ਼ਲੇਸ਼ਣ ਅਕਾਲੀ ਦਲ ਸਿਰਫ਼ ਇੱਕ ਰਾਜਨੀਤਿਕ ਪਾਰਟੀ ਨਹੀਂ - ਇਹ ਪੰਜਾਬ ਦੀ ਰੂਹ ਹੈ। ਇਸ ਨੂੰ ਬਿਨਾਂ ਪੰਜਾਬ ਅਧੂਰਾ ਰਹਿ ਜਾਂਦਾ ਹੈ। ਇੱਥੇ ਕੁਝ ਤਿੱਖੇ ਕਾਰਨ ਹਨ। ਪੰਥਕ ਹੱਕਾਂ ਦਾ ਰੱਖਿਅਕ ਹੈ ਅਤੇ ਅਕਾਲੀ ਦਲ 1920 ਵਿੱਚ ਜਨਮਿਆ ਸੀ ਗੁਰਦੁਆਰਾ ਸੁਧਾਰ ਲਹਿਰ ਲਈ। ਇਸ ਨੇ ਸਿੱਖ ਪੰਥ ਨੂੰ SGPC ਅਤੇ ਅਕਾਲ ਤਖ਼ਤ ਵਰਗੀਆਂ ਸੰਸਥਾਵਾਂ ਦਿੱਤੀਆਂ। ਅੱਜ ਵੀ ਅਕਾਲੀ ਦਲ ਪੰਥਕ ਮੁੱਦਿਆਂ 'ਤੇ ਖੜ੍ਹਾ ਹੈ। ਜੇ ਅਕਾਲੀ ਕਮਜ਼ੋਰ ਹੋ ਗਏ ਤਾਂ ਪੰਥਕ ਅਸਮਿਤਾ ਖਤਰੇ ਵਿੱਚ ਪੈ ਜਾਵੇਗੀ। ਆਪ ਜਾਂ ਭਾਜਪਾ ਵਰਗੀਆਂ ਪਾਰਟੀਆਂ ਪੰਥ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦੀਆਂ। ਅਕਾਲੀ ਦਲ ਬਿਨਾਂ ਸਿੱਖਾਂ ਦੇ ਹੱਕਾਂ ਦੀ ਰੱਖਿਆ ਕੌਣ ਕਰੇਗਾ?

ਅੱਜ ਪੰਜਾਬ ਦੀ ਅਸਮਿਤਾ ਅਤੇ ਪਾਣੀਆਂ ਦਾ ਸੰਘਰਸ਼ ਦੀ ਅਕਾਲੀ ਦਲ ਨੇ ਹਮੇਸ਼ਾ ਪੰਜਾਬ ਦੇ ਪਾਣੀਆਂ, ਚੰਡੀਗੜ੍ਹ ਅਤੇ ਰਾਜਧਾਨੀ ਹੱਕਾਂ ਲਈ ਲੜਾਈ ਲੜੀ। SYL ਕੈਨਾਲ ਵਿਰੋਧ ਵਿੱਚ ਅਕਾਲੀ ਦਲ ਨੇ ਸਭ ਤੋਂ ਅੱਗੇ ਰਹਿ ਕੇ ਲੜਾਈ ਲੜੀ। ਭਾਜਪਾ ਅਤੇ ਕਾਂਗਰਸ ਨੇ ਅਕਸਰ ਕੇਂਦਰ ਦੇ ਹੱਕ ਵਿੱਚ ਫੈਸਲੇ ਲਏ। ਅਕਾਲੀ ਦਲ ਬਿਨਾਂ ਪੰਜਾਬ ਦੇ ਹੱਕ ਕੌਣ ਲੜੇਗਾ? ਇਹ ਪਾਰਟੀ ਪੰਜਾਬੀਅਤ ਦਾ ਝੰਡਾ ਲੈ ਕੇ ਖੜ੍ਹੀ ਹੈ -ਜੋ ਪੰਜਾਬ ਨੂੰ ਇੱਕ ਵੱਖਰੀ ਪਛਾਣ ਦਿੰਦੀ ਹੈ।

ਕਿਸਾਨਾਂ ਅਤੇ ਪੇਂਡੂ ਪੰਜਾਬ ਦੀ ਆਵਾਜ਼ ਹੈ।

ਪੰਜਾਬ ਦਾ 70% ਪੇਂਡੂ ਹੈ ਅਤੇ ਕਿਸਾਨ ਅਕਾਲੀ ਦਲ ਦਾ ਮੁੱਖ ਵੋਟ ਬੈਂਕ ਰਿਹਾ ਹੈ। 2020 ਦੇ ਕਿਸਾਨ ਅੰਦੋਲਨ ਵਿੱਚ ਅਕਾਲੀ ਦਲ ਨੇ ਭਾਜਪਾ ਨਾਲ ਗਠਜੋੜ ਤੋੜ ਕੇ ਕਿਸਾਨਾਂ ਨਾਲ ਖੜ੍ਹੇ ਹੋਣ ਦਾ ਸਾਹਸ ਦਿਖਾਇਆ। ਅੱਜ ਵੀ ਅਕਾਲੀ ਦਲ ਕਿਸਾਨ ਮੁੱਦਿਆਂ 'ਤੇ ਸਭ ਤੋਂ ਅੱਗੇ ਹੈ। ਆਪ ਸਰਕਾਰ ਵਿੱਚ ਕਿਸਾਨਾਂ ਨੂੰ ਧੋਖਾ ਮਿਲ ਰਿਹਾ ਹੈ - MSP ਗਾਰੰਟੀ ਨਹੀਂ, ਬਿਜਲੀ ਬਿੱਲ ਵਧੇ। ਅਕਾਲੀ ਦਲ ਵਾਪਸ ਆ ਕੇ ਕਿਸਾਨਾਂ ਨੂੰ ਨਿਆਂ ਦੇ ਸਕਦਾ ਹੈ।

ਅੱਜ ਡਰੱਗ, ਬੇਰੁਜ਼ਗਾਰੀ ਅਤੇ ਨੌਜਵਾਨ ਮੁੱਦੇ ਉੱਤੇ ਪੰਜਾਬ ਅੱਜ ਡਰੱਗਾਂ ਨਾਲ ਤਬਾਹ ਹੋ ਰਿਹਾ ਹੈ। ਆਪ ਸਰਕਾਰ ਵਿੱਚ ਵਾਅਦੇ ਪੂਰੇ ਨਹੀਂ ਹੋਏ। ਅਕਾਲੀ ਦਲ ਨੇ ਹਮੇਸ਼ਾ ਨੌਜਵਾਨਾਂ ਲਈ ਸਕੀਮਾਂ ਚਲਾਈਆਂ-ਜਿਵੇਂ ਗੁਰੂ ਗੋਬਿੰਦ ਸਿੰਘ ਸਕਾਲਰਸ਼ਿਪ। ਅਕਾਲੀ ਵਾਪਸ ਆ ਕੇ ਇਹਨਾਂ ਮੁੱਦਿਆਂ 'ਤੇ ਸਖ਼ਤ ਕਾਰਵਾਈ ਕਰ ਸਕਦਾ ਹੈ।

**ਸੰਤੁਲਿਤ ਰਾਜਨੀਤੀ ਅਤੇ ਗਠਜੋੜ ਦੀ ਸੰਭਾਵਨਾ**: ਅਕਾਲੀ ਦਲ ਬਿਨਾਂ ਪੰਜਾਬ ਵਿੱਚ ਜਾਂ ਤਾਂ ਆਪ ਦੀ ਏਕਤੰਤਰਤਾ ਰਹੇਗੀ ਜਾਂ ਭਾਜਪਾ/ਕਾਂਗਰਸ ਦੀ। ਅਕਾਲੀ ਦਲ ਇੱਕ ਵਿਚਕਾਰਲੀ ਤਾਕਤ ਹੈ ਜੋ ਪੰਜਾਬੀ ਹੱਕਾਂ ਨੂੰ ਪਹਿਲ ਦਿੰਦੀ ਹੈ। ਭਾਜਪਾ ਨਾਲ ਮੁੜ ਗਠਜੋੜ ਦੀ ਅਫਵਾਹ ਵੀ ਚੱਲ ਰਹੀ ਹੈ - ਜੇ ਬਣਿਆ ਤਾਂ ਅਕਾਲੀ ਨੂੰ ਸ਼ਹਿਰੀ ਵੋਟਾਂ ਮਿਲਣਗੀਆਂ ਅਤੇ ਪੰਜਾਬ ਵਿੱਚ ਸੰਤੁਲਨ ਬਣੇਗਾ।

ਅੱਜ ਅਕਾਲੀ ਦਲ ਦੇ ਬਿਨਾਂ ਪੰਜਾਬ ਦੀ ਅਸਮਿਤਾ ਖਤਰੇ ਵਿੱਚ ਹੈ। ਇਹ ਪਾਰਟੀ ਪੰਜਾਬ ਨੂੰ ਕੇਂਦਰ ਦੇ ਅਧੀਨ ਨਹੀਂ ਰਹਿਣ ਦਿੰਦੀ - ਇਹ ਪੰਜਾਬ ਨੂੰ ਮਜ਼ਬੂਤ ਅਤੇ ਸੁਤੰਤਰ ਬਣਾਉਂਦੀ ਹੈ। ਜੇ ਅਕਾਲੀ ਕਮਜ਼ੋਰ ਹੋ ਗਏ ਤਾਂ ਪੰਜਾਬ ਦੀ ਆਵਾਜ਼ ਦਬ ਜਾਵੇਗੀ। 2027 ਚੋਣਾਂ ਵਿੱਚ ਅਕਾਲੀ ਦੀ ਜਿੱਤ ਦੀ ਸੰਭਾਵਨਾ ਆਪ ਸਰਕਾਰ ਵਿੱਚ ਡਰੱਗ, ਬੇਰੁਜ਼ਗਾਰੀ, ਆਰਥਿਕ ਸੰਕਟ ਵੱਧ ਰਹੇ ਹਨ। ਕਾਂਗਰਸ ਅੰਦਰੂਨੀ ਲੜਾਈ ਵਿੱਚ ਫਸੀ ਹੈ। ਭਾਜਪਾ ਪੇਂਡੂ ਪੰਜਾਬ ਵਿੱਚ ਕਮਜ਼ੋਰ ਹੈ। ਅਕਾਲੀ ਦਲ ਲਈ ਮੌਕਾ ਹੈ।

ਅਰਵਿੰਦ ਖੰਨਾ ਵਰਗੇ ਆਗੂਆਂ ਨਾਲ ਮਾਲਵੇ ਵਿੱਚ ਵਾਪਸੀ, ਪੰਥਕ ਭਾਵਨਾ ਨੂੰ ਜਗਾਉਣਾ, ਕਿਸਾਨ ਮੁੱਦੇ 'ਤੇ ਲੜਨਾ - ਇਹ ਸਭ ਅਕਾਲੀ ਨੂੰ ਮਜ਼ਬੂਤ ਬਣਾ ਰਹੇ ਹਨ। ਅਕਾਲੀ ਦਲ ਹੁਣ ਭੁਲੇਖੇ ਦੂਰ ਕਰਕੇ ਏਕਤਾ ਨਾਲ ਅੱਗੇ ਵਧ ਰਿਹਾ ਹੈ। ਇਹ ਲੰਬੀ ਰੇਸ ਹੈ ਪਰ ਜਿੱਤ ਅਕਾਲੀ ਦੀ ਹੋ ਸਕਦੀ ਹੈ। ਪੰਜਾਬ ਨੂੰ ਅਕਾਲੀ ਦਲ ਦੀ ਲੋੜ ਹੈ - ਕਿਉਂਕਿ ਇਹ ਪੰਜਾਬ ਦੀ ਰੱਖਿਆ, ਪੰਥ ਦੀ ਰੱਖਿਆ ਅਤੇ ਪੰਜਾਬੀਅਤ ਦੀ ਰੱਖਿਆ ਕਰਦਾ ਹੈ। ਅੱਜ ਦਾ ਬਦਲਾਅ ਇਸ ਵਾਪਸੀ ਦੀ ਸ਼ੁਰੂਆਤ ਹੈ। ਅਕਾਲੀ ਦਲ ਵਾਪਸ ਆਵੇਗਾ ਅਤੇ ਪੰਜਾਬ ਮੁੜ ਚਮਕੇਗਾ!

# ਸੰਯੁਕਤ ਪਰਿਵਾਰਾਂ ਤੋਂ ਇਕਹਿਰੇ ਪਰਿਵਾਰਾਂ ਵੱਲ ਨੂੰ ਵੱਧਦਾ ਰੁਝਾਨ



ਸੰਜੀਵ ਸਿੰਘ ਸੈਣੀ
7888966168

ਕੋਈ ਸਮਾਂ ਹੁੰਦਾ ਸੀ ਜਦੋਂ, ਇਕ ਛੱਤ ਦੇ ਥੱਲੇ ਹੀ ਤੀਹ-ਪੈਂਤੀ ਜੀਆਂ ਦਾ ਪਰਿਵਾਰ ਰਹਿੰਦਾ ਸੀ। ਸੰਯੁਕਤ ਪਰਿਵਾਰ ਸਾਡੇ ਸਮਾਜ ਦਾ ਅਹਿਮ ਹਿੱਸਾ ਹੁੰਦੇ ਸਨ। ਆਪਸ ਵਿੱਚ ਬਹੁਤ ਪਿਆਰ ਹੁੰਦਾ ਸੀ। ਸਾਰੇ ਹੀ ਜੀਅ ਇਕ-ਦੂਜੇ ਦਾ ਮਾਣ ਸਤਿਕਾਰ ਕਰਦੇ ਸਨ। ਸੰਯੁਕਤ ਪਰਿਵਾਰ ਨੂੰ ਟੱਬਰ, ਕੁਣਬਾ, ਕਟੁੰਬ ਜਾਂ ਖਾਨਦਾਨ ਕਿਹਾ ਜਾਂਦਾ ਸੀ। ਜਿਸ ਵਿਚ ਤਾਏ, ਚਾਚੇ , ਪੁੱਤਰ, ਭਰਜਾਈਆਂ ,ਨੂੰਹਾਂ ,ਦਾਦਾ ,ਦਾਦੀ ਬਜ਼ੁਰਗ ਹੁੰਦੇ ਸਨ। ਪਰਿਵਾਰ ਦਾ ਇੱਕ ਮੁਖੀ ਹੁੰਦਾ ਸੀ, ਜਿਸ ਨੂੰ ਲਾਣੇਦਾਰ ਜਾਂ ਚੌਧਰੀ ਕਿਹਾ ਜਾਂਦਾ ਸੀ। ਘਰ ਦੇ ਬਜ਼ੁਰਗ ਸਾਰੇ ਘਰ ਦੀ ਵਾਂਗਡੋਰ ਆਪ ਸੰਭਾਲਦੇ ਹੁੰਦੇ ਸਨ। ਜੇ ਘਰ ਵਿੱਚ ਕੋਈ ਵਿਆਹ ਰੱਖਿਆ ਜਾਂਦਾ ਸੀ ,ਤਾਂ ਪੂਰਾ ਪਰਿਵਾਰ ਇਕੱਠਾ ਹੋ ਕੇ ਤਿਆਰੀਆਂ ਕਰਦਾ ਸੀ। ਨਾਨਕ ਛੱਕਾਂ ਇਕੱਠੇ ਲਾਈਆਂ ਜਾਂਦੀਆਂ ਸਨ। ਪਰਿਵਾਰਾਂ ਵਿਚ ਆਪਸੀ ਬਹੁਤ ਜ਼ਿਆਦਾ ਪਿਆਰ ਹੁੰਦਾ ਸੀ। ਸਹਿਣਸ਼ੀਲਤਾ ਬਹੁਤ ਸੀ। ਇੰਨੇ ਵੱਡੇ ਪਰਿਵਾਰ ਵਿੱਚ ਵਿਚਰਦੇ ਹੋਏ ਬੱਚਿਆਂ ਨੂੰ ਵੱਡਿਆਂ ਦਾ ਸਤਿਕਾਰ ਕਰਨਾ, ਛੋਟਿਆਂ ਨੂੰ ਪਿਆਰ ਕਰਨਾ, ਵੱਡਿਆਂ ਦੇ ਕੰਮ ਵਿੱਚ ਹੱਥ ਵਟਾਉਣਾ , ਨੈਤਿਕ ਕਦਰਾ ਕੀਮਤਾਂ ਦਾ ਪਤਾ ਚੱਲ ਜਾਂਦਾ ਸੀ। ਬੱਚਾ ਪਰਿਵਾਰ ਵਿੱਚੋਂ ਬਹੁਤ ਕੁਝ ਸਿੱਖ ਲੈਂਦਾ ਸੀ।

ਜੇ ਘਰ ਵਿਚ ਕੋਈ ਉੱਨੀ-ਇੱਕੀ ਹੋ ਜਾਂਦੀ ਸੀ, ਤਾਂ ਪਰਿਵਾਰਕ ਮੈਂਬਰਾਂ ਵਿੱਚ ਗੱਲ ਬਰਦਾਸ਼ਤ ਕਰਨ ਦੀ ਤਾਕਤ ਹੁੰਦੀ ਸੀ। ਬੱਚਿਆਂ ਨੂੰ ਵੀ ਉਸ ਦਾ ਡਰ ਰਹਿੰਦਾ ਸੀ। ਜੇ ਘਰ ਵਿਚ ਕੋਈ ਬਿਮਾਰੀ ਆ ਜਾਂਦੀ ਸੀ ਤਾਂ ਪਤਾ ਹੀ ਨਹੀਂ ਲੱਗਦਾ ਸੀ ਕਿ ਬਿਮਾਰੀ ਵਿੱਚੋਂ ਕਿਸ ਤਰ੍ਹਾਂ ਬਾਹਰ ਨਿਕਲ ਜਾਂਦੇ ਸੀ। ਬੀਮਾਰ ਬੰਦੇ ਨੂੰ ਪੂਰਾ ਪਰਿਵਾਰ ਹੌਂਸਲਾ ਦਿੰਦਾ ਸੀ। ਪਤਾ ਹੀ ਨਹੀਂ ਲੱਗਦਾ ਸੀ ਕਿ ਕਿਸ ਤਰ੍ਹਾਂ ਕੁੱਝ ਕੁ ਦਿਨਾਂ ਵਿਚ ਉਹ ਬੰਦਾ ਤੰਦਰੁਸਤ ਹੋ ਜਾਂਦਾ ਸੀ। ਠੀਕ ਇਸੇ ਤਰ੍ਹਾਂ ਜੇ ਪਰਿਵਾਰ ਵਿਚ ਕਿਸੇ ਬੰਦੇ ਤੇ ਕੋਈ ਮੁਸੀਬਤ ਆ ਜਾਂਦੀ ਸੀ , ਜਾਂ ਸਮੱਸਿਆ ਦਾ ਸਮਾਧਾਨ ਨਹੀਂ ਹੁੰਦਾ ਸੀ, ਤਾਂ ਘਰ ਦੇ ਵੱਡੇ ਬਜ਼ੁਰਗ ਆਪਸ ਵਿਚ ਬੈਠ ਕੇ ਸਾਰਾ ਪਰਿਵਾਰ ਸਲਾਹ ਮਸ਼ਵਰਾ ਕਰਕੇ ਸਮੱਸਿਆ ਦਾ ਹੱਲ ਕੱਢ ਲੈਂਦਾ ਸੀ। ਪਰਿਵਾਰ ਵਿਚ ਪਿਆਰ ਬਹੁਤ ਹੁੰਦਾ ਸੀ। ਵੱਡੇ ਬਜ਼ੁਰਗਾਂ ਦੀ ਅੱਖ ਤੋਂ ਹੀ ਬੱਚੇ ਡਰ ਜਾਂਦੇ ਸੀ । ਜੇ ਕੋਈ ਬੱਚਾ ਗਲਤੀ ਵੀ ਕਰ ਦਿੰਦਾ ਸੀ, ਤਾਂ ਵੱਡੇ ਤਾਏ ਚਾਚੇ ਉਸਨੂੰ ਝਿੜਕ ਦਿੰਦੇ ਸਨ। ਮਾਂ-ਬਾਪ ਨੂੰ ਬਿਲਕੁਲ ਵੀ ਦੁੱਖ ਨਹੀਂ ਹੁੰਦਾ ਸੀ ਕਿ ਸਾਡੇ ਬੱਚੇ ਨੂੰ ਝਿੜਕਿਆ। ਪਰਿਵਾਰ ਵਿਚ ਇਕ-ਦੂਜੇ ਦੀ ਗੱਲ ਬਰਦਾਸ਼ਤ ਕਰਨ ਦੀ ਤਾਕਤ ਸੀ। ਜੋ ਵੱਡੇ ਬਜ਼ੁਰਗਾਂ ਨੇ ਕਹਿ ਦਿੱਤਾ ਉਸ ਤੇ ਪੂਰਨੇ ਪਾਏ ਜਾਂਦੇ ਸਨ। ਮਜਾਲ ਜੇ ਘਰ ਦਾ ਕੋਈ ਵੀ ਜੀਅ ਵੱਡੇ ਬਜ਼ੁਰਗਾਂ ਦੇ ਮੂਹਰੇ ਬੋਲ ਪਵੇ। ਖੇਤਾਂ ਵਿੱਚ ਖੇਤੀ ਸਾਰੇ ਰਲ ਮਲ ਕੇ ਹੀ ਕਰਦੇ ਸਨ। ਬੱਚੇ ਮਾਂ-ਬਾਪ ਦੇ ਕੰਮਾਂ ਵਿਚ ਹੱਥ ਵਟਾਉਂਦੇ ਸਨ। ਹਾੜ੍ਹੀ ਸੌਣੀ ਦੀਆਂ ਫਸਲਾਂ ਆਪ ਬੀਜੀਆਂ ਜਾਂਦੀਆਂ ਸਨ ਤੇ ਆਪ ਹੀ ਕਟਾਈ ਕੀਤੀ ਜਾਂਦੀ ਸੀ। ਪੂਰਾ ਏਕਾ ਹੁੰਦਾ ਸੀ।

ਸਮਾਂ ਬਦਲਿਆ।ਪਰ ਅੱਜ ਕੱਲ ਸੰਯੁਕਤ ਪਰਿਵਾਰ ਖ਼ਤਮ ਹੁੰਦੇ ਜਾ ਰਹੇ ਹਨ। ਪਰਿਵਾਰ ਵਿੱਚ ਜੇ ਕਿਸੇ ਜੀਅ ਨੂੰ ਬਾਹਰ ਨੌਕਰੀ ਮਿਲ ਜਾਂਦੀ ਹੈ ਤਾਂ ਉਹ ਫਿਰ ਆਪਣੇ ਹੀ ਪਰਿਵਾਰ ਨੂੰ ਬਾਹਰ ਲੈ ਜਾਂਦਾ ਹੈ। ਚਾਹੇ ਉਸਦਾ ਕੋਈ ਹੋਰ ਭੈਣ ਭਰਾ ਨਾ ਹੋਵੇ, ਫਿਰ ਪਿੱਛੇ ਮਾਂ ਬਾਪ ਹੀ ਰਹਿ ਜਾਂਦੇ ਹਨ। ਅੱਜ ਕੱਲ ਸਾਰੇ ਹੀ ਪੜ੍ਹ ਲਿਖ ਕੇ ਨੌਕਰੀ ਕਰ ਰਹੇ ਹਨ । ਪੱਛਮੀ ਸਭਿਅਤਾ ਦਾ ਬਹੁਤ ਜਿਆਦਾ ਬੋਲ ਬਾਲਾ ਹੈ।ਵੱਡੇ ਪਰਿਵਾਰਾਂ ਦੀ ਜਗ$ਹਾ ਹੁਣ ਪਰਿਵਾਰ ਵਿਚ ਸਿਰਫ ਚਾਰ ਮੈਂਬਰਾਂ ਨੇ ਲੈ ਲਈ। ਸਾਰੇ ਹੀ ਅੱਡ-ਅੱਡ ਰਹਿੰਦੇ ਹਨ। ਪਦਾਰਥਵਾਦ ਭਾਰੂ ਹੋ ਰਿਹਾ ਹੈ। ਬੱਚਿਆਂ ਨੂੰ ਮਾਂ ਬਾਪ ਦੀ ਦਖਲਅੰਦਾਜ਼ੀ ਬਿਲਕੁਲ ਵੀ ਪਸੰਦ ਨਹੀਂ ਹੈ। ਉਹਨਾਂ ਵੇਲੇ ਘਰ ਦੇ ਆਦਮੀ ਹੀ ਬਾਹਰ ਨੌਕਰੀ ਕਰਨ ਜਾਂਦੇ ਸਨ। ਪਰ ਅੱਜ ਦੇ ਜਮਾਨੇ ਵਿੱਚ ਔਰਤਾਂ ਹਰ ਖੇਤਰ ਵਿੱਚ ਮੋਹਰੀ ਹਨ। ਅੱਜ ਔਰਤਾਂ ਨੌਕਰੀ ਨੂੰ ਤਰਜ਼ੀਹ ਦੇ ਰਹੀਆਂ ਹਨ। ਪਿੰਡਾਂ ਵਿੱਚੋਂ ਵੀ ਪੜ੍ਹੀਆਂ ਲਿਖੀਆਂ ਨੂੰਹਾਂ ਨੌਕਰੀ ਕਰ ਰਹੀਆਂ ਹਨ। ਦੋਵੇਂ ਜੀਅ ਨੌਕਰੀ ਪੇਸ਼ਾ ਹੋਣ ਕਾਰਨ ਬੱਚਿਆਂ ਨੂੰ ਸਮਾਂ ਨਹੀਂ ਦੇ ਪਾਉਂਦੇ ਹਨ। ਜਿਸ ਕਾਰਨ ਬੱਚਿਆਂ ਨੂੰ ਚੰਗੇ ਸੰਸਕਾਰ ਨਹੀਂ ਹਨ। ਨੈਤਿਕ ਕਦਰਾਂ ਕੀਮਤਾਂ ਬਾਰੇ ਉਹਨਾਂ ਨੂੰ ਕੁੱਝ ਵੀ ਨਹੀਂ ਪਤਾ ਹੈ। ਅੱਜ ਕੱਲ ਦੇ ਬੱਚਿਆਂ ਵਿੱਚ ਸਹਿਣਸ਼ੀਲਤਾ ਬਿਲਕੁਲ ਵੀ ਨਹੀਂ ਹੈ। ਗੁੱਸੇ ਨਾਲ ਭਰੇ ਹੋਏ ਹਨ। ਛੋਟੀ ਛੋਟੀ ਗੱਲ ਤੇ ਲੜਾਈ ਝਗੜਾ ਤੱਕ ਕਰਨ ਨੂੰ ਆਉਂਦੇ ਹਨ। ਮਾਪੇ ਬੱਚਿਆਂ ਨੂੰ ਕੁੱਝ ਕਹਿਣ ਤੋਂ ਡਰਦੇ ਹਨ ਕਿਉਂਕਿ ਜੇ ਉਹਨਾਂ ਨੂੰ ਉਹ ਟੋਕਣਗੇ ,ਬੱਚੇ ਬਰਾਬਰੀ ਕਰਦੇ ਹਨ ਜਾਂ ਫਿਰ ਉਹ ਕਈ ਵਾਰ ਗਲਤ ਕਦਮ ਚੁੱਕ ਲੈਂਦੇ ਹਨ। ਆਤਮ ਹੱਤਿਆ ਤੱਕ ਕਰ ਰਹੇ ਹਨ। ਰਹਿੰਦੀ ਕਸਰ ਮੋਬਾਇਲ ਨੇ ਪੂਰੀ ਕਰ ਦਿੱਤੀ ਹੈ। ਬੱਚੇ ਬਾਹਰ ਖੇਡਣ ਜਾਂਦੇ ਨਹੀਂ ਹਨ।ਮੋਬਾਇਲ ਤੇ ਹੀ ਸਾਰਾ ਦਿਨ ਲੱਗੇ ਰਹਿੰਦੇ ਹਨ। ਜਿਸ ਕਾਰਨ ਉਹਨਾਂ ਦਾ ਸ਼ਰੀਰਿਕ ਵਿਕਾਸ ਚੰਗੀ ਤਰ੍ਹਾਂ ਨਹੀਂ ਹੋ ਰਿਹਾ ਹੈ। ਚੰਗੀਆਂ ਕਿਤਾਬਾਂ ਪੜ੍ਹਨ ਦਾ ਬੱਚਿਆਂ ਵਿੱਚ ਰੁਝਾਨ ਘਟਦਾ ਜਾ ਰਿਹਾ ਹੈ। ਅੱਗੇ ਬੱਚੇ ਛੁੱਟੀਆਂ ਵਿੱਚ ਨਾਨੀ ,ਭੂਆ ਘਰ ਜਾਂਦੇ ਸਨ ।ਹੁਣ ਇੱਕ ਦਿਨ ਲਈ ਜਾਂਦੇ ਹਨ ਜਾਂ ਫਿਰ ਕੁਝ ਘੰਟਿਆਂ ਬਾਅਦ ਵਾਪਸ ਆ ਜਾਂਦੇ ਹਨ। ਜਿਹੜੀਆਂ ਚੰਗੀਆਂ ਗੱਲਾਂ, ਕਹਾਣੀਆਂ ਦਾਦਾ ਦਾਦੀ,ਨਾਨਾ ਨਾਨੀ ਬੱਚਿਆਂ ਨੂੰ ਸਿਖਾਉਂਦੇ ਹਨ, ਅੱਜ ਕੱਲ ਦੇ ਬੱਚਿਆਂ ਨੂੰ ਕੀ ਪਤਾ? ਸੰਯੁਕਤ ਪਰਿਵਾਰਾਂ ਦੀ ਜਗ$ਹਾ ਹੁਣ ਸੀਮਿਤ ਪਰਿਵਾਰ ਹੋ ਚੁੱਕੇ ਹਨ। ਘਰ ਵਿੱਚ ਹੁਣ ਮਾਂ ਬਾਪ ਤੇ ਬੱਚੇ ਹੀ ਹੁੰਦੇ ਹਨ। ਬੱਚਿਆਂ ਨੂੰ ਮਾਂ-ਬਾਪ ਦਾ ਬਿਲਕੁਲ ਵੀ ਡਰ ਵੀ ਨਹੀਂ ਰਿਹਾ ਹੈ। ਮਾਂ-ਬਾਪ ਦੇ ਮੂਹਰੇ ਬੱਚੇ ਬਹਿਸ ਕਰਨ ਲੱਗ ਪਏ ਹਨ। ਭਾਈਚਾਰਕ ਸਾਂਝ ਖ਼ਤਮ ਹੋ ਚੁਕੀ ਹੈ। ਆਪਸੀ ਪ੍ਰੇਮ, ਪਿਆਰ ਮੁਹੱਬਤ ਸਿਰਫ਼ ਨਾਮ ਦਾ ਹੀ ਰਹਿ ਗਿਆ ਹੈ। ਰਿਸ਼ਤਿਆਂ ਦਾ ਘਾਣ ਹੋ ਚੁੱਕਿਆ ਹੈ। ਆਪਸੀ ਪ੍ਰੇਮ ਭਾਈਚਾਰਾ ਸਾਨੂੰ ਸਿਰਫ ਵੱਡੇ ਪਰਿਵਾਰ ਤੋਂ ਹੀ ਮਿਲ ਸਕਦਾ ਹੈ। ਅੱਜ ਦੀ ਪੀੜੀ ਲਈ ਚੰਗਾ ਮਾਰਗ ਦਰਸ਼ਕ ਕੋਈ ਵੀ ਨਹੀਂ ਹੈ।



ਵਿੰਕਲਜੀਤ ਸਿੰਘ ਸਰਾ
9501477889

## ਲੋਕਤੰਤਰ ਦੇ 'ਦਾਗ਼ੀ' ਪਹਿਰੇਦਾਰ

# 1947 ਤੋਂ 2024 ਕਾਨੂੰਨ ਤੋੜਨ ਵਾਲਿਆਂ ਤੋਂ ਕਾਨੂੰਨ ਬਣਾਉਣ ਵਾਲਿਆਂ ਤੱਕ ਦੀ ਖ਼ੌਫ਼ਨਾਕ ਦਾਸਤਾਨ

**ਆਦਰਸ਼ਾਂ ਤੋਂ ਅੰਕੜਿਆਂ ਤੱਕ ਦਾ ਗਿਰਾਵਟ ਭਰਿਆ ਸਫ਼ਰ** : 15 ਅਗਸਤ 1947 ਦੀ ਅੱਧੀ ਰਾਤ ਨੂੰ ਜਦੋਂ ਭਾਰਤ ਨੇ ਆਜ਼ਾਦੀ ਦਾ ਸੂਰਜ ਦੇਖਿਆ ਤਾਂ ਦੁਨੀਆ ਨੇ ਇੱਕ ਅਜਿਹੇ ਲੋਕਤੰਤਰ ਦੇ ਉਭਾਰ ਦੀ ਕਲਪਨਾ ਕੀਤੀ ਸੀ, ਜਿਸ ਦੀ ਨੀਂਹ ਨੈਤਿਕਤਾ, ਤਿਆਗ ਅਤੇ ਸੇਵਾ 'ਤੇ ਹੋਵੇਗੀ। ਸੰਵਿਧਾਨ ਸਭਾ ਵਿੱਚ ਬੈਠੇ ਮਹਾਂਪੁਰਖਾਂ ਜਿਵੇਂ ਡਾ. ਬੀ.ਆਰ. ਅੰਬੇਡਕਰ ਨੇ ਕਿਹਾ ਸੀ ਕਿ ਸੰਵਿਧਾਨ ਭਾਵੇਂ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ ਜੇਕਰ ਇਸਨੂੰ ਚਲਾਉਣ ਵਾਲੇ ਲੋਕ ਮਾੜੇ ਹੋਏ ਤਾਂ ਇਹ ਅਸਫ਼ਲ ਹੋ ਜਾਵੇਗਾ। ਅੱਜ 77 ਸਾਲਾਂ ਬਾਅਦ ਭਾਰਤੀ ਲੋਕਤੰਤਰ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਕਾਨੂੰਨ ਤੋੜਨ ਵਾਲੇ ਹੀ ਕਾਨੂੰਨ ਬਣਾਉਣ ਵਾਲੇ ਹਨ ? ਜਦੋਂ ਰਖਵਾਲਾ ਹੀ ਸ਼ੱਕ ਦੇ ਘੇਰੇ ਵਿੱਚ ਹੋਵੇ ਤਾਂ ਇਨਸਾਫ਼ ਦੀ ਉਮੀਦ ਕਿਸ ਤੋਂ ਕੀਤੀ ਜਾਵੇ? 1947 ਦੇ ਆਦਰਸ਼ਵਾਦ ਤੋਂ ਲੈ ਕੇ 2024 ਦੇ ਅਪਰਾਧਿਕ ਅੰਕੜਿਆਂ ਤੱਕ ਦਾ ਸਫ਼ਰ ਭਾਰਤੀ ਰਾਜਨੀਤੀ ਦੀ ਸਭ ਤੋਂ ਗੰਭੀਰ ਚੁਣੌਤੀ ਹੈ।

**1947 ਤੋਂ 1970- ਸੁਨਹਿਰੀ ਦੌਰ ਅਤੇ ਨੈਤਿਕ ਰਾਜਨੀਤੀ** : ਆਜ਼ਾਦੀ ਤੋਂ ਬਾਅਦ ਦੇ ਪਹਿਲੇ ਦੋ ਦਹਾਕਿਆਂ ਨੂੰ ਭਾਰਤੀ ਰਾਜਨੀਤੀ ਦਾ ਸੁਨਹਿਰੀ ਦੌਰ ਮੰਨਿਆ ਜਾਂਦਾ ਹੈ। ਇਸ ਸਮੇਂ ਦੇ ਨੇਤਾ ਸਿੱਧੇ ਤੌਰ 'ਤੇ ਆਜ਼ਾਦੀ ਦੀ ਲੜਾਈ ਵਿੱਚੋਂ ਨਿਕਲੇ ਸਨ।

**ਨੈਤਿਕਤਾ ਦਾ ਬੋਲਬਾਲਾ**: ਉਸ ਸਮੇਂ ਰਾਜਨੀਤੀ ਨੂੰ ਸੇਵਾ ਮੰਨਿਆ ਜਾਂਦਾ ਸੀ। ਨੇਤਾਵਾਂ ਵਿੱਚ ਜਨਤਾ ਪ੍ਰਤੀ ਜਵਾਬਦੇਹੀ ਦਾ ਅਹਿਸਾਸ ਸੀ।

**ਅਪਰਾਧਿਕ ਪਿਛੋਕੜ ਦੀ ਅਣਹੋਂਦ**: 1952 ਦੀਆਂ ਪਹਿਲੀਆਂ ਚੋਣਾਂ ਵਿੱਚ ਸ਼ਾਇਦ ਹੀ ਕੋਈ ਅਜਿਹਾ ਉਮੀਦਵਾਰ ਸੀ, ਜਿਸ 'ਤੇ ਗੰਭੀਰ ਅਪਰਾਧਿਕ ਮਾਮਲੇ ਹੋਣ।

**ਸੰਸਥਾਵਾਂ ਦੀ ਨੀਂਹ**: ਇਸ ਦੌਰ ਵਿੱਚ ਸੁਪਰੀਮ ਕੋਰਟ ਅਤੇ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਨੇ ਆਪਣੀ ਨਿਰਪੱਖਤਾ ਨਾਲ ਕੰਮ ਕਰਨਾ ਸ਼ੁਰੂ ਕੀਤਾ ਸੀ। ਪਰ 1960 ਦੇ ਦਹਾਕੇ ਦੇ ਅਖੀਰ ਵਿੱਚ ਜਦੋਂ ਇੱਕ-ਪਾਰਟੀ ਸ਼ਾਸਨ ਕਮਜ਼ੋਰ ਹੋਣ ਲੱਗਾ, ਤਾਂ ਸੱਤਾ ਹਾਸਲ ਕਰਨ ਲਈ ਸਥਾਨਕ ਪ੍ਰਭਾਵਸ਼ਾਲੀ ਲੋਕਾਂ ਦੀ ਮਦਦ ਲੈਣੀ ਸ਼ੁਰੂ ਹੋਈ, ਜਿਸ ਨੇ ਅਪਰਾਧੀਕਰਨ ਦਾ ਬੀਜ ਬੀਜਿਆ।

**1975 ਦੀ ਐਮਰਜੈਂਸੀ- ਲੋਕਤੰਤਰ ਦਾ ਗਹਿਰਾ ਜ਼ਖ਼ਮ** : 25 ਜੂਨ 1975 ਨੂੰ ਲਗਾਈ ਗਈ ਐਮਰਜੈਂਸੀ ਭਾਰਤੀ ਲੋਕਤੰਤਰ ਲਈ ਇੱਕ ਕਾਲਾ ਅਧਿਆਇ ਸੀ। ਇਸ ਨੇ ਇਹ ਸਿਖਾਇਆ ਕਿ ਸੱਤਾ ਨੂੰ ਬਰਕਰਾਰ ਰੱਖਣ ਲਈ ਸੰਵਿਧਾਨਿਕ ਮਰਿਆਦਾਵਾਂ ਨੂੰ ਵੀ ਕੁਚਲਿਆ ਜਾ ਸਕਦਾ ਹੈ।

**ਸੱਤਾ ਦਾ ਕੇਂਦਰੀਕਰਨ**: ਵਿਰੋਧੀ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕਣਾ ਅਤੇ ਮੀਡੀਆ 'ਤੇ ਪਾਬੰਦੀਆਂ ਨੇ ਇਹ ਦਿਖਾਇਆ ਕਿ ਸੱਤਾ ਕਿੰਨੀ ਬੇਰਹਿਮ ਹੋ ਸਕਦੀ ਹੈ।

**ਪੁਲਿਸ ਦੀ ਦੁਰਵਰਤੋਂ**: ਰਾਜਨੀਤਿਕ ਵਿਰੋਧੀਆਂ ਨੂੰ ਦਬਾਉਣ ਲਈ ਪੁਲਿਸ ਅਤੇ ਕਾਨੂੰਨ ਦੀ ਵਰਤੋਂ ਇੱਕ ਹਥਿਆਰ ਵਜੋਂ ਹੋਣ ਲੱਗੀ। **ਪ੍ਰਭਾਵ**: ਇਸ ਦੌਰ ਨੇ ਰਾਜਨੀਤੀ ਵਿੱਚ ਬਲ (Force) ਦੀ ਅਹਿਮੀਅਤ ਵਧਾ ਦਿੱਤੀ, ਜਿਸ ਨਾਲ ਅਪਰਾਧਿਕ ਅਨਸਰਾਂ ਨੂੰ ਰਾਜਨੀਤੀ ਦੇ ਨੇੜੇ ਆਉਣ ਦਾ ਮੌਕਾ ਮਿਲਿਆ।

**1990 ਦਾ ਦਹਾਕਾ- ਬਾਹੂਬਲੀਆਂ ਦਾ ਸਿੱਧਾ ਪ੍ਰਵੇਸ਼** : 90ਵਾਂ ਦਹਾਕਾ ਉਹ ਸਮਾਂ ਸੀ ਜਦੋਂ ਅਪਰਾਧੀ ਪਰਦੇ ਦੇ ਪਿੱਛੇ ਰਹਿ ਕੇ ਮਦਦ ਕਰਨ ਦੀ ਬਜਾਏ ਖੁਦ ਵਿਧਾਨ ਸਭਾਵਾਂ ਅਤੇ ਸੰਸਦ ਵਿੱਚ ਪਹੁੰਚਣ ਲੱਗੇ। ਕਿਉਂ ਵਧਿਆ ਅਪਰਾਧੀਕਰਨ ? ਮੰਡਲ-ਕਮੰਡਲ ਦੀ ਰਾਜਨੀਤੀ ਅਤੇ ਖੇਤਰੀ ਪਾਰਟੀਆਂ ਦੇ ਉਭਾਰ ਕਾਰਨ **'ਵਿਨੇਬਿਲਟੀ' (Winnability)** ਸਭ ਤੋਂ ਵੱਡਾ ਫੈਕਟਰ ਬਣ ਗਈ। ਪਾਰਟੀਆਂ ਨੂੰ ਅਜਿਹੇ ਉਮੀਦਵਾਰ ਚਾਹੀਦੇ ਸਨ ਜੋ ਬੂਥ ਕੈਪਚਰਿੰਗ ਕਰ ਸਕਣ ਅਤੇ ਆਪਣੇ ਪੈਸੇ ਦੇ ਦਮ 'ਤੇ ਚੋਣ ਲੜ ਸਕਣ।

**ਬਾਹੂਬਲੀ ਸੱਭਿਆਚਾਰ**: ਉੱਤਰ ਪ੍ਰਦੇਸ਼, ਬਿਹਾਰ ਅਤੇ ਹੋਰ ਰਾਜਾਂ ਵਿੱਚ ਅਜਿਹੇ ਨੇਤਾ ਉੱਭਰੇ ਜਿਨ੍ਹਾਂ 'ਤੇ ਦਰਜਨਾਂ ਕੇਸ ਸਨ ਪਰ ਉਹ ਭਾਰੀ ਬਹੁਮਤ ਨਾਲ ਜਿੱਤ ਕੇ 'ਮਾਣਯੋਗ' ਬਣ ਗਏ।

**2004 ਤੋਂ 2024 - ਅੰਕੜਿਆਂ ਦੀ ਖ਼ੌਫ਼ਨਾਕ ਤਸਵੀਰ** : ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ADR) ਦੀਆਂ ਰਿਪੋਰਟਾਂ ਨੇ ਸਾਲ-ਦਰ-ਸਾਲ ਦਿਖਾਇਆ ਹੈ ਕਿ ਭਾਰਤੀ ਰਾਜਨੀਤੀ ਕਿਸ ਤਰ੍ਹਾਂ ਗੰਧਲੀ ਹੁੰਦੀ ਗਈ ਹੈ। ਲੋਕ ਸਭਾ ਵਿੱਚ ਅਪਰਾਧਿਕ ਪਿਛੋਕੜ ਵਾਲੇ ਮੈਂਬਰਾਂ ਦਾ ਵਾਧਾ :

| ਸਾਲ, | ਕੁੱਲ MP, | ਅਪਰਾਧਿਕ ਮਾਮਲੇ, | ਗੰਭੀਰ ਮਾਮਲੇ |
|---|---|---|---|
| 2004, | 543, | 24%, | 12% |
| 2009, | 543, | 30%, | 15% |
| 2014, | 543, | 34%, | 21% |
| 2019, | 543, | 43%, | 29% |
| 2024, | 543, | 46%, | 31% |






**2024 ਦੀ ਹਕੀਕਤ**: ਅੱਜ 543 ਵਿੱਚੋਂ 251 ਸਾਂਸਦਾਂ 'ਤੇ ਅਪਰਾਧਿਕ ਮਾਮਲੇ ਹਨ। ਇਨ੍ਹਾਂ ਵਿੱਚੋਂ 170 (31%) 'ਤੇ ਕਤਲ, ਬਲਾਤਕਾਰ, ਅਗਵਾ ਅਤੇ ਭ੍ਰਿਸ਼ਟਾਚਾਰ ਵਰਗੇ ਗੰਭੀਰ ਦੋਸ਼ ਹਨ।

**ਪੰਜਾਬ ਵਿਧਾਨ ਸਭਾ - ਇੱਕ ਕੇਸ ਸਟੱਡੀ** : ਪੰਜਾਬ, ਜੋ ਆਪਣੀ ਨੈਤਿਕਤਾ ਅਤੇ **'ਸਰਬੱਤ ਦੇ ਭਲੇ'** ਦੇ ਫਲਸਫੇ ਲਈ ਜਾਣਿਆ ਜਾਂਦਾ ਸੀ, ਉੱਥੇ ਵੀ ਰਾਜਨੀਤਿਕ ਅਪਰਾਧੀਕਰਨ ਨੇ ਡੂੰਘੀਆਂ ਜੜ੍ਹਾਂ ਫੈਲਾਈਆਂ ਹਨ।

**ਮੌਜੂਦਾ ਸਥਿਤੀ (2022-2027)**: ਪੰਜਾਬ ਵਿਧਾਨ ਸਭਾ ਦੇ ਲਗਭਗ 50% (58 ਵਿਧਾਇਕ) ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ ਵਿੱਚੋਂ 23% 'ਤੇ ਗੰਭੀਰ ਕੇਸ ਹਨ।

**ਨਸ਼ੇ ਅਤੇ ਰਾਜਨੀਤੀ**: ਪੰਜਾਬ ਵਿੱਚ ਸਭ ਤੋਂ ਵੱਡਾ ਇਲਜ਼ਾਮ ਨੇਤਾਵਾਂ 'ਤੇ 'ਨਸ਼ਾ ਤਸਕਰੀ' ਨੂੰ ਸ਼ਹਿ ਦੇਣ ਦਾ ਲੱਗਦਾ ਰਿਹਾ ਹੈ।

**ਗੈਂਗਸਟਰ ਕਲਚਰ**: ਪਿਛਲੇ ਕੁਝ ਸਾਲਾਂ ਵਿੱਚ ਰਾਜਨੀਤੀ ਅਤੇ ਗੈਂਗਸਟਰਾਂ ਦੇ ਗਠਜੋੜ ਨੇ ਪੰਜਾਬ ਦੀ ਕਾਨੂੰਨ ਵਿਵਸਥਾ ਨੂੰ ਵੱਡੀ ਸੱਟ ਮਾਰੀ ਹੈ, ਜਿਸ ਦੀ ਮਿਸਾਲ ਸਿੱਧੂ ਮੂਸੇਵਾਲਾ ਵਰਗੇ ਕਤਲਕਾਂਡ ਹਨ।

**ਖੇਤੀਬਾੜੀ ਅਤੇ ਪੇਂਡੂ ਰਾਜਨੀਤੀ 'ਤੇ ਪ੍ਰਭਾਵ** : ਅਪਰਾਧੀਕਰਨ ਸਿਰਫ਼ ਸ਼ਹਿਰਾਂ ਤੱਕ ਸੀਮਤ ਨਹੀਂ ਸਗੋਂ ਇਸ ਨੇ ਪਿੰਡਾਂ ਦੀ ਰੂਹ ਨੂੰ ਵੀ ਪ੍ਰਦੂਸ਼ਿਤ ਕੀਤਾ ਹੈ।

**ਜ਼ਮੀਨੀ ਕਬਜ਼ੇ ਅਤੇ ਮਾਫ਼ੀਆ**: ਪੇਂਡੂ ਨੇਤਾ ਆਪਣੀ ਤਾਕਤ ਦੀ ਵਰਤੋਂ ਪੰਚਾਇਤੀ ਜ਼ਮੀਨਾਂ ਹੜੱਪਣ ਲਈ ਕਰਦੇ ਹਨ।

**ਸਹਿਕਾਰੀ ਸਭਾਵਾਂ 'ਤੇ ਕਬਜ਼ਾ**: ਕਿਸਾਨਾਂ ਦੀਆਂ ਸਹਿਕਾਰੀ ਸਭਾਵਾਂ ਜੋ ਉਨ੍ਹਾਂ ਦੀ ਆਰਥਿਕ ਮਦਦ ਲਈ ਸਨ, ਅੱਜ ਕਈ ਥਾਵਾਂ 'ਤੇ ਰਾਜਨੀਤਿਕ ਗੁੰਡਾਗਰਦੀ ਦਾ ਅੱਡਾ ਬਣ ਚੁੱਕੀਆਂ ਹਨ।

**ਨਕਲੀ ਬੀਜ ਅਤੇ ਦਵਾਈਆਂ**: ਜਦੋਂ ਕਾਨੂੰਨ ਬਣਾਉਣ ਵਾਲੇ ਹੀ ਨਕਲੀ ਦਵਾਈਆਂ ਦੇ ਮਾਫ਼ੀਆ ਨਾਲ ਮਿਲੇ ਹੋਣ ਤਾਂ ਕਿਸਾਨ ਦੀ ਫ਼ਸਲ ਦੇ ਖ਼ਰਾਬੇ 'ਤੇ ਕੋਈ ਸੁਣਵਾਈ ਨਹੀਂ ਹੁੰਦੀ।

**ਪੰਚਾਇਤੀ ਚੋਣਾਂ ਵਿੱਚ ਹਿੰਸਾ**: ਅੱਜ ਪਿੰਡਾਂ ਦੀਆਂ ਸਰਪੰਚੀਆਂ ਲਈ ਕਰੋੜਾਂ ਰੁਪਏ ਖਰਚੇ ਜਾਂਦੇ ਹਨ ਅਤੇ ਹਿੰਸਾ ਦਾ ਸਹਾਰਾ ਲਿਆ ਜਾਂਦਾ ਹੈ ਜੋ ਕਿ ਪੇਂਡੂ ਭਾਈਚਾਰੇ ਨੂੰ ਵੰਡ ਰਿਹਾ ਹੈ।

**ਨਿਆਂਪਾਲਿਕਾ ਦੇ ਮਹੱਤਵਪੂਰਨ ਫੈਸਲੇ** : ਜਦੋਂ ਰਾਜਨੀਤਿਕ ਪਾਰਟੀਆਂ ਨੇ ਖੁਦ ਨੂੰ ਸੁਧਾਰਨ ਤੋਂ ਇਨਕਾਰ ਕਰ ਦਿੱਤਾ ਤਾਂ **ਸੁਪਰੀਮ ਕੋਰਟ ਨੇ ਕੁਝ ਇਤਿਹਾਸਕ ਫੈਸਲੇ ਸੁਣਾਏ**: **2002/2003 ADR ਕੇਸ**: ਉਮੀਦਵਾਰਾਂ ਲਈ ਆਪਣੇ ਰਿਕਾਰਡ (Affidavit) ਨਸ਼ਰ ਕਰਨਾ ਲਾਜ਼ਮੀ ਹੋਇਆ। **2013 ਲਿਲੀ ਥਾਮਸ ਕੇਸ**: 2 ਸਾਲ ਜਾਂ ਵੱਧ ਦੀ ਸਜ਼ਾ ਹੋਣ 'ਤੇ ਸਾਂਸਦ/ਵਿਧਾਇਕ ਦੀ ਮੈਂਬਰਸ਼ਿਪ ਤੁਰੰਤ ਖ਼ਤਮ ਕਰਨ ਦਾ ਫੈਸਲਾ। **2018 ਪਬਲਿਕ ਇੰਟਰਸਟ ਫਾਊਂਡੇਸ਼ਨ ਕੇਸ**: ਪਾਰਟੀਆਂ ਨੂੰ ਉਮੀਦਵਾਰਾਂ ਦੇ ਅਪਰਾਧਿਕ ਰਿਕਾਰਡ ਅਖ਼ਬਾਰਾਂ ਅਤੇ ਵੈੱਬਸਾਈਟਾਂ 'ਤੇ ਪਾਉਣ ਦੇ ਹੁਕਮ।

**ਸੁਧਾਰਾਂ ਦੀ ਲੋੜ ਅਤੇ ਭਵਿੱਖ** : ਜੇ ਅਸੀਂ ਚਾਹੁੰਦੇ ਹਾਂ ਕਿ ਸਾਡਾ ਲੋਕਤੰਤਰ ਸੱਚਮੁੱਚ ਲੋਕਾਂ ਦਾ, ਲੋਕਾਂ ਦੁਆਰਾ ਅਤੇ ਲੋਕਾਂ ਲਈ ਹੋਵੇ ਤਾਂ ਸਾਨੂੰ ਇਹ ਕਦਮ ਚੁੱਕਣੇ ਪੈਣਗੇ ਫਾਸਟ ਟਰੈਕ ਅਦਾਲਤਾਂ: ਨੇਤਾਵਾਂ ਦੇ ਕੇਸਾਂ ਦਾ ਨਿਪਟਾਰਾ ਇੱਕ ਸਾਲ ਦੇ ਅੰਦਰ-ਅੰਦਰ ਹੋਣਾ ਚਾਹੀਦਾ ਹੈ।

**ਦੋਸ਼ ਤੈਅ ਹੋਣ 'ਤੇ ਪਾਬੰਦੀ**: ਜੇਕਰ ਕਿਸੇ 'ਤੇ ਅਦਾਲਤ ਵਿੱਚ ਗੰਭੀਰ ਦੋਸ਼ ਤੈਅ (Charges framed) ਹੋ ਜਾਣ ਤਾਂ ਉਸ ਨੂੰ ਚੋਣ ਲੜਨ ਤੋਂ ਰੋਕਿਆ ਜਾਵੇ।

**ਪਾਰਟੀ ਜਵਾਬਦੇਹੀ**: ਜੇ ਕੋਈ ਪਾਰਟੀ ਅਪਰਾਧੀ ਨੂੰ ਟਿਕਟ ਦਿੰਦੀ ਹੈ ਤਾਂ ਉਸ 'ਤੇ ਭਾਰੀ ਜੁਰਮਾਨਾ ਲਗਾਇਆ ਜਾਵੇ।

**ਵੋਟਰ ਦੀ ਜਾਗਰੂਕਤਾ**: ਸਭ ਤੋਂ ਵੱਡੀ ਅਦਾਲਤ ਜਨਤਾ ਦੀ ਹੈ। ਸਾਨੂੰ ਜਾਤ-ਪਾਤ ਅਤੇ ਪੈਸੇ ਦੇ ਲਾਲਚ ਤੋਂ ਉੱਪਰ ਉੱਠ ਕੇ ਵੋਟ ਪਾਉਣੀ ਪਵੇਗੀ। 1947 ਦੇ ਸੁਪਨਿਆਂ ਦਾ ਭਾਰਤ ਅੱਜ 2024 ਦੀ ਹਕੀਕਤ ਨਾਲ ਲੜ ਰਿਹਾ ਹੈ। ਅਪਰਾਧੀਕਰਨ ਇੱਕ ਅਜਿਹਾ ਕੈਂਸਰ ਹੈ ਜੋ ਲੋਕਤੰਤਰ ਨੂੰ ਅੰਦਰੋਂ ਖਾ ਰਿਹਾ ਹੈ। ਪਰ ਨਿਰਾਸ਼ ਹੋਣ ਦੀ ਲੋੜ ਨਹੀਂ ਹੈ।

ਭਾਰਤ ਦਾ ਲੋਕਤੰਤਰ ਅਜੇ ਵੀ ਜ਼ਿੰਦਾ ਹੈ ਕਿਉਂਕਿ ਇੱਥੋਂ ਦੇ ਵੋਟਰ ਅਤੇ ਨਿਆਂਪਾਲਿਕਾ ਜਾਗਰੂਕ ਹੋ ਰਹੇ ਹਨ। ਜੇ ਅਸੀਂ ਚਾਹੁੰਦੇ ਹਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਸਾਫ਼-ਸੁਥਰਾ ਸਮਾਜ ਮਿਲੇ ਤਾਂ ਸਾਨੂੰ ਅੱਜ ਹੀ ਕਾਨੂੰਨ ਤੋੜਨ ਵਾਲਿਆਂ ਨੂੰ ਕਾਨੂੰਨ ਬਣਾਉਣ ਵਾਲੇ ਬਣਾਉਣ ਦੀ ਪ੍ਰਕਿਰਿਆ 'ਤੇ ਰੋਕ ਲਾਉਣੀ ਪਵੇਗੀ।

# ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਪੌਦਿਆਂ ਦਾ ਲੰਗਰ ਲਗਾਇਆ



ਬੁਢਲਾਡਾ, 15 ਫਰਵਰੀ (ਜੀਵਨ ਕੁਮਾਰ):ਫੱਗਣ ਮਹੀਨੇ ਦਾ ਸੁਹਾਵਣਾ ਮੌਸਮ ਸ਼ੁਰੂ ਹੁੰਦੇ ਹੀ ਸਥਾਨਕ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵਲੋਂ ਰਿਟਾਇਰ ਪਟਵਾਰੀ ਬਲਵਿੰਦਰ ਸਿੰਘ ਜੀ ਦੇ ਸਹਿਯੋਗ ਨਾਲ ਪਿੰਡ ਹਾਕਮ ਵਾਲਾ ਵਿਖੇ ਇੱਕ ਵਿਸ਼ੇਸ਼ ਸਮਾਗਮ ਦੌਰਾਨ ਪੌਦਿਆਂ ਦਾ ਲਗਾਏ ਲੰਗਰ ਦੌਰਾਨ ਲੱਗਭੱਗ 300 ਪੌਦੇ ਵੰਡੇ ਗਏ।ਇਸਦੇ ਨਾਲ ਹੀ ਸੰਸਥਾ ਅਤੇ ਗੁਰਦੁਆਰਾ ਕਮੇਟੀ ਮੈਂਬਰਾਂ ਵਲੋਂ ਗੁਰਦੁਆਰਾ ਸਾਹਿਬ ਦੇ ਖੁੱਲ੍ਹੇ ਮੈਦਾਨ ਵਿੱਚ ਵੀ ਰੁੱਖਾਂ ਦੇ ਪੌਦੇ ਲਗਾਏ ਗਏ। ਇਸ ਤੋਂ ਪਹਿਲਾਂ ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਮਾਸਟਰ ਕੁਲਵੰਤ ਸਿੰਘ ਅਤੇ ਬਲਵਿੰਦਰ ਸਿੰਘ ਪਟਵਾਰੀ ਨੇ ਸੰਗਤਾਂ ਨੂੰ ਨਾਮ ਜਪਣ, ਸ਼ੁਭ ਕਾਰਜ਼ ਕਰਨ ਅਤੇ ਵਾਤਾਵਰਣ ਸੁਰੱਖਿਆ ਲਈ ਪੌਦੇ ਲਗਾਉਣ ਦੀ ਪ੍ਰੇਰਨਾ ਦਿੱਤੀ। ਪਟਵਾਰੀ ਬਲਵਿੰਦਰ ਸਿੰਘ ਨੇ 11 ਹਜ਼ਾਰ ਰੁਪਏ ਸੰਸਥਾ ਨੂੰ ਦੇਣ ਦਾ ਐਲਾਨ ਕੀਤਾ।ਪਿੰਡ ਦੀ ਪੰਚਾਇਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਸੰਸਥਾ ਦੇ ਇਸ ਕਾਰਜ਼ ਲਈ ਧੰਨਵਾਦ ਕੀਤਾ ਅਤੇ ਸੰਸਥਾ ਵਲੋਂ 8 ਮਾਰਚ ਨੂੰ ਕੀਤੇ ਜਾ ਰਹੇ ਵਿਆਹ ਮਹਾਂ ਉਤਸਵ ਮੌਕੇ ਵੱਧ ਤੋਂ ਵੱਧ ਮੱਦਦ ਕਰਨ ਦਾ ਵਾਅਦਾ ਕੀਤਾ। ਇਹ ਮੌਕੇ ਸੰਸਥਾ ਮੈਂਬਰ ਮਾਸਟਰ ਕੁਲਵੰਤ ਸਿੰਘ, ਪਰਮਜੀਤ ਸਿੰਘ ਅਨੇਜਾ, ਅਮਰਜੀਤ ਸਿੰਘ ਕੈਂਥ, ਮਹਿੰਦਰਪਾਲ ਸਿੰਘ , ਪਿੰਡ ਦੇ ਗੁਰਦੁਆਰਾ ਕਮੇਟੀ ਪ੍ਰਧਾਨ ਜਗਤਾਰ ਸਿੰਘ, ਪਟਵਾਰੀ ਬਲਵਿੰਦਰ ਸਿੰਘ,ਸਰਪੰਚ ਸੁਖਵਿੰਦਰ ਸਿੰਘ, ਸਾਬਕਾ ਸਰਪੰਚ ਪਲਵਿੰਦਰ ਸਿੰਘ,ਸਾਬਕਾ ਪੰਚ ਸੁਖਵਿੰਦਰ ਸਿੰਘ ਭੋਲਾ,ਜਗਵੀਰ ਸਿੰਘ ਮਾਨ, ਕੁਲਦੀਪ ਸਿੰਘ ਮਾਨ, ਸਾਬਕਾ ਪੰਚ ਸੁਰਜੀਤ ਸਿੰਘ, ਰਾਜਵਿੰਦਰ ਸਿੰਘ, ਦਵਿੰਦਰ ਸਿੰਘ, ਡਾਕਟਰ ਸੁਖਪਾਲ ਸਿੰਘ, ਮਨਿੰਦਰਜੀਤ ਸਿੰਘ ਸਮੇਤ ਅਨੇਕਾਂ ਸੰਗਤਾਂ ਮੌਜੂਦ ਸਨ।

# ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਸਬ ਡਵੀਜਨ ਮੂਨਕ ਵਿਖੇ 5 ਮੁਕੱਦਮੇਂ ਦਰਜ

ਮੂਨਕ,15 ਫਰਵਰੀ (ਸਮਸ਼ੇਰ ਸਿੰਘ ਭੁਟਾਲ): ਸ੍ਰੀ ਸਰਤਾਜ ਸਿੰਘ ਚਾਹਲ ਐਸ.ਐਸ.ਪੀ. ਸੰਗਰੂਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਬ ਡਵੀਜਨ ਮੂਨਕ ਪੁਲਿਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਅਤੇ ਪਿੰਡਾਂ ਦੇ ਪਹਿਰੇਦਾਰ ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਮਿਤੀ 08.02.2026 ਤੋਂ 15.02.2026 ਤੱਕ ਡਰੱਗ ਦੇ 04 ਮੁਕੱਦਮੇ ਦਰਜ ਕਰਕੇ 05 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਪਾਸੋਂ 90 ਨਸ਼ੀਲੀਆਂ ਗੋਲੀਆਂ , 02 ਕਿਲੋ ਭੁੱਕੀ, ਅਤੇ 60 ਗ੍ਰਾਮ ਅਫੀਮ ਬ੍ਰਾਮਦ ਕਰਵਾਏ ਗਏ ਅਤੇ ਸ਼ਰਾਬ ਦਾ ਧੰਦਾ ਕਰਨ ਵਾਲਿਆ ਦੇ ਖਿਲਾਫ ਕਾਰਵਾਈ ਕਰਦਿਆ ਇੱਕ ਮੁਕੱਦਮਾ ਦਰਜ ਕਰਕੇ ਇੱਕ ਦੋਸ਼ੀ ਨੂੰ ਗ੍ਰਿਫਤਾਰ ਕਰਕੇ 09 ਬੋਤਲਾਂ ਸ਼ਰਾਬ ਠੇਕਾ ਦੇਸੀ ਹੋਰਿਆਣਾ ਬ੍ਰਾਮਦ ਕਰਵਾਈ ਗਈ।ਨਸ਼ੇ ਦੀ ਦਲਦਲ ਵਿੱਚ ਫਸੇ 03 ਵਿਅਕਤੀਆਂ ਨੂੰ ਨਸ਼ਾ ਛੁਡਾਓ ਕੇਂਦਰ ਵਿੱਚ ਦਾਖਲ ਕਰਵਾਇਆ ਗਿਆ ਹੈ। ਇਸ ਤੋ ਇਲਾਵਾ ਟਰੈਫਿਕ ਨਿਯਮਾ ਦੀ ਉਲੰਘਣਾ ਕਰਨ ਵਾਲੇ ਵਹੀਕਲਾਂ ਦੇ ਵੱਖ-ਵੱਖ ਜੁਰਮਾਂ ਤਹਿਤ 123 ਟਰੈਫਿਕ ਚਲਾਣ ਕੀਤੇ ਗਏ ਹਨ। ਸ਼ੱਕੀ ਵਿਅਕਤੀਆ ਦੀ ਚੈਕਿੰਗ ਕਰਕੇ 153 ਵਿਅਕਤੀਆਂ ਵਿਰੁੱਧ 172 BNSS ਤਹਿਤ ਕਾਰਵਾਈ ਕੀਤੀ ਗਈ ਅਤੇ 03 ਵਿਅਕਤੀਆਂ ਵਿਰੁੱਧ ਰੋਕੂ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਵਰ ਪੁਰਸ਼ਾਂ ਨਾਲ ਮੀਟਿੰਗਾਂ ਕਰਕੇ ਆਮ ਪਬਲਿਕ ਅਤੇ ਨੌਜਵਾਨਾ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਨਸ਼ੇ ਦਾ ਧੰਦਾ ਕਰਨ ਵਾਲੇ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਨਸ਼ਿਆਂ ਖਿਲਾਫ ਜੰਗ ਜਾਰੀ ਹੈ।

# ਸਾਹਿਤ ਸਭਾ ਸੁਨਾਮ ਵੱਲੋਂ ਵਿਸ਼ਵ ਭਾਸ਼ਾ ਦਿਵਸ ਮਨਾਇਆ ਗਿਆ



ਸੁਨਾਮ ਊਧਮ ਸਿੰਘ ਵਾਲਾ, 15 ਫਰਵਰੀ ( ਮੋਹਣ ਸ਼ਰਮਾ/ ਰਾਊਵਿੰਦਰ ਮਠਾੜੂ): ਸਾਹਿਤ ਸਭਾ ਸੁਨਾਮ ਊਧਮ ਸਿੰਘ ਵਾਲਾ ਦੀ ਮਾਸਿਕ ਸਾਹਿਤਕ ਇਕੱਤਰਤਾ ਸ਼ਹੀਦ ਊਧਮ ਸਿੰਘ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸੁਨਾਮ ਵਿਖੇ ਪ੍ਰਧਾਨ ਜਸਵੰਤ ਸਿੰਘ ਅਸਮਾਨੀ, ਗਿਆਨੀ ਜੰਗੀਰ ਸਿੰਘ ਰਤਨ ਅਤੇ ਦਲਬਾਰ ਸਿੰਘ ਚੱਠੇ ਸੇਖਵਾਂ ਦੀ ਪ੍ਰਧਾਨਗੀ ਵਿੱਚ ਕੀਤੀ ਗਈ। ਵਿਸ਼ਵ ਮਾਤ ਭਾਸ਼ਾ ਦਿਵਸ ਅਤੇ ਮਹਾਂ ਸ਼ਿਵਰਾਤਰੀ ਨੂੰ ਸਮਰਪਿਤ ਅੱਜ ਦੀ ਇਕੱਤਰਤਾ ਵਿੱਚ ਸਾਹਿਤ ਸਭਾ ਦੇ ਸਰਪ੍ਰਸਤ ਗਿਆਨੀ ਜੰਗੀਰ ਸਿੰਘ ਰਤਨ ਨੇ ਕਿਹਾ ਕਿ ਅੱਜ ਕੌਮਾਂਤਰੀ ਮਾਤ ਭਾਸ਼ਾ ਦਿਵਸ ਮੌਕੇ ਸੰਸਾਰ ਭਰ ਦੀਆਂ ਸਮੂਹ ਭਾਸ਼ਾਵਾਂ ਨੂੰ ਬਹੁਤ ਬਹੁਤ ਮੁਬਾਰਕਬਾਦ। ਹਰ ਭਾਸ਼ਾ ਦੇ ਧੀਆਂ ਪੁੱਤਰਾਂ ਨੂੰ ਆਪਣੀ ਮਾਤ ਭਾਸ਼ਾ ਦੀ ਸਲਾਮਤੀ ਤੇ ਸਤਿਕਾਰ, ਵਿਕਾਸ ਤੇ ਵਿਗਾਸ ਲਈ ਸਦਾ ਜਾਗਰੂਕ ਰਹਿਣਾ ਚਾਹੀਦਾ ਹੈ। ਸਾਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਤੇ ਮਾਣ ਹੈ। ਪੰਜਾਬੀ ਭਾਸ਼ਾ ਸਾਡੀ ਪਛਾਣ, ਸ਼ਾਨ ਤੇ ਜ਼ਿੰਦ ਜਾਨ ਹੈ। ਪ੍ਰਧਾਨ ਜਸਵੰਤ ਸਿੰਘ ਅਸਮਾਨੀ ਨੇ ਕਿਹਾ ਕਿ ਸਭ ਨੂੰ ਆਪੋ ਆਪਣੀ ਮਾਤ ਭਾਸ਼ਾ ਨੂੰ ਪਿਆਰ ਅਤੇ ਦੂਜੀਆਂ ਭਾਸ਼ਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਦਲਬਾਰ ਸਿੰਘ ਚੱਠੇ ਸ਼ੇਖਵਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਆਪਣੀ ਮਾਤ ਭਾਸ਼ਾ ਦੀ ਖੁਸ਼ਹਾਲੀ ਅਤੇ ਰਖਵਾਲੀ ਲਈ ਹਰ ਪੱਖੋਂ ਹਮੇਸ਼ਾ ਯਤਨਸ਼ੀਲ ਅਤੇ ਸਾਵਧਾਨ ਰਹਿਣ ਦੀ ਜ਼ਰੂਰਤ ਹੈ। ਐਡਵੋਕੇਟ ਰਮੇਸ਼ ਕੁਮਾਰ ਸ਼ਰਮਾ ਨੇ ਕਿਹਾ ਕਿ ਮਾਂ ਸ਼ਬਦ ਬੋਲਿਆਂ ਮੂੰਹ ਮਿਠਾਸ ਨਾਲ ਭਰ ਜਾਂਦਾ ਹੈ ਅਤੇ ਮਾਂ ਬੋਲੀ ਬੋਲਿਆਂ ਮਨ ਹੁਲਾਸ ਨਾਲ ਭਰ ਜਾਂਦਾ ਹੈ। ਪਵਨ ਕੁਮਾਰ ਹੋਸੀ ਨੇ ਕਿਹਾ ਕਿ ਵਿਦਵਾਨ ਲੇਖਕਾਂ ਦੀਆਂ ਕਲਮਾਂ ਹੀ ਆਪਣੇ ਵਿਦਵਾਨ ਵਿਚਾਰਾਂ ਰਾਹੀਂ ਸਮਾਜ ਨੂੰ ਸਹੀ ਸੇਧ ਪ੍ਰਦਾਨ ਕਰਦੀਆਂ ਹਨ। ਸੁਪਿੰਦਰ ਭਾਰਦਵਾਜ ਨੇ ਮਹਾਂ ਸ਼ਿਵਰਾਤਰੀ ਦੇ ਸਬੰਧ ਵਿੱਚ ਵਿਸਥਾਰ ਨਾਲ ਚਾਨਣਾ ਪਾਇਆ। ਕਵਿਤਾਵਾਂ ਦੇ ਦੌਰ ਵਿੱਚ ਜਸਵੰਤ ਸਿੰਘ ਅਸਮਾਨੀ ਨੇ ਮਾਤ ਭਾਸ਼ਾ ਪੰਜਾਬੀ ਨੂੰ ਸਮਰਪਿਤ ਰਚਨਾ ਨਾਲ ਹਾਜ਼ਰੀ ਲਗਵਾਈ। ਹਰਮੇਲ ਸਿੰਘ ਪੁਰਾਣੇ ਵਿਰਸੇ ਵਿਰਾਸਤ ਦੀ ਬਾਤ ਪਾਉਂਦੀ ਰਚਨਾ ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ ਨਾਲ ਰੂਬਰੂ ਹੋਏ। ਇਹਨਾਂ ਤੋਂ ਇਲਾਵਾ ਹਰਦੀਪ ਸਿੰਘ ਕੜੈਲ, ਮਿਲਖਾ ਸਿੰਘ ਸਨੇਹੀ, ਬੇਅੰਤ ਸਿੰਘ, ਪਰਮਿੰਦਰ ਸਿੰਘ, ਸੁਰੇਸ਼ ਕੁਮਾਰ ਚੌਹਾਨ, ਐਡਵੋਕੇਟ ਰਮੇਸ਼ ਕੁਮਾਰ ਸ਼ਰਮਾ, ਸਤਿਗੁਰ ਸੁਨਾਮੀ ਬਲਵਿੰਦਰ ਸਿੰਘ ਜਿਲੇਦਾਰ ਤੇ ਪਵਨ ਕੁਮਾਰ ਹੋਸੀ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਨਾਲ ਸ਼ਾਨਦਾਰ ਹਾਜ਼ਰੀ ਲਗਵਾਈ। ਸਭਾ ਦੇ ਸਰਪ੍ਰਸਤ ਗਿਆਨੀ ਜੰਗੀਰ ਸਿੰਘ ਰਤਨ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਵੱਲੋਂ ਕੌਮਾਂਤਰੀ ਮਾਤ ਭਾਸ਼ਾ ਦਿਵਸ ਲਈ ਨੀਅਤ ਨਾਹਰੇ ਸਾਂਝੇ ਕੀਤੇ।

# ਸਰਕਾਰੀ ਹੋਮਿਓਪੈਥੀ ਮੈਡੀਕਲ ਕਾਲਜ ਮਨਜ਼ੂਰ ਕਰਨ ਤੇ ਕੀਤਾ ਧੰਨਵਾਦ



ਸੰਗਰੂਰ 15 ਫਰਵਰੀ (ਹਰਕੰਵਲ ਸਿੰਘ ਹੈਪੀ) ਪੰਜਾਬ ਸਰਕਾਰ ਵੱਲੋਂ ਮਸਤੂਆਣਾ ਸਾਹਿਬ ਵਿਖੇ ਸਰਕਾਰੀ ਹੋਮਿਓਪੈਥੀ ਮੈਡੀਕਲ ਕਾਲਜ ਸਥਾਪਿਤ ਕਰਨ ਦੇ ਫੈਸਲੇ ਲਈ ਅਸੀਂ ਐਸੋਸ਼ੀਏਸ਼ਨ ਫਾਰ ਸਾਇੰਟਿਫਿਕ ਰੀਸਰਚ ਇੰਨ ਹੋਮਿਓਪੈਥੀ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ , ਸਿਹਤ ਮੰਤਰੀ ਡਾ ਬਲਬੀਰ ਸਿੰਘ, ਸਕੱਤਰ ਮਸਤੂਆਨਾ ਸਾਹਿਬ ਮੈਨੇਜਮੈਂਟ ਜਸਵੰਤ ਸਿੰਘ ਦੇ ਬਹੁਤ ਧੰਨਵਾਦੀ ਹਾਂ। ਇਹ ਧੰਨਵਾਦ ਡਾ ਅਵਤਾਰ ਸਿੰਘ ਪ੍ਰਧਾਨ, ਡਾ ਏ ਐਸ ਮਾਨ ਸਕੱਤਰ,ਡਾ ਭੁਪਿੰਦਰ ਸਿੰਘ ਤੇ ਡਾ ਵਿਨੋਦ ਸਿੰਗਲਾ ਮੀਤ ਪ੍ਰਧਾਨ ਨੇ ਕਰਦਿਆਂ ਕਿਹਾ ਕਿ ਇਹ ਮੰਗ 1995 ਤੋਂ ਲਟਕਦੀ ਆ ਰਹੀ ਸੀ,ਜਦ ਕਿ ਕਿਸੇ ਸਿਸਟਮ ਦੀ ਪ੍ਰਗਤੀ ਲਈ ਸਰਕਾਰੀ ਇੰਸਟੀਚਿਊਟ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ,ਡਾ ਮਾਨ ਨੇ ਕਿਹਾ ਇਹ ਸਾਰੇ ਇਲਾਕੇ ਲਈ ਇੱਕ ਵੱਡੀ ਦੇਣ ਹੈ ਕਿਉਂਕਿ ਕਾਲਜ ਦੇ ਨਾਲ ਨਾਲ ਹੋਮਿਓਪੈਥੀ ਹਸਪਤਾਲ ਵੀ ਬਣੇਗਾ, ਜਿਥੇ ਲੋਕਾਂ ਨੂੰ ਸਸਤਾ ਤੇ ਵਧੀਆ ਇਲਾਜ ਉਪਲਬਧ ਹੋਵੇਗਾ, ਹੋਮਿਓਪੈਥੀ ਸਿਸਟਮ ਜੋ ਮਨੁੱਖਾਂ ਦੇ ਨਾਲ ਪਸ਼ੂਆਂ ਦੀਆਂ ਬਿਮਾਰੀਆਂ ਲਈ ਵੀ ਬਹੁਤ ਲਾਹੇਵੰਦ ਹੈ ਦਾ ਫਾਇਦਾ ਕਿਸਾਨਾਂ ਨੂੰ ਹੋਵੇਗਾ। ਡਾ ਅਵਤਾਰ ਸਿੰਘ ਨੇ ਕਿਹਾ ਕਿ ਹੋਮਿਓਪੈਥੀ ਜਗਤ ਆਪ ਸਰਕਾਰ ਅਤੇ ਮਸਤੂਆਣਾ ਸਾਹਿਬ ਦੀ ਮੈਨੇਜਮੈਂਟ ਦਾ ਇਸ ਲਈ ਹਮੇਸ਼ਾਂ ਧੰਨਵਾਦੀ ਰਹੇਗਾ।

# ਰਾਜਸਥਾਨ ਤੋਂ ਲਿਆਂਦੀ ਸਾਢੇ ਛੇ ਕਿੱਲੋ ਅਫੀਮ ਸਮੇਤ ਦੋ ਜਣੇ ਗ੍ਰਿਫਤਾਰ।



ਬਠਿੰਡਾ, 15 ਫਰਵਰੀ (ਦੀਪਕ ਸ਼ਰਮਾ): ਪੁਲਿਸ ਨੇ ਕਾਰ ਸਵਾਰ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 6 ਕਿੱਲੋ 500 ਗ੍ਰਾਮ ਅਫੀਮ ਬਰਾਮਦ ਕੀਤੀ ਹੈ। ਪੁਲਿਸ ਮੁਤਾਬਕ ਫੜੇ ਗਏ ਮੁਲਜ਼ਮ ਰਾਜਸਥਾਨ ਤੋਂ ਨਸ਼ੇ ਦੀ ਵੱਡੀ ਖੇਪ ਲਿਆ ਕੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਸਪਲਾਈ ਕਰਨ ਦੀ ਫਿਰਾਕ ਵਿੱਚ ਸਨ। ਪੁਲਿਸ ਨੇ ਨਸ਼ੇ ਦੀ ਖੇਪ ਸਮੇਤ ਤਸਕਰੀ ਲਈ ਵਰਤੀ ਗਈ ਸਵਿਫਟ ਡਿਜ਼ਾਇਰ ਕਾਰ ਨੂੰ ਵੀ ਕਬਜ਼ੇ ਵਿੱਚ ਲੈ ਲਿਆ ਹੈ। ਕਥਿਤ ਦੋਸ਼ੀਆਂ ਖਿਲਾਫ ਥਾਣਾ ਕੈਨਾਲ ਕਲੋਨੀ ਵਿਖੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਕਥਿਤ ਦੋਸ਼ੀਆਂ ਦਾ ਤਿੰਨ ਦਿਨਾਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ ਤਾਂ ਕਿ ਇਸ ਮਾਮਲੇ ਦੀ ਹੋਰ ਡੂੰਘਾਈ ਨਾਲ ਛਾਣਬੀਨ ਕੀਤੀ ਜਾਵੇ ਅਤੇ ਇਹਨਾਂ ਨਾਲ ਹੋਰ ਕਿੰਨੇ ਵਿਅਕਤੀ ਕੰਮ ਕਰ ਰਹੇ ਹਨ ਉਹਨਾਂ ਬਾਰੇ ਜਾਣਕਾਰੀ ਹਾਸਲ ਕੀਤੀ ਜਾਵੇ। ਇਸ ਤੋਂ ਇਲਾਵਾ ਪੀਲੀਆ ਬੰਗਾਂ ਤੋਂ ਇਹ ਕਿਸ ਵਿਅਕਤੀ ਸਨ।ਸਥਾਨਕ ਸੈਕਟਰੀਏਟ ਵਿੱਚ ਕੀਤੀ ਗਈ ਪ੍ਰੈਸ ਵਾਰਤਾ ਦੌਰਾਨ ਐਸਪੀ ਸਿਟੀ ਨਰਿੰਦਰ ਸਿੰਘ ਅਤੇ ਡੀਐਸਪੀ ਸਿਟੀ-1 ਅੰਮ੍ਰਿਤਪਾਲ ਸਿੰਘ ਭਾਟੀ ਨੇ ਦੱਸਿਆ ਕਿ ਨਸ਼ਾ ਵਿਰੋਧੀ ਮੁਹਿੰਮ ਤਹਿਤ ਲੰਘੀ 14 ਫਰਵਰੀ ਨੂੰ ਥਾਣਾ ਕੈਨਾਲ ਕਲੋਨੀ ਅਧੀਨ ਪੈਂਦੀ ਚੌਂਕੀ ਵਰਧਮਾਨ ਦੀ ਪੁਲਿਸ ਪਾਰਟੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਤਕਨੀਕੀ ਯੂਨੀਵਰਸਿਟੀ ਕੋਲ ਨਾਕਾਬੰਦੀ ਕੀਤੀ ਗਈ ਸੀ। ਇਸ ਦੌਰਾਨ ਬਠਿੰਡਾ- ਸਵਿਫਟ ਡਿਜ਼ਾਇਰ ਕਾਰ ਨੂੰ ਸ਼ੱਕ ਦੇ ਆਧਾਰ ਤੇ ਰੋਕਿਆ ਗਿਆ। ਕਾਰ ਦੀ ਤਲਾਸ਼ੀ ਲੈਣ 'ਤੇ ਉਸ ਵਿੱਚੋਂ 4 ਕਿੱਲੋ ਅਫੀਮ ਬਰਾਮਦ ਹੋਈ, ਜਿਸ ਤੋਂ ਬਾਅਦ ਕਾਰ ਸਵਾਰ ਜਗਸੀਰ ਸਿੰਘ ਉਰਫ ਸੀਰਾ ਵਾਸੀ ਮਾਨਸਾ ਅਤੇ ਮਹਿੰਦਰ ਸਿੰਘ ਵਾਸੀ ਬਠਿੰਡਾ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਮੁਲਜ਼ਮ ਜਗਸੀਰ ਸਿੰਘ ਦੀ ਨਿਸ਼ਾਨਦੇਹੀ 'ਤੇ 2.5 ਕਿੱਲੋ ਹੋਰ ਅਫੀਮ ਬਰਾਮਦ ਕੀਤੀ ਗਈ, ਜਿਸ ਨਾਲ ਕੁੱਲ ਬਰਾਮਦਗੀ 6.5 ਕਿੱਲੋ ਤੱਕ ਪਹੁੰਚ ਗਈ। ਇਸ ਤੋਂ ਇਲਾਵਾ ਜੋ ਖੁਲਾਸਾ ਹੋਇਆ ਹੈ ਕੀ ਕਥਿਤ ਦੋਸ਼ੀ ਅਫੀਮ ਦੀ ਇਹ ਖੇਪ ਰਾਜਸਥਾਨ ਦੇ ਪੀਲੀਆਂ ਬੰਗਾ ਸ਼ਹਿਰ ਤੋਂ ਕਿਸੇ ਵਿਅਕਤੀ ਤੋਂ ਖਰੀਦ ਕੇ ਲਿਆਏ ਸਨ ਅਤੇ ਇਸ ਨੂੰ ਬਠਿੰਡਾ ਤੋਂ ਇਲਾਵਾ ਬਰਨਾਲਾ, ਸੰਗਰੂਰ ਅਤੇ ਮਾਨਸਾ ਵਿਖੇ ਸਪਲਾਈ ਕਰਨੀ ਸੀ।ਪੁਲਿਸ ਰਿਕਾਰਡ ਮੁਤਾਬਕ ਮੁਲਜ਼ਮ ਜਗਸੀਰ ਸਿੰਘ ਖ਼ਿਲਾਫ਼ ਪਹਿਲਾਂ ਵੀ ਨਸ਼ਾ ਤਸਕਰੀ ਦੇ ਕਈ ਮਾਮਲੇ ਦਰਜ ਹਨ, ਜਦਕਿ ਮਹਿੰਦਰ ਸਿੰਘ ਦਾ ਪਿਛੋਕੜ ਖੰਗਾਲਿਆ ਜਾ ਰਿਹਾ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਇਸ ਨੈੱਟਵਰਕ ਨਾਲ ਜੁੜੇ ਹੋਰ ਲੋਕਾਂ ਦੀ ਭਾਲ ਲਈ ਛਾਪੇਮਾਰੀ ਜਾਰੀ ਹੈ।

# ਸਾਬਕਾ ਪ੍ਰਧਾਨ ਟਰੱਕ ਯੂਨੀਅਨ ਵੱਲੋਂ 3 ਗਰੀਬ ਲੜਕੀਆਂ ਦਾ ਵਿਆਹ



ਬੁਢਲਾਡਾ,15 ਫਰਵਰੀ(ਜੀਵਨ ਕੁਮਾਰ): ਪਵਿੱਤਰ ਮਹਾਂ ਸ਼ਿਵਰਾਤਰੀ ਦੇ ਮੌਕੇ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਦੇ ਪ੍ਰਧਾਨ ਰਾਮਇੰਦਰ ਸਿੰਘ (ਰਾਮ) ਵੱਲੋਂ ਸਮਾਜ ਸੇਵਾ ਦੀ ਵਿਲੱਖਣ ਮਿਸਾਲ ਪੇਸ਼ ਕਰਦਿਆਂ ਤਿੰਨ ਗਰੀਬ ਲੜਕੀਆਂ ਦਾ ਸਮੂਹਿਕ ਵਿਆਹ ਕਰਵਾਇਆ ਗਿਆ। ਇਹ ਵਿਆਹ ਸਮਾਰੋਹ ਧਾਰਮਿਕ ਰਸਮਾਂ ਅਨੁਸਾਰ ਸਾਦਗੀ ਅਤੇ ਭਾਵੁਕ ਮਾਹੌਲ ਵਿੱਚ ਸੰਪੰਨ ਹੋਇਆ।ਇਸ ਪਵਿੱਤਰ ਕਾਰਜ ਵਿੱਚ ਪ੍ਰਧਾਨ ਰਾਮਇੰਦਰ ਸਿੰਘ ਦੇ ਨਾਲ ਉਹਨਾਂ ਦੇ ਦੋਸਤਾਂ ਅਤੇ ਸਹਿਯੋਗੀਆਂ ਵੱਲੋਂ ਵੱਡਾ ਯੋਗਦਾਨ ਪਾਇਆ ਗਿਆ। ਇਸ ਮੌਕੇ ਪਰਵਿੰਦਰ ਗੱਗੂ, ਰਾਜੂ ਘੰਡ, ਦੀਪੂ ਵਰਮਾ ਪ੍ਰਧਾਨ ਪੀਰਖਾਨਾ ਕਮੇਟੀ, ਗੁਰਵਿੰਦਰ ਕਾਲੂ, ਵਿਸ਼ਾਲ ਬੋਬੀ, ਦੀਪਾ ਐਮ.ਸੀ., ਸ਼ੰਮੀ, ਜੱਗੀ ਬੁਲਟ, ਗੁਰਸ਼ਰਨ ਸਰਨੀ, ਕਾਰਤਿਕ ਸੰਧੂਜਾ, ਗੋਲੂ ਵਰਮਾ, ਰੋਹਿਤ ਵਰਮਾ ਅਤੇ ਮਨਪ੍ਰੀਤ ਮਨੂੰ ਸੈਣੀ ਖ਼ਾਸ ਤੌਰ 'ਤੇ ਹਾਜ਼ਰ ਰਹੇ ਅਤੇ ਉਨ੍ਹਾਂ ਨੇ ਇਸ ਸਮਾਜ ਸੇਵਾ ਦੇ ਕਾਰਜ ਵਿੱਚ ਵਧ ਚੜ੍ਹ ਕੇ ਸਾਥ ਦਿੱਤਾ।ਸਮਾਗਮ ਦੌਰਾਨ ਨਵ-ਵਿਵਾਹਿਤ ਜੋੜਿਆਂ ਨੂੰ ਆਸ਼ੀਰਵਾਦ ਦੇਣ ਦੇ ਨਾਲ-ਨਾਲ ਘਰੇਲੂ ਵਰਤੋਂ ਦਾ ਸਮਾਨ, ਕੱਪੜੇ ਅਤੇ ਹੋਰ ਜ਼ਰੂਰੀ ਸਾਮਾਨ ਵੀ ਭੇਟ ਕੀਤਾ ਗਿਆ, ਤਾਂ ਜੋ ਉਹ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਸੁਖਮਈ ਢੰਗ ਨਾਲ ਕਰ ਸਕਣ।ਪ੍ਰਧਾਨ ਰਾਮਇੰਦਰ ਸਿੰਘ ਨੇ ਕਿਹਾ ਕਿ ਮਹਾਂ ਸ਼ਿਵਰਾਤਰੀ ਦੇ ਪਵਿੱਤਰ ਦਿਹਾੜੇ 'ਤੇ ਧੀਆਂ ਦਾ ਵਿਆਹ ਕਰਵਾਉਣਾ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ ਅਤੇ ਸਮਾਜ ਦੇ ਸਮਰੱਥ ਲੋਕਾਂ ਨੂੰ ਲੋੜਵੰਦ ਪਰਿਵਾਰਾਂ ਦੀ ਮੱਦਦ ਲਈ ਅੱਗੇ ਆਉਣਾ ਚਾਹੀਦਾ ਹੈ।

# ਤਰਸੇਮ ਲੰਡੇ ਦੀ ਪਲੇਠੀ ਬਾਲ ਕਿਤਾਬ ਓ-ਅ ਸਾਡਾ ਸਾਥੀ ਲੋਕ ਅਰਪਣ



ਭਗਤਾ ਭਾਈ ਕਾ, 15 ਫਰਵਰੀ (ਸਵਰਨ ਸਿੰਘ ਭਗਤਾ): ਸਾਹਿਤਕ ਸੱਥ ਲੰਡੇ ਵੱਲੋਂ ਸਾਹਿਤਕਾਰ ਤਰਸੇਮ ਲੰਡੇ ਦੀ ਪਲੇਠੀ ਬਾਲ ਕਿਤਾਬ ਓ-ਅ ਸਾਡਾ ਸਾਥੀ ਤਰਸੇਮ ਲੰਡੇ ਦੇ ਗ੍ਰਹਿ ਵਿਖੇ ਲੋਕ ਅਰਪਣ ਕੀਤੀ ਗਈ। ਜਿਸ ਵਿੱਚ ਨਾਮਵਾਰ ਸਹਿਤਕਾਰਾਂ ਅਤੇ ਲੇਖਕਾਂ ਨੇ ਸ਼ਮੂਲੀਅਤ ਕੀਤੀ । ਪ੍ਰੋਗਰਾਮ ਦਾ ਆਗਾਜ਼ ਤਰਸੇਮ ਖਾਨ ਦੇ ਗੀਤ ਲੰਡੇ ਪਿੰਡ ਮਿੱਤਰਾਂ ਦਾ.... ਦੇ ਗਾਉਣ ਨਾਲ ਹੋਇਆ। ਇਸ ਤੋਂ ਬਾਅਦ ਜਗਜੀਤ ਪੱਲਣ ਨੇ ਜਸਕਰਨ ਲੰਡੇ ਦਾ ਲਿਖਿਆ ਗੀਤ ਨਸ਼ੇ ਜਵਾਨੀ ਖਾ ਲਈ, ਨਾ ਕੋਈ ਹਾਲੀ ਨਾ ਕੋਈ ਪਾਲੀ ...। ਗਾ ਕੇ ਵਾਹ-ਵਾਹ ਖੱਟੀ। ਤਰਸੇਮ ਲੰਡੇ ਨੇਆਪਣੀ ਕਿਤਾਬ ਉੱਪਰ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਇਸ ਕਿਤਾਬ ਵਿੱਚ ਓ ਤੋਂ ੜ ਤੱਕ ਅਨੇਕ ਸ਼ਬਦਾਂ ਦਾ ਇਸਤੇਮਾਲ ਕਰਕੇ ਉਹਨਾਂ ਉੱਪਰ ਕਵਿਤਾਵਾਂ ਲਿਖੀਆਂ ਗਈਆਂ ਹਨ। ਮਾਤ ਭਾਸ਼ਾ ਤੋਂ ਦੂਰ ਹੋ ਰਹੇ ਬੱਚਿਆਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੋੜਨ ਦੀ ਇਹ ਇਕ ਛੋਟੀ ਜਿਹੀ ਕੋਸ਼ਿਸ਼ ਕੀਤੀ ਗਈ ਹੈ। ਕਵਿਤਾਵਾਂ ਬੱਚਿਆਂ ਦੇ ਹਾਣ ਦੀਆਂ ਹਨ। ਮਾਪਿਆਂ ਨੂੰ ਇਹ ਕਿਤਾਬ ਜ਼ਰੂਰ ਆਪਣੇ ਬੱਚਿਆਂ ਨੂੰ ਪੜ੍ਹਾਉਣੀ ਚਾਹੀਦੀ ਹੈ। ਨਾਲ ਹੀ ਉਨ੍ਹਾਂ ਨੇ ਕਿਤਾਬ ਨੂੰ ਨੇਪਰੇ ਚਾੜ੍ਹਨ ਲਈ ਅਮਰ ਘੋਲੀਆ, ਪ੍ਰਸਿੱਧ ਬਾਲ ਸਾਹਿਤਕਾਰ ਦਰਸ਼ਨ ਸਿੰਘ ਆਸ਼ਟ, ਨੌਜਵਾਨ ਕਵੀ ਜਸਵੰਤ ਗਿੱਲ ਸਮਾਲਸਰ ਅਤੇ ਕਿਤਾਬ ਨੂੰ ਅਕਰਸ਼ਿਤ ਰੂਪ ਦੇਣ ਲਈ ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ ਦਾ ਧੰਨਵਾਦ ਕੀਤਾ। ਇਸ ਤੋਂ ਉਪਰੰਤ ਅਮਰ ਘੋਲੀਆ ਨੇ ਦੱਸਿਆ ਕਿ ਤਰਸੇਮ ਲੰਡੇ ਨੇ ਕਿਤਾਬ ਸ਼ੁਰੂ ਕਰਨ ਤੋਂ ਲੈ ਕੇ ਅਖ਼ੀਰਲੇ ਪੜਾਅ ਤੱਕ ਆਪਣੀਆਂ ਦਿਲੀ ਭਾਵਨਾਵਾਂ ਸਾਂਝੀਆਂ ਕੀਤੀਆਂ ਅਤੇ ਸਾਨੂੰ ਇਕੱਠਿਆਂ ਬੈਠ ਕੇ ਕੰਮ ਕਰਨ ਦਾ ਮੌਕਾ ਮਿਲਿਆ। ਤਰਸੇਮ ਲੰਡੇ ਇੱਕ ਸੰਵੇਦਨਸ਼ੀਲ ਅਧਿਆਪਕ ਹਨ ਜਿਸ ਨੇ ਕਲਾਸ ਰੂਮ ਦੀ ਚੌਹੱਦ ਤੋਂ ਬਾਹਰ ਨਿਕਲ ਬੱਚਿਆਂ ਲਈ ਨਿਵੇਕਲਾ ਕਾਰਜ਼ ਕੀਤਾ। ਇਸ ਉਪਰੰਤ ਤਰਸੇਮ ਦੇ ਅਧਿਆਪਕ ਰਹੇ ਮਾਸਟਰ ਸ਼ਮਿੰਦਰ ਸਿੰਘ ਜਿਉਣਵਾਲਾ ਨੇ ਤਰਸੇਮ ਲੰਡੇ ਦੀ ਕਲਮ ਉੱਪਰ ਮਾਣ ਮਹਿਸੂਸ ਕੀਤਾ ਅਤੇ ਆਪਣੇ ਸ਼ਗਿਰਦ ਨੂੰ ਇਸ ਕਿਤਾਬ ਲਈ ਵਧਾਈ ਦਿੱਤੀ। ਚਰਨਜੀਤ ਗਿੱਲ ਸਮਾਲਸਰ ਨੇ ਵੀ ਤਰਸੇਮ ਲੰਡੇ ਦੀ ਕਿਤਾਬ ਉੱਪਰ ਵਿਸਤਾਰ ਸਹਿਤ ਵਿਚਾਰ ਚਰਚਾ ਕੀਤੀ। ਸਾਧੂ ਰਾਮ ਲੰਗਿਆਣਾ ਨੇ ਕਿਹਾ ਕਿ ਤਰਸੇਮ ਨੇ ਬੱਚਿਆਂ ਲਈ ਵਿਸ਼ੇਸ਼ ਉਪਰਾਲਾ ਕੀਤਾ ਹੈ। ਬੱਚਿਆਂ ਲਈ ਲਿਖਣਾ ਇਨਾ ਸੌਖਾ ਕਾਰਜ ਨਹੀਂ ਹੈ, ਨਾ ਹੀ ਕੋਈ ਇਸ ਕਾਰਜ ਵੱਲ ਕਲਮ ਚਲਾਉਣ ਦੀ ਵਧੇਰੇ ਕੋਸ਼ਿਸ਼ ਕਰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕਿਤਾਬ ਦੀ ਘੁੰਡ ਚੁਕਾਈ ਸਮੇਂ ਅਲੋਚਨਾ ਨਹੀਂ ਹੋਣੀ ਚਾਹੀਦੀ। ਕਮਲਜੀਤ ਭੋਲਾ ਨੇ ਕਿਤਾਬ ਬਾਰੇਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਤਰਸੇਮ ਲੰਡੇ ਨੇ ਬਾਲ ਕਵਿਤਾਵਾਂ ਤੇ ਕਿਤਾਬ ਛਪਵਾਉਣ ਦੀ ਪਿੰਡ ਵਿੱਚੋਂ ਪਹਿਲ ਕਰਕੇ ਪਿੰਡ ਦਾ ਨਾਮ ਉੱਚਾ ਕੀਤਾ ਹੈ।

# ਵਾਤਾਵਰਨ ਬਚਾਉਣ ਲਈ ਦੋ ਰੋਜ਼ਾ ਵਰਕਸ਼ਾਪ

ਬਾਜਾਖਾਨਾ, 15 ਫਰਵਰੀ (ਅਵਤਾਰ ਸਿੰਘ ਮੱਲਾ ): ਪੀਐਮ ਸ਼੍ਰੀ ਸਰਕਾਰੀ ਹਾਈ ਸਕੂਲ ਡੋਡ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸ਼੍ਰੀਮਤੀ ਨੀਲਮ ਰਾਣੀ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸਕੂਲ ਦੇ ਈਕੋ ਕਲੱਬ ਇੰਚਾਰਜ ਸ਼੍ਰੀ ਚੰਦਰਸ਼ੇਖਰ ਦੁਆਰਾ ਹੈੱਡ ਮਾਸਟਰ ਸ੍ਰੀ ਤਰਸੇਮ ਲਾਲ ਮੋਗਾ ਜੀ ਦੀ ਰਹਿਨੁਮਾਈ ਹੇਠ ਵਿਦਿਆਰਥੀਆਂ ਨੂੰ ਵਾਤਾਵਰਨ ਦੀ ਸੰਭਾਲ ਪ੍ਰਤੀ ਉਤਸ਼ਾਹਿਤ ਕਰਨ ਪ੍ਰਤੀ ਦੋ ਰੋਜ਼ਾ ਵਰਕਸ਼ਾਪ ਪੀਐਮ. ਸ਼੍ਰੀ ਸਰਕਾਰੀ ਹਾਈ ਸਕੂਲ ਡੋਡ ਵਿਖੇ ਲਗਾਈ ਗਈ। ਇਸ ਵਰਕਸ਼ਾਪ ਅੰਦਰ ਵਿਦਿਆਰਥੀਆਂ ਵੱਲੋਂ ਰਿਸੋਰਸ ਪਰਸਨ ਗੁਰਪ੍ਰੀਤ ਕੌਰ ਅਤੇ ਕੁਲਦੀਪ ਕੁਮਾਰ ਦੀ ਦੇਖਰੇਖ ਹੇਠ ਵਿਦਿਆਰਥੀਆਂ ਨੂੰ ਘਰ ਅੰਦਰ ਪਏ ਵੇਸਟ ਸਮਾਨ ਤੋਂ ਵਰਤੋਂ ਵਿੱਚ ਆਉਣ ਵਾਲੀਆਂ ਵਸਤੂਆਂ ਬਣਾਉਣੀਆਂ ਸਿਖਾਈਆਂ ਗਈਆਂ। ਵਿਦਿਆਰਥੀਆਂ ਵੱਲੋਂ ਇਸ ਵਰਕਸ਼ਾਪ ਵਿੱਚ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਗਿਆ। ਅੰਤ ਵਿੱਚ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ, ਪਹਿਲੀਆਂ ਤਿੰਨ ਪੁਜ਼ੀਸ਼ਨਾਂ ਵਾਲੇ ਵਿਦਿਆਰਥੀਆਂ ਨੂੰ ਇਨਾਮ ਅਤੇ ਬਾਕੀ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਅੱਗੇ ਤੋਂ ਘਰ ਅੰਦਰ ਪਏ ਫਾਲਤੂ ਸਮਾਨ ਨੂੰ ਸੁੱਟਣ ਦੀ ਥਾਂ ਵਰਤੋਂ 'ਚ ਲਿਆਉਣ ਲਈ ਪ੍ਰੇਰਿਤ ਕੀਤਾ ਗਿਆ। ਸਕੂਲ ਦੇ ਸਮੂਹ ਸਟਾਫ ਦੁਆਰਾ ਪੂਰਾ ਸਹਿਯੋਗ ਦਿੱਤਾ ਗਿਆ।

# ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਮਹਾਂ ਸ਼ਿਵਰਾਤਰੀ ਦਾ ਤਿਉਹਾਰ



ਖਨੌਰੀ, 15 ਫਰਵਰੀ (ਓਮਪ੍ਰਕਾਸ਼ ਮੁਆਲ): ਨਜ਼ਦੀਕੀ ਪਿੰਡ ਗੁਲਾੜੀ ਦੇ ਸ਼ਿਵ ਮੰਦਿਰ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਹਾਂ ਸ਼ਿਵਰਾਤਰੀ ਦਾ ਤਿਉਹਾਰ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਮੰਦਿਰ ਦੇ ਪੁਜਾਰੀ ਸ੍ਰੀ ਪ੍ਰੇਮ ਸ਼ਰਮਾ ਨੇ ਦੱਸਿਆ ਕਿ ਸਵੇਰ ਤੋਂ ਹੀ ਮੰਦਿਰ ਵਿੱਚ ਭਗਤਾਂ ਦਾ ਆਉਣਾ ਸ਼ੁਰੂ ਹੋਇਆ ਜੋ ਦੁਪਹਿਰ ਬਾਅਦ ਵੀ ਜਾਰੀ ਰਿਹਾ। ਉਨ੍ਹਾਂ ਦੱਸਿਆ ਕਿ ਇਸ ਵਾਰ ਸ਼ਿਵ ਭਗਤਾਂ ਵੱਲੋਂ 7 ਝੂਲਾ ਕਾਵੜਾਂ ਚੜ੍ਹਾਈਆਂ ਗਈਆਂ। ਜਿਨ੍ਹਾਂ ਨੂੰ ਸ਼ਿਵ ਭਗਤ ਹਰਿਦੁਆਰ ਤੋਂ ਸ਼ਰਧਾ ਭਾਵਨਾ ਨਾਲ ਲੈ ਕੇ ਆਏ ਸਨ। ਇਸ ਵੇਲੇ ਮਦਿੰਰ ਨੂੰ ਸੁੰਦਰ ਢੰਗ ਨਾਲ ਸੱਜਾਇਆ ਹੋਇਆ ਸੀ।ਆਲੇ ਦੁਆਲੇ ਸਾਫ ਸਫਾਈ ਕੀਤੀ ਹੋਈ ਸੀ। ਇਸ ਵੇਲੇ ਮਦਿੰਰ ਨੂੰ ਸੁੰਦਰ ਢੰਗ ਨਾਲ ਸੱਜਾਇਆ ਹੋਇਆ ਸੀ।ਆਲੇ ਦੁਆਲੇ ਸਾਫ ਸਫਾਈ ਕੀਤੀ ਹੋਈ ਸੀ।

# ਨਕਲੀ ਸੰਮਨ ਭੇਜ ਕੇ ਡਰਾਉਣ ਵਾਲਾ ਫਰਜ਼ੀ ਥਾਣੇਦਾਰ ਕਾਬੂ



ਬਠਿੰਡਾ, 15 ਫਰਵਰੀ (ਦੀਪਕ ਸ਼ਰਮਾ) : ਬਠਿੰਡਾ ਦੀ ਸਿਵਲ ਲਾਈਨ ਪੁਲਿਸ ਨੇ ਇੱਕ ਅਜਿਹੇ ਸ਼ਾਤਿਰ ਠੱਗ ਨੂੰ ਦਬੋਚਣ ਵਿੱਚ ਸਫਲਤਾ ਹਾਸਲ ਕੀਤੀ ਹੈ, ਜੋ ਖ਼ਾਕੀ ਵਰਦੀ ਦੀ ਆੜ ਵਿੱਚ ਖ਼ੁਦ ਨੂੰ ਪੁਲਿਸ ਦੇ ਪੀ.ਓ ਵਿੰਗ ਦਾ ਮੁਲਾਜ਼ਮ ਦੱਸ ਕੇ ਭੋਲੇ-ਭਾਲੇ ਲੋਕਾਂ ਦੀਆਂ ਜੇਬਾਂ ਸਾਫ਼ ਕਰ ਰਿਹਾ ਸੀ। ਮੁਲਜ਼ਮ ਨਕਲੀ ਸੰਮਨ ਅਤੇ ਵਾਰੰਟਾਂ ਦਾ ਡਰ ਦਿਖਾ ਕੇ ਗ੍ਰਿਫਤਾਰੀ ਤੋਂ ਬਚਾਉਣ ਦੇ ਨਾਂ 'ਤੇ ਗੂਗਲ-ਪੇਅ ਰਾਹੀਂ ਪੈਸੇ ਵਸੂਲਦਾ ਸੀ। ਪੁਲਿਸ ਨੇ ਮੁਲਜ਼ਮ ਕੋਲੋਂ ਪੁਲਿਸ ਦੀ ਵਰਦੀ ਵੀ ਬਰਾਮਦ ਕੀਤੀ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ 30 ਸਾਲਾ ਰਣਜੀਤ ਸਿੰਘ ਵਜੋਂ ਹੋਈ ਹੈ। ਥਾਣਾ ਸਿਵਲ ਲਾਈਨ ਦੇ ਮੁਖੀ ਇੰਸਪੈਕਟਰ ਰਵਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਪਿਛਲੇ ਕਾਫੀ ਸਮੇਂ ਤੋਂ ਲੋਕਾਂ ਨੂੰ ਵਟਸਐਪ ਮੈਸੇਜ ਅਤੇ ਫੋਨ ਕਾਲਾਂ ਰਾਹੀਂ ਸੰਪਰਕ ਕਰਦਾ ਸੀ। ਉਹ ਲੋਕਾਂ ਨੂੰ ਉਨ੍ਹਾਂ ਦੇ ਨਾਮ 'ਤੇ ਪੈਂਡਿੰਗ ਪਏ ਮਾਮਲਿਆਂ ਦਾ ਹਵਾਲਾ ਦਿੰਦਾ ਸੀ ਅਤੇ ਪੁਲਿਸ ਵਿਭਾਗ ਦੀਆਂ ਫਰਜ਼ੀ ਮੋਹਰਾਂ 'ਤੇ ਦਸਤਖ਼ਤਾਂ ਵਾਲੇ ਸੰਮਨ ਭੇਜ ਕੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਡਰਾ ਦਿੰਦਾ ਸੀ।ਮੁਲਜ਼ਮ ਦਾ ਠੱਗੀ ਮਾਰਨ ਦਾ ਤਰੀਕਾ ਬੇਹੱਦ ਯੋਜਨਾਬੰਦ ਸੀ। ਉਹ ਪਹਿਲਾਂ ਪੀੜਤਾਂ ਨੂੰ ਕਹਿੰਦਾ ਸੀ ਕਿ ਉਨ੍ਹਾਂ ਖ਼ਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਹੋ ਚੁੱਕੇ ਹਨ ਅਤੇ ਜੇਕਰ ਤੁਰੰਤ ਕਾਰਵਾਈ ਨਾ ਕੀਤੀ ਗਈ ਤਾਂ ਉਨ੍ਹਾਂ ਨੂੰ ਜੇਲ੍ਹ ਜਾਣਾ ਪਵੇਗਾ। ਜਦੋਂ ਪੀੜਤ ਘਬਰਾ ਜਾਂਦਾ, ਤਾਂ ਉਹ ਮਾਮਲਾ ਰਫਾ-ਦਫਾ ਕਰਨ ਜਾਂ ਗ੍ਰਿਫਤਾਰੀ ਰੋਕਣ ਦੇ ਬਦਲੇ ਪੈਸਿਆਂ ਦੀ ਮੰਗ ਕਰਦਾ ਸੀ। ਇਹ ਲੈਣ-ਦੇਣ ਉਹ ਆਨਲਾਈਨ ਮਾਧਿਅਮ ਜਿਵੇਂ ਗੂਗਲ-ਪੇਅ ਰਾਹੀਂ ਕਰਵਾਉਂਦਾ ਸੀ ਤਾਂ ਜੋ ਸਬੂਤ ਨਾ ਬਚ ਸਕਣ। ਸ਼ਿਕਾਇਤ ਤੋਂ ਬਾਅਦ ਜਦੋਂ ਤਕਨੀਕੀ ਜਾਂਚ ਅਤੇ ਬੈਂਕ ਖਾਤਿਆਂ ਦੀ ਪੜਤਾਲ ਕੀਤੀ ਗਈ, ਤਾਂ ਤਾਰ ਰਣਜੀਤ ਸਿੰਘ ਨਾਲ ਜੁੜੇ। ਪੁਲਿਸ ਨੇ ਮੁਲਜ਼ਮ ਨੂੰ ਕਾਬੂ ਕਰਕੇ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੋਂ ਉਸ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ। ਜਾਂਚ ਦੌਰਾਨ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਉਸ ਨੇ ਹੁਣ ਤੱਕ ਕਿੰਨੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ ਅਤੇ ਇਸ ਗੋਰਖਧੰਦੇ ਵਿੱਚ ਉਸ ਦੇ ਨਾਲ ਹੋਰ ਕੌਣ-ਕੌਣ ਸ਼ਾਮਲ ਹੈ। ਇਸ ਮੌਕੇ ਇੰਸਪੈਕਟਰ ਰਵਿੰਦਰ ਸਿੰਘ ਨੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਫਰਜ਼ੀ ਸੰਦੇਸ਼ਾਂ ਤੇ ਵਿਸ਼ਵਾਸ ਨਾ ਕਰਨ ਅਤੇ ਪੈਸੇ ਮੰਗਣ ਵਾਲੇ ਕਿਸੇ ਵੀ ਵਿਅਕਤੀ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕਰਨ।

# ਬਠਿੰਡਾ 'ਚ ਨਸ਼ਾ ਤਸਕਰਾਂ ਦੇ ਹੌਸਲੇ ਬੁਲੰਦ: ਮੱਛੀ ਮਾਰਕੀਟ ਤੇ ਆਟੋ ਸਟੈਂਡ ਬਣੇ ਸਪਲਾਈ ਦੇ ਗੜ੍ਹ



ਬਠਿੰਡਾ,15 ਫਰਵਰੀ(ਦੀਪਕ ਸ਼ਰਮਾ)ਸੋਸ਼ਲ ਮੀਡੀਆ ਤੇ ਵਾਇਰਲ ਹੋਈ ਨਸ਼ੇ ਵੇਚਣ ਦੀ ਇੱਕ ਵੀਡੀਓ ਨੇ ਸ਼ਹਿਰ ਵਿੱਚ ਅਲੱਗ ਹੀ ਚਰਚਾ ਛੇੜ ਦਿੱਤੀ ਹੈ ਕਿ ਪ੍ਰਸ਼ਾਸਨ ਵੱਲੋਂ ਚਲਾਇਆ ਜਾ ਰਿਹਾ ਯੁੱਧ ਨਸ਼ਿਆਂ ਵਿਰੁੱਧ ਕਿੱਡਾ ਕੁ ਕਾਰਗਰ ਸਾਬਿਤ ਹੋ ਰਿਹਾ ਹੈ। ਤਾਜ਼ਾ ਮਿਸਾਲ ਵਜੋਂ ਮਾਲ ਰੋਡ ਦੀ ਇਸ ਵੀਡੀਓ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸ਼ਹਿਰ ਦੇ ਸਭ ਤੋਂ ਵਿਅਸਤ ਇਲਾਕੇ ਵਿੱਚ ਕਿਸ ਕਦਰ ਨਸ਼ੇ ਦਾ ਕਾਰੋਬਾਰ ਪੈਰ ਪਸਾਰ ਚੁੱਕਾ ਹੈ। ਇਨ੍ਹੀਂ ਦਿਨੀ ਮਾਲ ਰੋਡ ਤੇ ਜੋ ਕੁਝ ਦੇਖਣ ਨੂੰ ਮਿਲ ਰਿਹਾ ਹੈ, ਉਹ ਹੈਰਾਨ ਕਰਨ ਵਾਲਾ ਹੈ। ਦੋਸ਼ ਲੱਗ ਰਹੇ ਹਨ ਕਿ ਇੱਥੇ ਸਵੇਰ ਤੋਂ ਸ਼ਾਮ ਤੱਕ ਸ਼ਰੇਆਮ ਨਸ਼ੇ ਦੀ ਸਪਲਾਈ ਕੀਤੀ ਜਾ ਰਹੀ ਹੈ। ਮਾਲ ਰੋਡ ਤੇ ਬੰਦ ਪਈ ਪਰਲ ਕੰਪਨੀ ਦੇ ਮਾਲ ਦੇ ਆਲੇ-ਦੁਆਲੇ ਦਾ ਇਲਾਕਾ ਕਥਿਤ ਤੌਰ ਤੇ ਨਸ਼ਾ ਤਸਕਰਾਂ ਦਾ ਸੁਰੱਖਿਅਤ ਅੱਡਾ ਬਣ ਚੁੱਕਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇੱਥੇ ਦਿਨ ਭਰ ਬਾਈਕ, ਈ-ਰਿਕਸ਼ਾ, ਆਟੋ, ਸਾਈਕਲ ਅਤੇ ਪੈਦਲ ਆਉਣ-ਜਾਣ ਵਾਲੇ ਸ਼ੱਕੀ ਲੋਕਾਂ ਦੀ ਭੀੜ ਲੱਗੀ ਰਹਿੰਦੀ ਹੈ। ਚੰਦ ਮਿੰਟਾਂ ਵਿੱਚ ਹੀ ਨਸ਼ੇ ਦਾ ਸੌਦਾ ਹੁੰਦਾ ਹੈ ਅਤੇ ਲੋਕ ਅੱਗੇ ਵਧ ਜਾਂਦੇ ਹਨ। ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਸਭ ਤੋਂ ਚੌਂਕਾਉਣ ਵਾਲੀ ਗੱਲ ਇਹ ਹੈ ਕਿ ਮੱਛੀ ਮਾਰਕੀਟ ਕੋਲ ਸਥਿਤ ਆਟੋ ਸਟੈਂਡ ਨੂੰ ਇਸ ਨੈੱਟਵਰਕ ਦਾ ਮੁੱਖ ਕੇਂਦਰ ਦੱਸਿਆ ਜਾ ਰਿਹਾ ਹੈ। ਸੂਤਰਾਂ ਅਨੁਸਾਰ, ਇੱਥੋਂ ਹੀ ਨਸ਼ੇ ਦੀਆਂ ਛੋਟੀਆਂ-ਛੋਟੀਆਂ ਖੇਪਾਂ ਦੀ ਸਪਲਾਈ ਕੀਤੀ ਜਾਂਦੀ ਹੈ। ਐਤਵਾਰ ਨੂੰ ਇਸ ਨਸ਼ੇ ਦੇ ਕਾਰੋਬਾਰ ਦੀ ਇੱਕ ਵੀਡੀਓ ਵੀ ਇੰਟਰਨੈੱਟ ਮੀਡੀਆ ਤੇ ਵਾਇਰਲ ਹੋਈ, ਜਿਸ ਵਿੱਚ ਸਾਫ਼ ਦੇਖਿਆ ਜਾ ਰਿਹਾ ਹੈ ਕਿ ਨਸ਼ਾ ਤਸਕਰ ਸਰੇਆਮ ਪੈਸੇ ਲੈ ਕੇ ਨਸ਼ੇ ਦੀਆਂ ਪੁੜੀਆਂ ਸਪਲਾਈ ਕਰ ਰਹੇ ਹਨ। ਸਵਾਲ ਇਹ ਉੱਠਦਾ ਹੈ ਕਿ ਇੰਨੇ ਵਿਅਸਤ ਇਲਾਕੇ ਵਿੱਚ, ਜਿੱਥੇ ਰੋਜ਼ਾਨਾ ਹਜ਼ਾਰਾਂ ਲੋਕ ਗੁਜ਼ਰਦੇ ਹਨ, ਉੱਥੇ ਇਹ ਸਭ ਆਖ਼ਰ ਕਿਸ ਦੀ ਨਿਗਰਾਨੀ ਹੇਠ ਹੋ ਰਿਹਾ ਹੈ। ਸਭ ਤੋਂ ਵੱਡਾ ਸਵਾਲ ਕਾਨੂੰਨ-ਵਿਵਸਥਾ ਤੇ ਹੈ ਕਿ ਕੀ ਪ੍ਰਸ਼ਾਸਨ ਨੂੰ ਇਨ੍ਹਾਂ ਗਤੀਵਿਧੀਆਂ ਦੀ ਜਾਣਕਾਰੀ ਨਹੀਂ ਜਾਂ ਫਿਰ ਸਭ ਕੁਝ ਪਤਾ ਹੋਣ ਦੇ ਬਾਵਜੂਦ ਕਾਰਵਾਈ ਨਹੀਂ ਹੋ ਰਹੀ।ਸਮਾਜਸੇਵੀ ਸੰਸਥਾ ਨੌਜਵਾਨ ਵੈੱਲਫੇਅਰ ਸੋਸਾਇਟੀ ਦੇ ਪ੍ਰਧਾਨ ਸੋਨੂੰ ਮਹੇਸ਼ਵਰੀ ਦਾ ਦੋਸ਼ ਹੈ ਕਿ ਨਸ਼ੇ ਦਾ ਇਹ ਖੁੱਲ੍ਹਾ ਕਾਰੋਬਾਰ ਨਵੀਂ ਪੀੜ੍ਹੀ ਨੂੰ ਬਰਬਾਦੀ ਵੱਲ ਧੱਕ ਰਿਹਾ ਹੈ। ਇੱਕ ਪਾਸੇ ਪੰਜਾਬ ਸਰਕਾਰ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾ ਰਹੀ ਹੈ, ਪਰ ਜ਼ਮੀਨੀ ਤਸਵੀਰ ਕੁਝ ਹੋਰ ਹੀ ਕਹਾਣੀ ਬਿਆਨ ਕਰ ਰਹੀ ਹੈ। ਸ਼ਹਿਰ ਦੇ ਵਿਚੋ-ਵਿਚ ਚੱਲ ਰਿਹਾ ਇਹ ਕਥਿਤ ਗ਼ੈਰ-ਕਾਨੂੰਨੀ ਕਾਰੋਬਾਰ ਮੁਹਿੰਮ ਦੀ ਗੰਭੀਰਤਾ ਤੇ ਸਵਾਲ ਖੜ੍ਹੇ ਕਰ ਰਿਹਾ ਹੈ। ਜੇਕਰ ਮੁੱਖ ਸੜਕ ਤੇ ਦਿਨ-ਦਿਹਾੜੇ ਇਹ ਸਥਿਤੀ ਹੈ, ਤਾਂ ਅੰਦਰੂਨੀ ਇਲਾਕਿਆਂ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

# ਮਹਾਂਸ਼ਿਵਰਾਤਰੀ ਮੌਕੇ ਪਕੌੜਿਆ ਦਾ ਲੰਗਰ ਲਗਾਇਆ ਗਿਆ



ਸੰਗਰੂਰ, 15 ਫਰਵਰੀ (ਹਰਕੰਵਲ ਸਿੰਘ ਹੈਪੀ): ਸਥਾਨਕ ਡੀ.ਸੀ ਦਫ਼ਤਰ ਸੰਗਰੂਰ ਦੇ ਨੇੜੇ ਪ੍ਰੇਮ ਬਸਤੀ ਦੇ ਸਮੂਹ ਮੁਹੱਲਾ ਨਿਵਾਸੀਆਂ ਵੱਲੋਂ ਮਹਾਂਸ਼ਿਵਰਾਤਰੀ ਦੇ ਸ਼ੁੱਭ ਮੌਕੇ 'ਤੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਹੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਦੇ ਨਾਲ 13ਵਾਂ ਵਿਸ਼ਾਲ ਭੰਡਾਰੇ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਸੰਸਥਾਂ ਦੇ ਆਗੂ ਰਵੀ ਸ਼ਰਮਾ ਨੇ ਦੱਸਿਆ ਕਿ ਹਰ ਸਾਲ ਮਹਾਸ਼ਿਵਰਾਤਰੀ ਦੇ ਸ਼ੁੱਭ ਮੌਕੇ 'ਤੇ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਵਰਤ ਵਾਲੇ ਪਕੌੜਿਆ ਦਾ ਲੰਗਰ ਲਗਾਇਆ ਜਾਂਦਾ ਹੈ। ਉਹਨਾਂ ਦੱਸਿਆ ਕਿ ਇਸ ਮੌਕੇ ਸ਼੍ਰੀ ਸ਼ਯਾਮ ਸੇਵਾ ਸੰਮਤੀ ਦੇ ਸਮੂਹ ਮੈਂਬਰਾਂ ਵੱਲੋਂ ਲੰਗਰ ਵਰਤਾਉਣ ਦੀ ਸੇਵਾ ਬਾਖ਼ੂਬੀ ਨਿਭਾਈ ਗਈ। ਇਸ ਦੌਰਾਨ ਸ਼ਿਵ ਸ਼ਰਮਾ, ਦੀਪਕ ਠਾਕੁਰ, ਹਰਵਿੰਦਰ, ਵਿਕਾਸ, ਹੇਮਰਾਜ, ਸ਼ਮਰਾ, ਦੀਪਕ ਖੋਸਲਾ, ਰੋਹਿਤ, ਸਾਹਿਲ ਗੋਇਲ, ਅੰਸ਼, ਅਰਮਾਨ, ਨਿਖਿਲ ਚੋਪੜਾ, ਸ਼ੁਭਮ ਬਾਂਸਲ, ਸਨੀ ਮਹਾਜਨ, ਦਕਸ਼ ਚੋਪੜਾ ਸਮੇਤ ਵੱਡੀ ਗਿਣਤੀ ਵਿੱਚ ਮੌਜੂਦ ਮੁਹੱਲਾ ਨਿਵਾਸੀਆਂ ਅਤੇ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਸਮੂਹ ਸ਼ਿਵ ਭਗਤਾਂ ਨੂੰ ਸਾਂਝੇ ਤੌਰ 'ਤੇ ਮਹਾਂਸ਼ਿਵਰਾਤਰੀ ਦੀ ਵਧਾਈ ਦਿੱਤੀ।

# ਸਾਲਾਨਾ ਸਮਰੋਹ ਧੂਮ ਧਾਮ ਨਾਲ ਮਨਾਇਆ



ਮੂਨਕ, 15 ਫਰਵਰੀ ( ਸਮਸ਼ੇਰ ਸਿੰਘ ਭੁਟਾਲ): ਪੀ.ਐਮ.ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂਨਕ ਮੁੰਡੇ ਵਿੱਚ ਅੱਜ ਸਾਲਾਨਾ ਸਮਾਰੋਹ ਬਹੁਤ ਹੀ ਧੂਮ ਧਾਮ ਨਾਲ ਮਨਾਇਆ ਗਿਆ। ਅੱਜ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਵਿਖੇ ਸਾਲਾਨਾ ਸਮਾਰੋਹ ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਬੱਚਿਆਂ ਨੇ ਸ਼ਬਦ ਨਾਲ ਕੀਤੀ। ਸਮਾਰੋਹ ਦੇ ਮੁੱਖ ਮਹਿਮਾਨ ਹਲਕਾ ਲਹਿਰਾਗਾਗਾ ਤੋਂ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਦੇ ਬੇਟੇ ਐਡਵੋਕੇਟ ਸ੍ਰੀ ਗੌਰਵ ਗੋਇਲ ਸਨ। ਸਮਾਰੋਹ ਵਿੱਚ ਬੀ.ਐਨ.ਓ ਮੂਨਕ ਸ਼੍ਰੀ ਅਰੁਣ ਗਰਗ ਜੀ ਅਤੇ ਡੀਡੀਓ ਸ਼੍ਰੀ ਭਾਰਤ ਭੂਸ਼ਣ ਜੀ ਵਿਸੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਇਹਨਾਂ ਮਹਿਮਾਨਾਂ ਨੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਵਿਦਿਆਰਥੀਆਂ ਨੇ ਸਾਂਸਕ੍ਰਿਤਿਕ ਪ੍ਰਸਤੁਤੀਆਂ ਜਿਵੇਂ ਕਿ ਨਾਟਕ, ਗੀਤ, ਨਾਚ ਅਤੇ ਭੰਗੜਾ ਪੇਸ਼ ਕਰਕੇ ਹਾਜ਼ਰੀਨ ਦਾ ਮਨ ਮੋਹ ਲਿਆ। ਇਸਦੇ ਨਾਲ ਹੀ, ਅਕਾਦਮਿਕ ਅਤੇ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।ਸਕੂਲ ਮੁੱਖੀ ਮੈਡਮ ਜਸਮੀਤ ਕੌਰ ਜੀ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਮਿਹਨਤ ਅਤੇ ਇਮਾਨਦਾਰੀ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਸਾਰੇ ਮਾਪਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਇਸ ਸਮਾਰੋਹ ਨੂੰ ਕਾਮਯਾਬ ਬਣਾਉਣ ਲਈ ਧੰਨਵਾਦ ਕੀਤਾ। ਇਸ ਦੌਰਾਨ ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ ਅਤੇ ਐੱਸ.ਐਮ.ਸੀ ਚੇਅਰਮੈਨ, ਮੈਂਬਰਾਂ ਅਤੇ ਨਗਰ ਪੰਚਾਇਤ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਵੱਖ ਵੱਖ ਸਕੂਲਾਂ ਤੋ ਸਕੂਲ ਇੰਚਾਰਜ ਸਾਹਿਬਾਨਾਂ ਨੇ ਸਮੂਲੀਅਤ ਕੀਤੀ ਇਸ ਤਰ੍ਹਾਂ, ਸਲਾਨਾ ਸਮਾਰੋਹ ਸਫਲਤਾਪੂਰਵਕ ਸੰਪੰਨ ਹੋਇਆ। ਇਸ ਮੌਕੇ ਚੈਅਰਮੈਨ ਸਕੂਲ ਮੈਨੇਜਮੈਂਟ ਕਮੇਟੀ ਸ਼੍ਰੀ ਰਾਜਕੁਮਾਰ ਜੀ,ਮੈਂਬਰ ਕਮੇਟੀ ਨਗਰ ਪੰਚਾਇਤ ਮੂਨਕ ਪ੍ਰਧਾਨ ਸ੍ਰੀ ਜੋਨੀ ਅਰੋੜਾ ਸ੍ਰੀ ਮਿੱਠੂ ਸੈਣੀ ਜੀ ,ਸ੍ਰੀ ਪ੍ਰੇਮ ਚੰਦ,ਰੀਨਾ ਰਾਣੀ, ਸ੍ਰੀ ਜਗਸੀਰ ਮਲਾਣਾ,ਕਮੇਟੀ ਜੀ ਹਾਜ਼ਰ ਸਨ।

# ਡੀ.ਏ.ਵੀ. ਸਕੂਲ ਸਾਬਕਾ ਵਿਦਿਆਰਥੀ ਉੱਚ-ਅਹੁਦਿਆਂ 'ਤੇ ਬਿਰਾਜਮਾਨ



ਲਹਿਰਾਗਾਗਾ, 15 ਫਰਵਰੀ ( ਰਾਮੇਸ਼ਵਰ ਸ਼ਰਮਾ /ਖੁਸਵਿੰਦਰ ਸ਼ਰਮਾ): ਡਾ. ਦੇਵ ਰਾਜ ਡੀ.ਏ.ਵੀ.ਸੀਨੀ. ਸੈਕੰ. ਪਬਲਿਕ ਸਕੂਲ, ਖਾਈ/ ਲਹਿਰਾਗਾਗਾ ਵਿੱਚ ਸਿੱਖਿਆ ਗ੍ਰਹਿਣ ਕਰ ਰਹੇ ਵਿਦਿਆਰਥੀ ਹਰ ਖੇਤਰ ਵਿੱਚ ਅੱਗੇ ਆ ਰਹੇ ਹਨ ਅਤੇ ਸਕੂਲ ਪ੍ਰਬੰਧਕ ਵਿਦਿਆਰਥੀਆਂ ਦੇ ਭਵਿੱਖ ਨੂੰ ਰੁਸ਼ਨਾਉਣ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਸ ਸਕੂਲ ਦੇ ਸਲਾਨਾ ਸੱਭਿਆਚਾਰਕ ਪ੍ਰੋਗਰਾਮ 'ਜਸ਼ਨ-ਏ-ਬਚਪਨ ਸਬਰੰਗ' ਦੌਰਾਨ ਇਕੱਤਰਤ ਹੋਏ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਆਖਿਆ ਕਿ ਮੈਨੂੰ ਸਕੂਲ ਦੇ ਹਰ ਖੇਡਾਂ, ਸੱਭਿਆਚਾਰਕ ਪ੍ਰੋਗਰਾਮਾਂ ਤੋਂ ਇਲਾਵਾ ਹੋਰ ਸਰਗਰਮੀਆਂ ਵਿੱਚ ਆਉਣ ਦਾ ਸਮੇਂ-ਸਮੇਂ ਮੌਕਾ ਮਿਲਦਾ ਰਹਿੰਦਾ ਹੈ। ਜਿਸ ਦੌਰਾਨ ਇਸ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਕਾਬਲੀਅਤ ਦਾ ਪਤਾ ਚੱਲਦਾ ਹੈ। ਚੀਮਾ ਨੇ ਕਿਹਾ ਕਿ ਮੈਨੂੰ ਦੇਖ ਕੇ ਬੜੀ ਖ਼ੁਸ਼ੀ ਹੋਈ ਕਿ ਸਕੂਲ ਦੇ ਛੋਟੇ-ਛੋਟੇ ਬੱਚਿਆਂ ਨੂੰ ਵੀ ਸਕੂਲ ਅਧਿਆਪਕਾਂ ਵੱਲੋਂ ਪੂਰੀ ਤਰ੍ਹਾਂ ਟਰੇਂਡ ਕਰ ਕੇ ਆਪਣੀ ਪੇਸ਼ਕਾਰੀ ਲਈ ਮੰਚ 'ਤੇ ਮੌਕਾ ਪ੍ਰਦਾਨ ਕੀਤਾ ਹੈ। ਮੈਂ ਸਕੂਲ ਦੇ ਇਸ ਪ੍ਰੋਗਰਾਮ ਦੀ ਸਫਲਤਾ 'ਤੇ ਸਕੂਲ ਪਰਿਵਾਰ ਨੂੰ ਮੁਬਾਰਕਬਾਦ ਦਿੰਦਾ ਹਾਂ। ਉਨ੍ਹਾਂ ਆਖਿਆ ਕਿ ਜਦੋਂ ਵੀ ਮੈਂ ਪੰਜਾਬ ਦੇ ਕਿਸੇ ਵੀ ਕੋਨੇ ਵਿੱਚ ਕਿਸੇ ਵੀ ਪ੍ਰੋਗਰਾਮ ਤੇ ਜਾਂਦਾ ਹਾਂ ਤਾਂ ਉੱਥੇ ਇਸ ਸਕੂਲ ਵਿੱਚੋਂ ਸਿੱਖਿਆ ਪ੍ਰਾਪਤ ਕਰ ਚੁੱਕੇ ਵਿਦਿਆਰਥੀ ਮਿਲ ਜਾਂਦੇ ਹਨ ਤੇ ਮੈਨੂੰ ਇਸ ਗੱਲ ਦੀ ਬੇਹੱਦ ਖ਼ੁਸ਼ੀ ਵੀ ਹੁੰਦੀ ਹੈ ਤੇ ਮਾਣ ਵੀ। ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਦੀ ਤਰਫੋਂ ਨਗਰ ਕੌਂਸਲ ਦੀ ਪ੍ਰਧਾਨ ਮੈਡਮ ਕਾਂਤਾ ਗੋਇਲ ਨੇ ਕਿਹਾ ਕਿ ਇਸ ਸਕੂਲ ਦੇ ਸ਼ਹਿਰ ਦੇ ਹੀ ਨਹੀਂ ਸਗੋਂ ਆਸ-ਪਾਸ ਦੇ ਪੇਂਡੂ ਖੇਤਰ ਦੇ ਵਿਦਿਆਰਥੀ ਸਿੱਖਿਆ ਦੇ ਨਾਲ-ਨਾਲ ਹੋਰਨਾਂ ਖੇਤਰਾਂ ਵਿੱਚ ਵੀ ਨਾਮਣਾ ਖੱਟ ਕੇ ਸ਼ਹਿਰ ਦੇ ਨਾਂਅ ਨੂੰ ਚਾਰ ਚੰਨ ਲਾਉਂਦੇ ਆਏ ਹਨ। ਉਨ੍ਹਾਂ ਮਾਪਿਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਜਿਸ ਸਥਾਨ ਤੇ ਅੱਜ ਤੁਸੀਂ ਬੈਠੇ ਹੋ, ਮੈਂ ਵੀ ਕਿਸੇ ਦਿਨ ਤੁਹਾਡੇ ਵਾਂਗ ਇਸ ਸਕੂਲ ਦੇ ਪ੍ਰੋਗਰਾਮ ਦੌਰਾਨ ਇਸੇ ਸਥਾਨ ਤੇ ਬੈਠਦੀ ਹੁੰਦੀ ਸਾਂ ਕਿਉਂਕਿ ਮੇਰੇ ਅਤੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਜੀ ਦੇ ਬੱਚੇ ਵੀ ਇਸ ਸਕੂਲ ਤੋਂ ਹੀ ਸਿੱਖਿਆ ਗ੍ਰਹਿਣ ਕਰ ਕੇ ਨਾ ਸਿਰਫ ਉੱਚ-ਅਹੁਦਿਆਂ ਤੇ ਬਿਰਾਜਮਾਨ ਹਨ ਸਗੋਂ ਸਮਾਜ ਵਿੱਚ ਵਧੀਆਂ ਢੰਗ ਨਾਲ ਵਿਚਰ ਰਹੇ ਹਨ।

ਬੈਂਕ ਆਫ਼ ਇੰਡੀਆ Bank of India BOI

ਕੋਚਰ ਮਾਰਕੀਟ ਸ਼ਾਖਾ
ਕੋਚਰ ਮਾਰਕੀਟ, ਮਾਡਲ ਗ੍ਰਾਮ, ਲੁਧਿਆਣਾ- 140002

**ਕਬਜ਼ਾ ਨੋਟਿਸ [ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8(1) ਦੇ ਤਹਿਤ]**

ਜਦੋਂ ਕਿ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਤਹਿਤ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਧਾਰਾ 13 (12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਬੈਂਕ ਆਫ਼ ਇੰਡੀਆ, ਕੋਚਰ ਮਾਰਕੀਟ ਸ਼ਾਖਾ, ਕੋਚਰ ਮਾਰਕੀਟ, ਮਾਡਲ ਗ੍ਰਾਮ, ਲੁਧਿਆਣਾ (ਪੰਜਾਬ) ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਹੇਠ ਹਸਤਾਖਰ ਕਰਨ ਵਾਲੇ ਨੇ 22.11.2025 ਨੂੰ ਇੱਕ ਡਿਮਾਂਡ ਨੋਟਿਸ ਜਾਰੀ ਕੀਤਾ ਜਿਸ ਵਿੱਚ ਕਰਜ਼ਦਾਰਾਂ, ਸ਼੍ਰੀ ਦੀਪਕ ਕੁਮਾਰ ਪੁੱਤਰ ਮਨੋਹਰ ਲਾਲ ਅਤੇ ਸ਼੍ਰੀਮਤੀ ਸੁਨੀਤਾ ਦੇਵੀ ਪਤਨੀ ਸ਼੍ਰੀ ਮਨੋਹਰ ਲਾਲ ਅਤੇ ਜ਼ਾਮਨ ਸ਼੍ਰੀ ਮਨੋਹਰ ਲਾਲ ਪੁੱਤਰ ਚਮਨ ਲਾਲ ਨੂੰ ਨੋਟਿਸ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਕਿਹਾ ਗਿਆ ਹੈ। ਰੁ. 7,24,984.19 (ਸੱਤ ਲੱਖ ਚੌਵੀ ਹਜ਼ਾਰ ਨੌ ਸੌ ਚੁਰਾਸੀ ਅਤੇ ਉਨ੍ਹੀ ਪੈਸੇ) ਅਤੇ 29-09-2025 ਤੱਕ ਦੇ ਇਕਰਾਰਨਾਮੇ ਦੇ ਬਕਾਏ, ਜਿਸ 'ਤੇ 10.90% ਸਾਲਾਨਾ ਵਿਆਜ ਦੇ ਨਾਲ ਕ੍ਰੈਡਿਟ ਸਹੂਲਤਾਂ 'ਤੇ ਮਹੀਨਾਵਾਰ ਬਕਾਇਆ ਅਤੇ ਬੈਂਕ ਦੁਆਰਾ ਕੀਤੇ ਗਏ ਸਾਰੇ ਖਰਚੇ, ਖਰਚੇ ਅਤੇ ਖਰਚੇ ਸ਼ਾਮਲ ਹਨ ਜਦੋਂ ਤੱਕ ਤੁਸੀਂ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਦੇ ਅੰਦਰ ਭੁਗਤਾਨ ਨਹੀਂ ਕਰਦੇ।

ਕਰਜ਼ਦਾਰ ਵੱਲੋਂ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰ/ਜ਼ਾਮਨ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ 10 ਫਰਵਰੀ 2026 ਨੂੰ ਸੁਰੱਖਿਆ ਵਿਆਜ ਲਾਗੂ ਕਰਨ ਦੇ ਨਿਯਮ, 2002 ਦੇ ਨਿਯਮ 8 ਦੇ ਨਾਲ ਪੜ੍ਹੇ ਜਾਣ ਵਾਲੇ ਐਕਟ ਦੀ ਧਾਰਾ 13 ਦੀ ਉਪ ਧਾਰਾ (4) ਦੇ ਤਹਿਤ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਖਾਸ ਕਰਕੇ ਕਰਜ਼ਦਾਰਾਂ/ਜ਼ਾਮਨ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਬੈਂਕ ਆਫ਼ ਇੰਡੀਆ, ਕੋਚਰ ਮਾਰਕੀਟ ਸ਼ਾਖਾ, ਕੋਚਰ ਮਾਰਕੀਟ, ਮਾਡਲ ਗ੍ਰਾਮ, ਲੁਧਿਆਣਾ (ਪੰਜਾਬ) ਦੇ ਰੁ. 7,24,984.19 (ਸੱਤ ਲੱਖ ਚੌਵੀ ਹਜ਼ਾਰ ਨੌ ਸੌ ਚੁਰਾਸੀ ਅਤੇ ਉਨ੍ਹੀ ਪੈਸੇ) ਦੀ ਰਕਮ ਅਤੇ ਉਸ 'ਤੇ ਵਿਆਜ ਦੇ ਅਧੀਨ ਹੋਵੇਗਾ।

ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਜਾਇਦਾਦਾਂ ਨੂੰ ਛੁਡਾਉਣ ਲਈ।

**ਚੱਲ/ਅਚੱਲ ਜਾਇਦਾਦ ਦਾ ਵੇਰਵਾ**

ਮਕਾਨ ਨੰਬਰ 57, ਪਿੰਡ ਲੋਹਾਰਾ, ਲੋਹਾਰਾ ਕਲੋਨੀ, ਨੇੜੇ ਗੁਰੂ ਰਾਮਦਾਸ ਚੌਂਕ, ਲੁਧਿਆਣਾ ਵਿਖੇ ਸਥਿਤ 60 ਵਰਗ ਗਜ਼ ਦੀ ਜ਼ਮੀਨ ਅਤੇ ਰਿਹਾਇਸ਼ੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ, ਜੋ ਕਿ ਪਿੰਡ ਲੋਹਾਰਾ, ਹੱਦਬਸਤ ਨੰਬਰ 260, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਸਾਲ 2009-2010 ਲਈ ਜਮ੍ਹਾਂਬੰਦੀ ਵਿੱਚ ਦਰਜ ਕੀਤਾ ਗਿਆ ਖਾਤਾ ਨੰਬਰ 151/188, ਖਸਰਾ ਨੰਬਰ 110 ਵਿੱਚ ਸ਼ਾਮਲ ਹੈ, ਸ਼੍ਰੀ ਦੀਪਕ ਕੁਮਾਰ ਪੁੱਤਰ ਮਨੋਹਰ ਲਾਲ ਅਤੇ ਸ਼੍ਰੀਮਤੀ ਸੁਨੀਤਾ ਦੇਵੀ ਪਤਨੀ ਮਨੋਹਰ ਲਾਲ ਦੇ ਨਾਮ 'ਤੇ ਵਿਕਰੀ ਡੀਡ ਵਸੀਕਾ ਨੰਬਰ 2019-20/103/1/6852 ਮਿਤੀ 04-09-2019 ਰਾਹੀਂ। ਅਤੇ ਇਸ ਤਰ੍ਹਾਂ ਹੱਦਬੰਦੀ : ਪੂਰਬ: ਗਲੀ 15'-0'', ਪੱਛਮ: ਗੁਆਂਢੀ 15'-0'', ਉੱਤਰ: ਗੁਆਂਢੀ 36'-0'', ਦੱਖਣ: ਗੁਆਂਢੀ 36'-0''

ਮਿਤੀ: 10.02.2026 ਸਹੀ/- ਅਧਿਕਾਰਤ ਅਧਿਕਾਰੀ

## ਅਧਿਆਪਕ ਜਥੇਬੰਦੀਆਂ ਵੱਲੋਂ ਟੈਟ ਵਿਰੋਧੀ ਪ੍ਰਦਰਸ਼ਨ 'ਚ ਅਧਿਆਪਕ ਲੈਣਗੇ ਹਿੱਸਾ: ਜੀਟੀਯੂ



ਹਰਿਆਣਾ, 15 ਫਰਵਰੀ (ਚੰਦਰ ਪ੍ਰਕਾਸ਼): ਪੰਜਾਬ ਸਰਕਾਰ ਵੱਲੋਂ ਅਧਿਆਪਕਾਂ 'ਤੇ ਜਬਰੀ ਥੋਪੇ ਗਏ ਅਧਿਆਪਕ ਯੋਗਤਾ ਟੈਸਟ ਦੇ ਵਿਰੋਧ ਵਿੱਚ ਸਮੂਹ ਅਧਿਆਪਕ ਜਥੇਬੰਦੀਆਂ ਪੰਜਾਬ ਵੱਲੋਂ ਅਨੰਦਪੁਰ ਸਾਹਿਬ ਵਿਖੇ ਮਹਾ ਰੋਸ ਪ੍ਰਦਰਸ਼ਨ ਨੂੰ ਰੱਖਿਆ ਗਿਆ ਹੈ, ਜਿਸ ਵਿੱਚ ਹੁਸ਼ਿਆਰਪੁਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਅਧਿਆਪਕ ਸ਼ਾਮਲ ਹੋਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਗੌਰਮਿੰਟ ਟੀਚਰ ਯੂਨੀਅਨ ਪ੍ਰਿਤਪਾਲ ਸਿੰਘ ਚੌਟਾਲਾ ਤੇ ਜ਼ਿਲ੍ਹਾ ਕਨਵੀਨਰ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਸੰਜੀਵ ਧੂਤ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਮਹਾ-ਰੋਸ ਪ੍ਰਦਰਸ਼ਨ ਦੀਆਂ ਤਿਆਰੀਆਂ ਲਈ 16 ਤੇ 17 ਫਰਵਰੀ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਬਲਾਕ ਪੱਧਰੀ ਸਾਂਝੀਆਂ ਤਿਆਰੀ ਸਬੰਧੀ ਮੀਟਿੰਗਾਂ ਕਰਨ ਦਾ ਫੈਸਲਾ ਕੀਤਾ ਜਾਵੇਗਾ। ਗੌਰਮਿੰਟ ਟੀਚਰ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਸਮੂਹ ਅਧਿਆਪਕਾਂ ਨੂੰ ਪੰਜਾਬ ਦੇ ਅਧਿਆਪਕ ਵਰਗ ਨੂੰ ਜਬਰੀ ਥੋਪੇ ਜਾ ਰਹੇ ਟੈਟ ਦਾ ਹਿੱਸਾ ਬਣਨ ਦੀ ਦੀ ਬਜਾਏ 22 ਫਰਵਰੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਟੈਟ ਵਿਰੋਧੀ ਮਹਾ ਪ੍ਰਦਰਸ਼ਨ ਵਿੱਚ ਹਿੱਸਾ ਲੈ ਕੇ ਸੰਘਰਸ਼ ਦਾ ਹਿੱਸਾ ਬਣਨ ਦੀ ਅਪੀਲ ਕੀਤੀ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਅਮਰ ਸਿੰਘ, ਜਨਰਲ ਸਕੱਤਰ ਜਸਵੀਰ ਤਲਵਾੜਾ, ਸਚਿਨ ਕੁਮਾਰ, ਸਰਬਜੀਤ ਸਿੰਘ, ਪ੍ਰਿੰਸ ਗੜ੍ਹਦੀਵਾਲਾ, ਵਿਕਾਸ ਸ਼ਰਮਾ ਤੇ ਹੋਰ ਵੱਡੀ ਗਿਣਤੀ ਵਿੱਚ ਅਧਿਆਪਕ ਆਗੂ ਸ਼ਾਮਲ ਸਨ।

## ਟਰੰਪ ਵੱਲੋਂ ਈਰਾਨ 'ਚ ਰਾਜਪਲਟੇ ਦੀ ਪੈਰਵੀ

### ☛ਦੂਜਾ ਜੰਗੀ ਬੇੜਾ-ਮੱਧ ਪੂਰਬ ਵੱਲ ਰਵਾਨਾ ਕੀਤਾ

ਉੱਤਰੀ ਕੈਰੋਲੀਨਾ, 15 ਫਰਵਰੀ (ਚ.ਨ.ਸ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਵਿੱਚ



ਸੰਭਾਵੀ ਸੱਤਾ ਪਰਿਵਰਤਨ ਦਾ ਸਮਰਥਨ ਕਰਦਿਆਂ ਐਲਾਨ ਕੀਤਾ ਕਿ ਜਲਦੀ ਹੀ ਮੱਧ ਪੂਰਬ ਵਿੱਚ ਬਹੁਤ ਵੱਡੀ ਤਾਕਤ ਪੁੱਜੇਗੀ।ਇਸ ਦੌਰਾਨ ਪੈਂਟਾਗਨ ਨੇ ਖੇਤਰ ਵਿੱਚ ਆਪਣਾ ਦੂਜਾ ਹਵਾਈ ਜਹਾਜ਼ਾਂ ਦੀ ਢੋਆ-ਢੁਆਈ ਵਾਲਾ ਜੰਗੀ ਬੇੜਾ ਭੇਜ ਦਿੱਤਾ ਹੈ।ਟਰੰਪ ਦੀਆਂ ਇਹ ਫੌਜੀ ਗਤੀਵਿਧੀਆਂ ਤੇ ਸਖ਼ਤ ਬਿਆਨਬਾਜ਼ੀ ਅਜਿਹੇ ਸਮੇਂ ਵਿੱਚ ਸਾਹਮਣੇ ਆਈ ਹੈ ਜਦੋਂ ਵਾਸ਼ਿੰਗਟਨ ਤੇ ਤਹਿਰਾਨ, ਪੱਛਮ ਨਾਲ ਇਰਾਨ ਦੇ ਲੰਬੇ ਸਮੇਂ ਤੋਂ ਚੱਲ ਰਹੇ ਪਰਮਾਣੂ ਵਿਵਾਦ ਨੂੰ ਸੁਲਝਾਉਣ ਲਈ ਮੁੜ ਕੂਟਨੀਤਕ ਕੋਸ਼ਿਸ਼ਾਂ ਕਰ ਰਹੇ ਹਨ।ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਇੱਕ ਸਰੋਤ ਨੇ ਰਾਇਟਰਜ਼ ਨੂੰ ਦੱਸਿਆ ਕਿ ਅਮਰੀਕੀ ਦੂਤ ਸਟੀਵ ਵਿਟਕੌਫ ਤੇ ਜੇਅਰਡ ਕੁਸ਼ਨਰ ਮੰਗਲਵਾਰ ਨੂੰ ਜਨੇਵਾ ਵਿੱਚ ਇਰਾਨ ਨਾਲ ਗੱਲਬਾਤ ਕਰਨਗੇ, ਜਿਸ ਵਿੱਚ ਓਮਾਨ ਦੇ ਪ੍ਰਤੀਨਿਧੀ ਵਿਚੋਲੇ ਵਜੋਂ ਕੰਮ ਕਰਨਗੇ। ਵਿਟਕੌਫ ਤੇ ਕੁਸ਼ਨਰ ਮੰਗਲਵਾਰ ਨੂੰ ਜਨੇਵਾ ਵਿੱਚ ਰੂਸ ਅਤੇ ਯੂਕ੍ਰੇਨ ਦੇ ਅਧਿਕਾਰੀਆਂ ਨਾਲ ਵੀ ਮੁਲਾਕਾਤ ਕਰਨਗੇ ਤਾਂ ਜੋ ਯੂਕ੍ਰੇਨ ਜੰਗ ਨੂੰ ਖ਼ਤਮ ਕਰਨ ਦੀਆਂ ਅਮਰੀਕੀ ਕੋਸ਼ਿਸ਼ਾਂ ਨੂੰ ਅੱਗੇ ਵਧਾਇਆ ਜਾ ਸਕੇ।

## ਫੁੱਟਬਾਲ ਖਿਡਾਰੀ ਦੇ ਪਰਿਵਾਰ ਵੱਲੋਂ ਲਾਸ਼ ਸੜਕ 'ਤੇ ਰੱਖ ਕੇ ਪ੍ਰਦਰਸ਼ਨ

ਅੰਮ੍ਰਿਤਸਰ, 15 ਫਰਵਰੀ (ਚ.ਨ.ਸ): ਥਾਣਾ ਕੋਟ ਖ਼ਾਲਸਾ ਦੇ ਗੁਰੂ ਨਾਨਕਪੁਰਾ ਇਲਾਕੇ 'ਚ ਨਸ਼ੇ ਦੀ ਓਵਰਡੋਜ਼ ਨਾਲ 26 ਸਾਲਾ ਫੁੱਟਬਾਲ ਖਿਡਾਰੀ ਆਕਾਸ਼ ਸੈਣੀ ਦੀ ਮੌਤ ਹੋ ਗਈ।ਮ੍ਰਿਤਕ ਦਾ ਪਿਤਾ ਪੰਜਾਬ ਪੁਲਿਸ 'ਚ ਹੈਡ ਕਾਂਸਟੇਬਲ ਹੈ, ਜਿਸ ਨੇ ਆਪਣੇ ਪੁੱਤ ਦੀ ਲਾਸ਼ ਸੜਕ 'ਤੇ ਰੱਖ ਕੇ ਪੰਜਾਬ ਸਰਕਾਰ ਖਿਲਾਫ ਪ੍ਰਦਰਸ਼ਨ ਕੀਤਾ। ਮ੍ਰਿਤਕ ਦੇ ਪਿਤਾ ਅਸ਼ੋਕ ਕੁਮਾਰ ਨੇ ਕਿਹਾ ਕਿ ਸਰਕਾਰ ਨਸ਼ਾ ਕਰਨ ਵਾਲਿਆਂ ਨੂੰ ਤਾਂ ਫੜ ਰਹੀ ਹੈ ਪਰ ਵੇਚਣ ਵਾਲਿਆਂ 'ਤੇ ਕੋਈ ਠੋਸ ਕਾਰਵਾਈ ਨਹੀਂ ਹੋ ਰਹੀ। ਉਸ ਨੇ ਲੋਕਾਂ ਨੂੰ ਕਿਹਾ ਕਿ ਜੇਕਰ ਆਪਣੇ ਬੱਚਿਆਂ ਨੂੰ ਬਚਾਉਣਾ ਹੈ ਤਾਂ ਪੰਜਾਬ ਛੱਡ ਦਿਓ। ਅਸ਼ੋਕ ਕੁਮਾਰ ਨੇ ਦੱਸਿਆ ਕਿ ਉਸ ਦਾ ਪੁੱਤ ਫੁੱਟਬਾਲ ਦਾ ਖਿਡਾਰੀ ਸੀ ਤੇ ਨਸ਼ੇ 'ਚ ਪੈ ਗਿਆ ਸੀ।

## ਹਜ਼ਾਰਾਂ ਉਡਾਣਾਂ ਰੱਦ ਹੋਣ ਤੋਂ ਬਾਅਦ ਹਰਕਤ 'ਚ ਆਈ ਇੰਡੀਗੋ

### ☛1,000 ਪਾਇਲਟ ਭਰਤੀ ਕਰਨ ਦਾ ਐਲਾਨ

ਨਵੀਂ ਦਿੱਲੀ, 15 ਫਰਵਰੀ (ਚ.ਨ.ਸ): ਦੇਸ਼ ਦੀ ਸਭ ਤੋਂ ਵੱਡੀ ਹਵਾਬਾਜ਼ੀ ਕੰਪਨੀ ਇੰਡੀਗੋ ਨੇ ਪਾਇਲਟਾਂ ਦੀ ਭਾਰੀ ਕਮੀ ਤੇ ਉਡਾਣਾਂ 'ਤੇ ਪਏ ਪ੍ਰਭਾਵ ਦੇ ਵਿਚਾਲੇ ਵੱਡਾ ਕਦਮ ਚੁੱਕਿਆ ਹੈ।ਏਅਰਲਾਈਨ ਨੇ 1,000 ਤੋਂ ਵੱਧ ਨਵੇਂ ਪਾਇਲਟਾਂ ਦੀ ਭਰਤੀ ਦੀ ਯੋਜਨਾ ਬਣਾਈ ਹੈ।ਇਹ ਫੈਸਲਾ ਹਾਲ ਹੀ ਵਿੱਚ ਲਾਗੂ ਹੋਏ ਨਵੇਂ ਡਿਊਟੀ ਤੇ ਆਰਾਮ ਦੇ ਨਿਯਮਾਂ ਕਾਰਨ ਹਜ਼ਾਰਾਂ ਉਡਾਣਾਂ ਦੇ ਰੱਦ ਹੋਣ ਤੋਂ ਬਾਅਦ ਲਿਆ ਗਿਆ ਹੈ।ਦਰਅਸਲ, ਸਿਵਲ ਐਵੀਏਸ਼ਨ ਰੈਗੂਲੇਟਰ ਵੱਲੋਂ ਪਾਇਲਟਾਂ ਲਈ ਸਖ਼ਤ ਡਿਊਟੀ ਤੇ ਆਰਾਮ ਨਾਲ ਸਬੰਧਤ ਨਿਯਮ ਲਾਗੂ ਕੀਤੇ ਗਏ, ਜਿਸ ਤੋਂ ਬਾਅਦ ਇੰਡੀਗੋ ਨੂੰ ਦਸੰਬਰ ਵਿੱਚ ਇੱਕ ਹਫ਼ਤੇ ਦੇ ਅੰਦਰ 5,000 ਤੋਂ ਵੱਧ ਫਲਾਈਟਾਂ ਰੱਦ ਕਰਨੀਆਂ ਪਈਆਂ ਸਨ। ਏਅਰਲਾਈਨ ਨੇ ਮੰਨਿਆ ਕਿ ਨਿਯਮ ਲਾਗੂ ਕਰਨ ਲਈ ਲੋੜੀਂਦੀ ਗਿਣਤੀ ਵਿੱਚ ਸਿਖਲਾਈ ਪ੍ਰਾਪਤ ਪਾਇਲਟ ਉਪਲੱਬਧ ਨਹੀਂ




ਸਨ।ਫਰਸਟ ਅਫਸਰ ਤੋਂ ਲੈ ਕੇ ਕੈਪਟਨ ਤੱਕ ਭਰਤੀ ਇੰਡੀਗੋ ਦੀ ਇਸ ਭਰਤੀ ਮੁਹਿੰਮ 'ਚ ਫਰਸਟ ਅਫਸਰ, ਸੀਨੀਅਰ ਫਰਸਟ ਅਫਸਰ ਤੇ ਕੈਪਟਨ ਸ਼ਾਮਲ ਹੋਣਗੇ। ਖਾਸ ਤੌਰ 'ਤੇ ਅਜਿਹੇ ਪਾਇਲਟਾਂ ਨੂੰ ਤਰਜੀਹ ਦਿੱਤੀ ਜਾਵੇਗੀ, ਜਿਨ੍ਹਾਂ ਕੋਲ ਏ-320 ਜਹਾਜ਼ ਉਡਾਉਣ ਦਾ ਤਜਰਬਾ ਹੋਵੇ। ਕੰਪਨੀ ਦਾ ਟੀਚਾ ਹੈ ਕਿ ਵਧਦੇ ਨੈਟਵਰਕ ਤੇ ਨਵੇਂ ਜਹਾਜ਼ਾਂ ਦੀ ਡਲਿਵਰੀ ਦੇ ਨਾਲ ਸੰਚਾਲਨ ਵਿੱਚ ਕੋਈ ਰੁਕਾਵਟ ਨਾ ਆਵੇ।ਏਅਰਲਾਈਨ ਹਰ ਮਹੀਨੇ ਔਸਤਨ 4 ਨਵੇਂ ਜਹਾਜ਼ ਆਪਣੇ ਬੇੜੇ ਵਿੱਚ ਸ਼ਾਮਲ ਕਰ ਰਹੀ ਹੈ। ਇਸ ਦੇ ਨਾਲ ਹੀ ਅੰਦਰੂਨੀ ਸਿਖਲਾਈ ਪ੍ਰਣਾਲੀ ਨੂੰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ ਤਾਂ ਜੋ ਪਾਇਲਟਾਂ ਨੂੰ ਘੱਟ ਸਮੇਂ ਵਿਚ ਅਪਗ੍ਰੇਡ ਕੀਤਾ ਜਾ ਸਕੇ। ਇੰਡੀਗੋ ਮੁਤਾਬਿਕ ਆਉਣ ਵਾਲੇ ਮਹੀਨਿਆਂ ਵਿੱਚ 20-25 ਫਰਸਟ ਅਫਸਰਾਂ ਨੂੰ ਕੈਪਟਨ ਵਜੋਂ ਤਰੱਕੀ ਦਿੱਤੀ ਜਾਵੇਗੀ।

## ਜਥੇ. ਰਣਧੀਰ ਸਿੰਘ ਨੇ ਸ੍ਰੀ ਚੋਲਾ ਸਾਹਿਬ ਦੀ ਪੈਦਲ ਯਾਤਰਾ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ



ਕਾਦੀਆਂ, 15 ਫਰਵਰੀ (ਤਾਰੀ/ਸੰਧੂ): ਖੰਡੀਆਲਾ ਸੈਣੀਆਂ ਤੋਂ ਸ਼ੁਰੂ ਹੋ ਰਹੀ ਸ਼ਰਧਾ ਤੇ ਭਗਤੀ ਭਾਵਨਾ ਨਾਲ ਭਰਪੂਰ ਪੈਦਲ ਯਾਤਰਾ, ਜੋ ਕਿ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਤੱਕ ਜਾ ਰਹੀ ਹੈ, ਦੇ ਪ੍ਰਬੰਧਾਂ ਦਾ ਵਿਸਥਾਰ ਨਾਲ ਜਾਇਜ਼ਾ ਜਥੇ. ਰਣਧੀਰ ਸਿੰਘ ਵੱਲੋਂ ਲਿਆ ਗਿਆ। ਇਸ ਯਾਤਰਾ ਨੂੰ ਲੈ ਕੇ ਇਲਾਕੇ ਵਿੱਚ ਧਾਰਮਿਕ ਉਤਸ਼ਾਹ ਦੇਖਣਯੋਗ ਹੈ ਤੇ ਸੰਗਤਾਂ ਵੱਲੋਂ ਵੱਡੇ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਜਥੇ. ਰਣਧੀਰ ਸਿੰਘ ਨੇ ਦੱਸਿਆ ਕਿ ਇਹ ਪੈਦਲ ਯਾਤਰਾ ਖੰਡੇਆਲਾ ਸੈਣੀਆਂ ਤੋਂ ਅਰਦਾਸ ਉਪਰੰਤ ਰਵਾਨਾ ਹੋਵੇਗੀ ਤੇ ਵੱਖ-ਵੱਖ ਪਿੰਡਾਂ ਤੇ ਕਸਬਿਆਂ ਵਿਚੋਂ ਗੁਜ਼ਰਦੀ ਹੋਈ 3 ਮਾਰਚ ਨੂੰ ਕਾਦੀਆ ਪਹੁੰਚੇਗੀ।ਕਾਦੀਆਂ ਪਹੁੰਚਣ 'ਤੇ ਸਥਾਨਕ ਸੰਗਤਾਂ ਤੇ ਨਗਰ ਨਿਵਾਸੀਆਂ ਵੱਲੋਂ ਯਾਤਰੀਆਂ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ।ਇਸ ਮੌਕੇ ਕੀਰਤਨ ਦਰਬਾਰ, ਲੰਗਰ ਤੇ ਧਾਰਮਿਕ ਦੀਵਾਨ ਵੀ ਸਜਾਏ ਜਾਣਗੇ।ਉਨ੍ਹਾਂ ਕਿਹਾ ਕਿ ਪੈਦਲ ਯਾਤਰਾ ਸਿਰਫ ਇੱਕ ਧਾਰਮਿਕ ਰਸਮ ਨਹੀਂ, ਸਗੋਂ ਇਹ ਸਿੱਖ ਇਤਿਹਾਸ ਤੇ ਪ੍ਰੰਪਰਾਵਾਂ ਨਾਲ ਜੁੜੀ ਹੋਈ ਆਤਮਿਕ ਯਾਤਰਾ ਹੈ, ਜੋ ਨੌਜਵਾਨ ਪੀੜ੍ਹੀ ਨੂੰ ਆਪਣੇ ਧਰਮ ਤੇ ਵਿਰਾਸਤ ਨਾਲ ਜੋੜਦੀ ਹੈ।ਯਾਤਰਾ ਦੌਰਾਨ ਅਨੁਸ਼ਾਸਨ, ਸਫ਼ਾਈ ਤੇ ਸੇਵਾ ਭਾਵਨਾ 'ਤੇ ਖ਼ਾਸ ਧਿਆਨ ਦੇਣ ਦੀ ਹਦਾਇਤ ਵੀ ਦਿੱਤੀ ਗਈ ਹੈ।ਇਸ ਸਬੰਧੀ ਜਥੇਦਾਰ ਸਾਹਿਬ ਨੇ ਨੌਜਵਾਨ ਸੇਵਕ ਜੱਥਾ ਸੰਗ ਕਾਦੀਆਂ ਦੇ ਮੈਂਬਰਾਂ ਨਾਲ ਵਿਸ਼ੇਸ਼ ਬੈਠਕ ਕਰਕੇ ਰਹਿਣ-ਸਹਿਣ, ਚਿਕਿਤਸਾ ਸਹਾਇਤਾ, ਸੁਰੱਖਿਆ ਤੇ ਲੰਗਰ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਲ ਕੀਤੀ।ਉਨ੍ਹਾਂ ਨੇ ਸੇਵਾਦਾਰਾਂ ਦੀ ਹੌਸਲਾ ਅਫ਼ਜ਼ਾਈ ਕਰਦੇ ਹੋਏ ਕਿਹਾ ਕਿ ਸੰਗਤ ਦੀ ਸੇਵਾ ਸਭ ਤੋਂ ਵੱਡੀ ਸੇਵਾ ਹੈ।ਯਾਤਰਾ ਦਾ ਅੰਤਿਮ ਪੜਾਅ ਪਵਿੱਤਰ ਅਸਥਾਨ ਸ੍ਰੀ ਚੋਲਾ ਸਾਹਿਬ ਵਿਖੇ ਹੋਵੇਗਾ, ਜਿੱਥੇ ਵੱਡੀ ਗਿਣਤੀ ਵਿੱਚ ਸੰਗਤ ਮੱਥਾ ਟੇਕ ਕੇ ਆਸ਼ੀਰਵਾਦ ਪ੍ਰਾਪਤ ਕਰੇਗੀ।ਪ੍ਰਬੰਧਕਾਂ ਮੁਤਾਬਿਕ ਇਸ ਵਾਰ ਯਾਤਰਾ ਵਿੱਚ ਪਹਿਲਾਂ ਨਾਲੋਂ ਵੱਧ ਸੰਗਤ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ, ਜਿਸ ਕਰਕੇ ਪ੍ਰਬੰਧਾਂ ਨੂੰ ਹੋਰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ।ਸਥਾਨਕ ਸੰਗਤਾਂ ਵਿੱਚ ਇਸ ਪੈਦਲ ਯਾਤਰਾ ਨੂੰ ਲੈ ਕੇ ਖਾਸਾ ਉਤਸ਼ਾਹ ਹੈ ਤੇ ਕਈ ਥਾਵਾਂ 'ਤੇ ਯਾਤਰੀਆਂ ਦੀ ਸੇਵਾ ਲਈ ਸੇਵਾ ਕੈਂਪ ਲਗਾਉਣ ਦੀ ਤਿਆਰੀ ਜਾਰੀ ਹੈ।ਧਾਰਮਿਕ ਮਾਹੌਲ ਤੇ ਸੇਵਾ ਭਾਵਨਾ ਦੇ ਨਾਲ ਇਹ ਯਾਤਰਾ ਇਲਾਕੇ ਵਿੱਚ ਅਧਿਆਤਮਿਕ ਰੰਗ ਭਰਨ ਲਈ ਤਿਆਰ ਹੈ।

## ਤਾਰਿਕ ਰਹਿਮਾਨ ਦੇ ਸਹੁੰ ਚੁੱਕ ਸਮਾਗਮ 'ਚ ਪ੍ਰਧਾਨ ਮੰਤਰੀ ਮੋਦੀ ਦੇ ਮੁੱਖ ਮਹਿਮਾਨਾਂ 'ਚ ਸ਼ਾਮਲ ਹੋਣ ਦੀ ਉਮੀਦ

### ☛ਸਮਾਰੋਹ ਦੀ ਮਿਤੀ ਜਾਂ ਕਿਸੇ ਵੀ ਵਿਦੇਸ਼ੀ ਨੇਤਾ ਦੁਆਰਾ ਹਾਜ਼ਰੀ ਦੀ ਪੁਸ਼ਟੀ ਨਹੀਂ

ਢਾਕਾ, 15 ਫਰਵਰੀ (ਚ.ਨ.ਸ): ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ.ਐਨ.ਪੀ.) ਬੰਗਲਾਦੇਸ਼ ਚੋਣਾਂ 'ਚ ਪਾਰਟੀ ਦੀ ਜਿੱਤ ਤੋਂ ਬਾਅਦ ਆਪਣੇ ਨੇਤਾ ਤਾਰਿਕ ਰਹਿਮਾਨ ਦੇ ਸਹੁੰ ਚੁੱਕ ਸਮਾਗਮ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦਾ ਦੇਣ ਦੀ ਯੋਜਨਾ ਬਣਾ ਰਹੀ ਹੈ। ਮਾਮਲੇ ਤੋਂ ਜਾਣੂੰ ਸੂਤਰਾਂ ਨੇ ਕਿਹਾ ਕਿ ਸਮਾਰੋਹ 'ਚ ਖੇਤਰੀ ਦੇਸ਼ਾਂ ਦੇ ਮੁਖੀਆਂ ਨੂੰ ਸੱਦਾ ਦੇਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ, ਜਿਸ 'ਚ ਪ੍ਰਧਾਨ ਮੰਤਰੀ ਮੋਦੀ ਦੇ ਮੁੱਖ ਮਹਿਮਾਨਾਂ 'ਚ ਸ਼ਾਮਲ ਹੋਣ ਦੀ ਉਮੀਦ ਹੈ।ਇਹ ਖਬਰ ਪ੍ਰਧਾਨ ਮੰਤਰੀ ਮੋਦੀ ਦੁਆਰਾ ਬੀ.ਐਨ.ਪੀ. ਆਗੂ ਵਾਰਿਕ ਰਹਿਮਾਨ ਨਾਲ ਗੱਲਬਾਤ ਦੀ ਜਨਤਕ ਡੋਰ 'ਤੇ ਪੁਸ਼ਟੀ ਕਰਨ ਤੋਂ ਇੱਕ ਦਿਨ ਬਾਅਦ ਸਾਹਮਣੇ ਆਈ ਹੈ। ਚੋਣ 'ਚ ਜਿੱਤ ਤੋਂ ਬਾਅਦ ਆਪਣੀ ਪਹਿਲੀ ਟਿੱਪਣੀ 'ਚ ਪ੍ਰਧਾਨ ਮੰਤਰੀ ਨੇ ਤਾਰਿਕ ਰਹਿਮਾਨ ਨੂੰ ਟੈਲੀਫੋਨ 'ਤੇ ਵਧਾਈ ਦਿੱਤੀ।ਇੱਕ ਪੋਸਟ 'ਚ ਉਨ੍ਹਾਂ ਕਿਹਾ ਕਿ ਮੈਂ ਬੰਗਲਾਦੇਸ਼ ਦੇ ਲੋਕਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਦੇ ਉਨ੍ਹਾਂ ਦੇ ਯਤਨਾਂ 'ਚ ਆਪਣੀਆਂ ਸ਼ੁਭਕਾਮਨਾਵਾਂ ਤੇ ਸਮਰਥਨ ਦਿੱਤਾ। ਦੁਵੱਲੇ ਸਬੰਧਾਂ 'ਤੇ ਜ਼ੋਰ ਦਿੰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਡੂੰਘੇ ਇਤਿਹਾਸਕ ਤੇ ਸੱਭਿਆਚਾਰਕ ਸਬੰਧਾਂ ਵਾਲੇ ਦੋ ਨਜ਼ਦੀਕੀ ਗੁਆਂਢੀ ਹੋਣ ਦੇ ਨਾਤੇ ਮੈਂ ਸਾਡੇ ਦੋਵਾਂ ਲੋਕਾਂ ਦੀ ਸ਼ਾਂਤੀ, ਤਰੱਕੀ ਤੇ ਖ਼ੁਸ਼ਹਾਲੀ ਪ੍ਰਤੀ ਭਾਰਤ



ਦੀ ਨਿਰੰਤਰ ਵਚਨਬੱਧਤਾ ਦੀ ਪੁਸ਼ਟੀ ਕੀਤੀ। ਅਨੁਸਾਰ ਬੀ.ਐਨ.ਪੀ. ਲੀਡਰਸ਼ਿਪ ਸਹੁੰ ਚੁੱਕ ਸਮਾਰੋਹ ਲਈ ਸਾਰੇ ਪ੍ਰਮੁੱਖ ਖੇਤਰੀ ਦੇਸ਼ਾਂ ਦੇ ਮੁਖੀਆਂ ਨੂੰ ਸੱਦਾ ਦੇਣ 'ਤੇ ਵਿਚਾਰ ਕਰ ਰਹੀ ਹੈ।ਜੇਕਰ ਸੱਦਾ ਰਸਮੀ ਤੌਰ 'ਤੇ ਭੇਜਿਆ ਜਾਂਦਾ ਹੈ ਤੇ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਢਾਕਾ 'ਚ ਨਵੀਂ ਰਾਜਨੀਤਿਕ ਲੀਡਰਸ਼ਿਪ ਅਧੀਨ ਸਮਾਰੋਹ 'ਚ ਮੋਦੀ ਦੀ ਮੌਜੂਦਗੀ ਭਾਰਤ-ਬੰਗਲਾਦੇਸ਼ ਸਬੰਧਾਂ 'ਚ ਇਕ ਮਹੱਤਵਪੂਰਨ ਪਲ ਹੋਵੇਗੀ। ਸਹੁੰ ਚੁੱਕ ਸਮਾਰੋਹ ਦੀ ਮਿਤੀ ਜਾਂ ਕਿਸੇ ਵੀ ਵਿਦੇਸ਼ੀ ਨੇਤਾ ਦੁਆਰਾ ਹਾਜ਼ਰੀ ਦੀ ਪੁਸ਼ਟੀ ਬਾਰੇ ਅਜੇ ਤੱਕ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ ਹੈ।

## 'ਰਾਮਾਇਣ' ਦੇ ਨਿਰਮਾਤਾ ਰਾਮਾਨੰਦ ਸਾਗਰ ਚੋਪੜਾ ਦੇ ਬੇਟੇ ਦਾ ਦੇਹਾਂਤ

ਮੁੰਬਈ, 15 ਫਰਵਰੀ (ਚ.ਨ.ਸ): ਮਸ਼ਹੂਰ ਟੀ.ਵੀ. ਲੜੀਵਾਰ 'ਰਾਮਾਇਣ' ਦੇ ਨਿਰਮਾਤਾ ਰਾਮਾਨੰਦ ਸਾਗਰ ਚੋਪੜਾ ਦੇ ਬੇਟੇ ਆਨੰਦ ਰਾਮਾਨੰਦ ਸਾਗਰ ਚੋਪੜਾ ਦਾ ਲੰਬੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ ਹੈ। ਉਹ 84 ਸਾਲਾਂ ਦੇ ਸਨ। ਉਨ੍ਹਾਂ ਦੀ ਪਤਨੀ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਕੱਲ੍ਹ ਸਵੇਰੇ 10:37 ਵਜੇ ਆਖ਼ਰੀ ਸਾਹ ਲਿਆ। ਪੂਰਾ ਪਰਿਵਾਰ ਉਸ ਦੇ ਨਾਲ ਸੀ। ਉਹ ਸ਼ਾਂਤੀ ਨਾਲ ਚਲੇ ਗਏ। ਉਹ ਇੱਕ ਸੁੰਦਰ ਰੂਹ ਸਨ। ਨਰਮ ਬੋਲਣ ਵਾਲੇ, ਉਨ੍ਹਾਂ ਨੇ ਕਦੇ ਵੀ ਕਿਸੇ ਉਤੇ ਗੁੱਸਾ ਨਹੀਂ ਕੀਤਾ। ਇਹ ਸਾਰਿਆਂ ਲਈ ਬਹੁਤ ਵੱਡਾ ਘਾਟਾ ਹੈ।' ਨਿਸ਼ਾ ਸਾਗਰ ਚੋਪੜਾ ਨੇ ਦੱਸਿਆ ਕਿ ਉਨ੍ਹਾਂ ਦਾ ਪਤੀ ਪਿਛਲੇ 25 ਸਾਲਾਂ ਤੋਂ ਪਾਰਕਿੰਸਨਜ਼ ਬਿਮਾਰੀ ਤੋਂ ਪੀੜਤ ਸੀ। ਉਨ੍ਹਾਂ ਕਿਹਾ ਕਿ ਉਸ ਹਾਲਤ 'ਚ ਵੀ ਉਨ੍ਹਾਂ ਨੇ ਐਨ.ਡੀ.ਟੀ.ਵੀ. ਲਈ ਰਾਮਾਇਣ ਬਣਾਈ, ਜਿਸ ਦਾ ਨਿਰਦੇਸ਼ਨ ਉਨ੍ਹਾਂ ਨੇ ਕੀਤਾ ਸੀ। ਪਿਛਲੇ ਦੋ ਸਾਲਾਂ ਤੋਂ ਉਨ੍ਹਾਂ ਦੀ ਹਾਲਤ ਖ਼ਰਾਬ ਹੋ ਗਈ ਸੀ। ਇਹ ਪਾਰਕਿੰਸਨ ਦਾ ਇਕ ਉੱਨਤ ਪੜਾਅ ਸੀ। ਪਿਛਲੇ ਕੁੱਝ ਮਹੀਨਿਆਂ 'ਚ ਉਨ੍ਹਾਂ ਦੇ ਸਰੀਰ 'ਚ ਇਨਫੈਕਸ਼ਨ ਹੋ ਗਈ



ਸੀ, ਉਸ ਤੋਂ ਬਾਅਦ ਉਹ ਠੀਕ ਨਹੀਂ ਹੋ ਸਕੇ। ਉਹ ਕੁੱਝ ਮਹੀਨਿਆਂ ਤੋਂ ਬਿਸਤਰੇ ਉਤੇ ਪਏ ਸਨ। 3 ਸਤੰਬਰ 1941 ਨੂੰ ਜਨਮੇ ਆਨੰਦ ਸਾਗਰ ਚੋਪੜਾ ਨੇ ਪੰਜ ਫਿਲਮਾਂ ਬਣਾਈਆਂ ਸਨ, ਜਿਨ੍ਹਾਂ ਵਿੱਚ ਰਣਧੀਰ ਕਪੂਰ ਤੇ ਤਨੁਜਾ ਨਾਲ ਹਮਰਾਹੀ, ਰਾਮ ਭਰੋਸੇ, ਜਿਸ ਵਿੱਚ ਅਮਜਦ ਖਾਨ, ਵਿਦਿਆ ਸਿਨਹਾ, ਸਾਰਿਕਾ ਤੇ ਰਾਕੇਸ਼ ਰੋਸ਼ਨ ਸਨ ਤੇ ਸ਼ੰਮੀ ਕਪੂਰ ਨਾਲ ਅਰਮਾਨ ਸ਼ਾਮਲ ਸਨ।

## ਪਿੰਡ ਧਾਰੋਵਾਲੀ ਤੋਂ ਡੇਢ ਦਰਜਨ ਕਾਂਗਰਸੀ ਪਰਿਵਾਰ 'ਆਪ' 'ਚ ਸ਼ਾਮਲ

ਡੇਰਾ ਬਾਬਾ ਨਾਨਕ, 15 ਫਰਵਰੀ (ਹੈਪੀ ਕੋਟਲੀ): ਅੱਜ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਧਾਰੋਵਾਲੀ ਤੋਂ ਕਾਂਗਰਸ ਪਾਰਟੀ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਡੇਢ ਦਰਜਨ ਦੇ ਕਰੀਬ ਕਾਂਗਰਸੀ ਪਰਿਵਾਰ ਕਾਂਗਰਸ ਪਾਰਟੀ ਨੂੰ ਸਦਾ ਲਈ ਅਲਵਿਦਾ ਕਹਿ ਕੇ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਕਾਂਗਰਸ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਮੂਹ ਵਰਕਰਾਂ ਦਾ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਸਵਾਗਤ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਪਿਛਲੇ ਦਿਨੀਂ ਜਿੱਥੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਰੰਧਾਵਾ ਨੇ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪਿੰਡ ਸਤੋਜ ਤੋਂ ਚੋਣਾਂ 'ਚ ਵਿਰੋਧ ਕਰਨ ਸਬੰਧੀ ਟਿਪਣੀ ਕੀਤੀ ਗਈ ਸੀ ਉਸੇ ਤਹਿਤ ਹੀ ਅੱਜ ਧਾਰੋਵਾਲੀ 'ਚ ਸੁਖਜਿੰਦਰ ਸਿੰਘ ਰੰਧਾਵਾ ਦੇ ਘਰ ਦੇ ਸਾਹਮਣੇ ਹੀ ਆਮ ਆਦਮੀ ਪਾਰਟੀ ਵੱਲੋਂ ਪ੍ਰੋਗਰਾਮ ਦਾ ਆਯੋਜਨ ਕਰਕੇ ਲੰਬੇ ਸਮੇਂ ਤੋਂ ਕਾਂਗਰਸ ਪਾਰਟੀ ਨਾਲ ਸਬੰਧਤ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਂ



ਇਨ੍ਹਾਂ ਸਮੂਹ ਪਰਿਵਾਰਾਂ ਦਾ ਆਮ ਆਦਮੀ ਪਾਰਟੀ ਸ਼ਾਮਲ ਹੋਣ 'ਤੇ ਧੰਨਵਾਦ ਕਰਦਾ ਹਾਂ, ਇਸ ਦੇ ਨਾਲ ਹੀ ਗੁਰਦੀਪ ਸਿੰਘ ਰੰਧਾਵਾ ਵੱਲੋਂ ਧਾਰੋਵਾਲੀ 'ਚ ਬਲਾਕ ਸੰਮਤੀ ਮੈਂਬਰ ਰਜਵੰਤ ਕੌਰ ਨੂੰ ਬਲਾਕ ਸੰਮਤੀ ਡੇਰਾ ਬਾਬਾ ਨਾਨਕ ਦਾ ਵਾਈਸ ਚੇਅਰਮੈਨ ਬਣਾਉਣ ਦਾ ਐਲਾਨ ਕੀਤਾ ਗਿਆ।ਇਸ ਦੇ ਨਾਲ ਹੀ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦਾਅਵਾ ਕੀਤਾ ਕਿ 2027 ਦੀਆਂ ਚੋਣਾਂ ਦੌਰਾਨ ਪਿੰਡ ਧਾਰੋਵਾਲੀ ਤੋਂ ਆਮ ਆਦਮੀ ਪਾਰਟੀ ਨੂੰ ਵੱਡੀ ਗਿਣਤੀ ਵਿੱਚ ਵੋਟਾਂ ਪੈਣਗੀਆਂ। ਇਸ ਮੌਕੇ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲੇ ਵਿੱਚ ਜਸਪ੍ਰੀਤ ਸਿੰਘ ਧਾਰੋਵਾਲੀ, ਮਨਪ੍ਰੀਤ ਸਿੰਘ, ਨੰਬਰਦਾਰ ਸਤਨਾਮ ਸਿੰਘ, ਕੁਲਦੀਪ ਸਿੰਘ, ਮਿਸਤਰੀ ਮਹਿੰਦਰ ਸਿੰਘ, ਨਵਨੀਤ ਸਿੰਘ, ਚਰਨਜੀਤ ਸਿੰਘ, ਸੁਨੀਲ ਮਸੀਹ, ਮਹਿੰਦਰ ਮਸੀਹ, ਗੁਰਜੀਤ ਸਿੰਘ, ਸ਼ੀਲਾ ਕੁਮਾਰੀ, ਮੱਸਾ ਮਸੀਹ, ਕੁਲਵੰਤ ਸਿੰਘ, ਪਰਮਿੰਦਰਜੀਤ ਕੌਰ, ਰਣਜੀਤ ਕੌਰ, ਸਾਮੂ ਮਸੀਹ, ਬਲਜੀਤ ਸਿੰਘ ਦਾ ਗੁਰਦੀਪ ਸਿੰਘ ਰੰਧਾਵਾ ਵੱਲੋਂ ਆਮ ਆਦਮੀ ਪਾਰਟੀ ਦੇ ਨਿਸ਼ਾਨ ਵਾਲੇ ਸਿਰੋਪਾਓ ਪਾ ਕੇ ਸਵਾਗਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਬਲਾਕ ਸੰਮਤੀ ਮੈਂਬਰ ਬਲਵਿੰਦਰ ਸਿੰਘ ਗੁਰਾਇਆ, ਪ੍ਰਧਾਨ ਰਜੇਸ਼ ਕੁਮਾਰ ਬਿੱਟਾ, ਸਰਪੰਚ ਦਲਬੀਰ ਸਿੰਘ ਭਿੱਲਾ, ਸਰਪੰਚ ਸੁਖਵਿੰਦਰ ਸਿੰਘ ਧਾਲੀਵਾਲ, ਸਰਪੰਚ ਸੁਲੱਖਣ ਸਿੰਘ ਬਸੰਤਕੋਟ, ਸੁਖਦੀਪ ਸਿੰਘ ਸਰਪੰਚ ਹਕੀਮਬੇਗ, ਰਾਮਜੀਤ ਸਿੰਘ ਸਰਪੰਚ ਕੋਟਮੌਲਵੀ, ਵਿਸਾਖਾ ਸਿੰਘ ਸਰਪੰਚ ਮੀਰਕਚਾਣਾ, ਮੇਜਰ ਸਿੰਘ ਸਰਪੰਚ ਠੇਠਰਕੇ ਹਾਜ਼ਰ ਸਨ।

## ਸ਼ਿਵਰਾਤਰੀ ਮੌਕੇ ਸ਼ਮਸ਼ਾਨ 'ਚ ਕੀਤੀ ਸ਼ਿਵ ਜੀ ਦੀ ਮੂਰਤੀ ਸਥਾਪਨਾ



ਗੜ੍ਹਦੀਵਾਲਾ, 15 ਫਰਵਰੀ (ਗੌਰਵ): ਅੱਜ ਗੜ੍ਹਦੀਵਾਲਾ ਦੇ ਨਜ਼ਦੀਕੀ ਪਿੰਡ ਨੰਗਲ ਘੋੜੇ ਵਾਹਾ ਵਿਖੇ ਮਹਾ ਸ਼ਿਵਰਾਤਰੀ ਦੇ ਸ਼ੁਭ ਦਿਹਾੜੇ ਮੌਕੇ ਪਿੰਡ ਦੇ ਸ਼ਮਸ਼ਾਨਘਾਟ ਵਿਖੇ ਸ਼ਿਵ ਜੀ ਦੀ ਮੂਰਤੀ ਸਥਾਪਨਾ ਕੀਤੀ ਗਈ। ਇਸ ਮੌਕੇ 'ਤੇ ਪਿੰਡ ਦੇ ਸਰਪੰਚ ਦਲੇਰ ਸਿੰਘ ਤੇ ਨੰਬਰਦਾਰ ਕਮਲ ਤੇ ਸੰਜੀਵ ਠਾਕੁਰ ਨੇ ਪੂਰੇ ਵਿਧੀ ਵਿਧਾਨਾਂ ਨਾਲ ਸ਼ਿਵਪੁਰੀ ਵਿਖੇ ਸ਼ਿਵਜੀ ਦੀ ਮੂਰਤੀ ਸਥਾਪਨਾ ਕੀਤੀ ਗਈ। ਇਸ ਮੌਕੇ 'ਤੇ ਭਜਨ ਮੰਡਲੀਆਂ ਵੱਲੋਂ ਭਗਵਾਨ ਸ਼ਿਵ ਦੀ ਮਹਿਮਾਂ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ 'ਤੇ ਸਮੂਹ ਪਿੰਡ ਵਾਸੀ ਮੌਜੂਦ ਸਨ।

## ਰਮਨ ਬਹਿਲ ਵੱਲੋਂ ਪਿੰਡ ਸਰਾਵਾਂ 'ਚ 45 ਲੱਖ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ

### ☛ਹਲਕੇ ਦੇ ਪਿੰਡਾਂ ਵਿੱਚ ਵਿਕਾਸ ਕਾਰਜ ਨਿਰੰਤਰ ਜਾਰੀ

ਗੁਰਦਾਸਪੁਰ, 15 ਫਰਵਰੀ (ਜਗੀਰ ਸਿੰਘ ਮੰਡ/ਨਾਹਰ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਅੰਦਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਜਿਸ ਦੇ ਚੱਲਦਿਆਂ ਵਿਧਾਨ ਸਭਾ ਹਲਕੇ ਗੁਰਦਾਸਪੁਰ ਅੰਦਰ ਪਿਛਲੇ ਚਾਰ ਸਾਲਾਂ ਵਿੱਚ ਲੋਕ ਹਿੱਤ ਵਿੱਚ



ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ।ਇਹ ਪ੍ਰਗਟਾਵਾ ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ ਨੇ ਪਿੰਡ ਸਰਾਵਾਂ ਵਿੱਚ 45 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜਾਂ ਦੇ ਉਦਘਾਟਨ ਕਰਨ ਉਪਰੰਤ ਕੀਤਾ।ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰ ਖੇਤਰ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤੇ ਪੰਜਾਬ ਮੁੜ ਤੋਂ ਵਿਕਾਸ ਦੇ ਰਾਹ 'ਤੇ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਸਰਾਵਾਂ ਵਿੱਚ ਸੜਕ, ਲਾਕਿੰਗ ਟਾਇਲ ਤੇ ਪਿੰਡ ਵਾਸੀਆਂ ਦੀ ਮੰਗ 'ਤੇ ਧਰਮਸ਼ਾਲਾ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਹਲਕੇ ਦੇ ਪਿੰਡਾਂ ਵਿੱਚ ਲੋਕਾਂ ਦੀ ਸਹੂਲਤਾਂ ਨੂੰ ਮੁੱਖ ਰੱਖਦਿਆਂ ਪਾਰਦਰਸ਼ੀ ਢੰਗ ਨਾਲ ਵਿਕਾਸ ਕਾਰਜ ਨਿਰੰਤਰ ਜਾਰੀ ਹਨ ਤੇ ਉਹ 24 ਘੰਟੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ। ਰਮਨ ਬਹਿਲ ਨੇ ਵਿਕਾਸ ਕਾਰਜਾਂ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਲੋਕਹਿੱਤ ਵਿੱਚ ਵੱਖ-ਵੱਖ ਲੋਕ ਭਲਾਈ ਸਕੀਮਾਂ ਲਾਗੂ ਕੀਤੀਆਂ ਹਨ ਤੇ ਲੋਕਾਂ ਦੀ ਸਿਹਤ ਸੇਵਾਵਾਂ ਨੂੰ ਮੁੱਖ ਰੱਖਦਿਆਂ 'ਮੁੱਖ ਮੰਤਰੀ ਸਿਹਤ ਯੋਜਨਾ' ਲਾਗੂ ਕੀਤੀ ਗਈ ਹੈ, ਜਿਸ ਵਿੱਚ ਪੰਜਾਬ ਦੇ ਹਰ ਨਾਗਰਿਕ ਨੂੰ ਲੋੜ ਪੈਣ 'ਤੇ ਬਿਮਾਰੀ ਦੇ ਇਲਾਜ ਲਈ 10 ਲੱਖ ਰੁਪਏ ਤੱਕ ਦੀ ਕੈਸ਼ਲੈਸ ਸਹੂਲਤ ਮੁਹੱਈਆ ਕਰਵਾਈ ਗਈ ਹੈ। ਇਸ ਮੌਕੇ 'ਤੇ ਸਰਪੰਚ ਮਲਕੀਤ ਸਿੰਘ, ਸਰਪੰਚ ਮਨਦੀਪ ਸਿੰਘ ਚੱਗੂਵਾਲ ਰਾਕੇਸ਼ ਸ਼ਰਮਾ, ਹੈਪੀ ਲੌਂਗੀਆ ਸਾਬਕਾ ਸਰਪੰਚ ਸਤਨਾਮ ਸਿੰਘ ਸਰਾਵਾਂ, ਨਿਸ਼ਾਨ ਸਿੰਘ ਤੇ ਪੰਚਾਇਤ ਸਕੱਤਰ ਅਭਿਸ਼ੇਕ ਸ਼ਰਮਾ ਵੀ ਮੌਜੂਦ ਸਨ।

## ਇੱਕ ਚੇਤ ਨੂੰ ਗੁਰਦੁਆਰਾ ਬੁਰਜ ਸਾਹਿਬ ਵਿਖੇ ਦੋ ਰੋਜ਼ਾ ਧਾਰਮਿਕ ਸਮਾਗਮ ਕਵਾਇਆ ਜਾਵੇਗਾ



ਧਾਰੀਵਾਲ, 15 ਫਰਵਰੀ (ਅਸ਼ੋਕ ਕੁਮਾਰ): ਨਾਨਕਸ਼ਾਹੀ ਸਿੱਖ ਸੇਵਾ ਸੁਸਾਇਟੀ ਧਾਰੀਵਾਲ ਦੀ ਅਹਿਮ ਬੈਠਕ ਸੰਸਥਾ ਦੇ ਸਰਪ੍ਰਸਤ ਜਥੇ. ਨਿਰਵੈਰ ਸਿੰਘ ਦੇ ਗ੍ਰਹਿ ਵਿਖੇ ਸੰਸਥਾ ਦੇ ਪ੍ਰਧਾਨ ਬਲਦੇਵ ਸਿੰਘ ਨਿਮਾਣਾ ਦੀ ਪ੍ਰਧਾਨਗੀ ਹੇਠ ਹੋਈ। ਸੰਸਥਾ ਦੇ ਪ੍ਰੈਸ ਸਕੱਤਰ ਇੰਜੀਨੀਅਰ ਜਤਿੰਦਰ ਪਾਲ ਸਿੰਘ ਜੇਪੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਮੀਟਿੰਗ ਦੀ ਸ਼ੁਰੂਆਤ ਵਿੱਚ ਸੰਸਥਾ ਦੇ ਸਕੱਤਰ ਇੰਜੀਨੀਅਰ ਲਖਵਿੰਦਰ ਸਿੰਘ ਪੰਨੂੰ ਨੇ ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਅੱਗੇ ਅਰਦਾਸ ਕਰਕੇ ਮੀਟਿੰਗ ਦੀ ਸ਼ੁਰੂਆਤ ਦੀ ਆਗਿਆ ਲਈ ਇਸ ਦੇ ਉਪਰੰਤ ਸੰਸਥਾ ਦੇ ਖਜ਼ਾਨਚੀ ਹਰਪ੍ਰੀਤ ਸਿੰਘ ਸਭਰਵਾਲ ਨੇ ਪਿਛਲੇ ਸਾਲ ਦਾ ਲੇਖਾ-ਜੋਖਾ ਵਿਸਥਾਰ ਪੂਰਵਕ ਦੱਸਿਆ। ਨਾਨਕ ਸ਼ਾਹੀ ਸਿੱਖ ਸੇਵਾ ਸੁਸਾਇਟੀ ਦੇ ਅਹੁਦੇਦਾਰਾਂ ਨੇ ਹਰ ਸਾਲ ਦੀ ਤਰ੍ਹਾਂ ਇੱਕ ਚੇਤ ਨੂੰ ਨਵਾਂ ਸਾਲ ਧਾਰੀਵਾਲ ਸਥਿਤ ਇਤਿਹਾਸਕ ਗੁਰਦੁਆਰਾ ਬੁਰਜ ਸਾਹਿਬ ਵਿਖੇ ਦੋ ਰੋਜ਼ਾ ਧਾਰਮਿਕ ਸਮਾਗਮ ਕਰਵਾ ਕੇ ਨਵਾਂ ਸਾਲ ਮਨਾਉਣ ਬਾਰੇ ਸਹਿਮਤੀ ਪ੍ਰਗਟਾਈ। ਇਸ ਪ੍ਰੋਗਰਾਮ ਵਿੱਚ 12 ਮਾਰਚ ਨੂੰ ਡਾ. ਸ਼ਿਵ ਸਿੰਘ ਨਿਸ਼ਕਾਮ ਕੀਰਤਨੀ ਜੱਥਾ ਗੁਰਦਾਸਪੁਰ ਵਾਲੇ ਹਜ਼ੂਰੀ ਰਾਗੀ ਗੁਰਦੁਆਰਾ ਬੁਰਜ ਸਾਹਿਬ ਤੇ ਜਥਾ ਨਾਨਕਸ਼ਾਹੀ ਸਿੱਖ ਸੇਵਾ ਸੁਸਾਇਟੀ ਵਾਲੇ ਸੰਗਤਾਂ ਨੂੰ ਕੀਰਤਨ ਕਰਕੇ ਨਾਲ ਨਿਹਾਲ ਕਰਨਗੇ, 13 ਮਾਰਚ ਨੂੰ ਢਾਡੀ ਜਥੇ ਤੇ ਕੌਮ ਦੇ ਪ੍ਰਸਿੱਧ ਕਥਾਵਾਚਕ ਭਾਈ ਮਨਦੀਪ ਸਿੰਘ ਮੁਰੀਦ ਸੰਗਰੂਰ ਵਾਲੇ ਸੰਗਤਾਂ ਨੂੰ ਆਪਣੇ ਬਚਨਾਂ ਨਾਲ ਨਿਹਾਲ ਕਰਨਗੇ, 13 ਮਾਰਚ ਰਾਤ 12 ਵਜੇ ਤੋਂ ਬਾਅਦ ਅਨੰਦ ਸਾਹਿਬ ਦਾ ਪਾਠ ਕਰਕੇ ਅਰਦਾਸ ਕਰਕੇ ਨਵੇਂ ਸਾਲ ਦੀ ਸ਼ੁਰੂਆਤ ਕਰਦੇ ਹੋਏ ਅਲੌਕਿਕ ਆਤਿਸ਼ਬਾਜ਼ੀ ਕੀਤੀ ਜਾਵੇਗੀ।ਦੋਵੇਂ ਦਿਨ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਜਾਵੇਗਾ।ਇੱਕ ਚੇਤ 14 ਮਾਰਚ ਨੂੰ ਇੱਕ ਵਿਸ਼ਾਲ ਨਾਨਕ ਸ਼ਾਹੀ ਮਾਰਚ ਗੁਰਦੁਆਰਾ ਬੁਰਜ ਸਾਹਿਬ ਤੋਂ ਗੁਰਦੁਆਰਾ ਸਿੰਘ ਸਭਾ ਰਣੀਏ ਤੱਕ ਨਿਹੰਗ ਸਿੰਘਾਂ ਦੀ ਅਗਵਾਈ ਵਿੱਚ ਸੰਗਤਾਂ ਦੇ ਸਹਿਯੋਗ ਨਾਲ ਕੱਢਿਆ ਜਾਵੇਗਾ।ਇਹ ਸਾਰੇ ਮਤੇ ਮੀਟਿੰਗ ਦੀ ਸਰਬ ਸੰਮਤੀ ਨਾਲ ਪਾਸ ਕੀਤੇ ਗਏ।ਇਸ ਮੌਕੇ 'ਤੇ ਸੰਸਥਾ ਦੇ ਮੀਤ ਪ੍ਰਧਾਨ ਡਾ. ਕਮਲਜੀਤ ਸਿੰਘ ਕੇਜੇ, ਐਕਟਿਵ ਮੈਂਬਰ ਦਲਜੀਤ ਸਿੰਘ ਛੋਟੇਪੁਰ ਹਾਜ਼ਰ ਸਨ।

## ਪੁਲਿਸ ਚੌਕੀ ਦੇ ਇੱਕ ਕਿਲੋਮੀਟਰ ਘੇਰੇ ਅੰਦਰ 4 ਦਿਨਾਂ ਤੋਂ ਹੋ ਰਹੀਆਂ ਨੇ ਮੋਟਰਾਂ ਦੀਆਂ ਤਾਰਾਂ ਚੋਰੀ

### ☛ਕਿਸਾਨਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾਫ਼ ਸੰਘਰਸ਼ ਦੀ ਦਿੱਤੀ ਚੇਤਾਵਨੀ



ਹੁਸ਼ਿਆਰਪੁਰ, 15 ਫਰਵਰੀ (ਦੀਪਕ ਅਗਨੀਹੋਤਰੀ): ਲਗਾਤਾਰ ਪਿਛਲੇ 4 ਦਿਨਾਂ ਤੋਂ ਚੋਰਾਂ ਵੱਲੋਂ ਕਿਸਾਨਾਂ ਦੀਆਂ ਮੋਟਰਾਂ ਦੀਆਂ ਤਾਰਾਂ ਚੋਰੀ ਕਰਨ ਦਾ ਸਿਲਸਿਲਾ ਜਾਰੀ ਹੈ ਤੇ ਇਹ ਸਾਰੀਆਂ ਮੋਟਰਾ ਪੁਲਿਸ ਚੌਕੀ ਨਸਰਾਲਾ ਤੋਂ ਤਕਰੀਬਨ 1 ਕਿਲੋਮੀਟਰ ਦੇ ਏਰੀਏ ਵਿੱਚ ਪਿੰਡ ਨਸਰਾਲਾ ਦੀਆਂ ਹੀ ਹਨ, ਜਿਸ ਨੂੰ ਲੈ ਕੇ ਪਿੰਡ ਦੇ ਕਿਸਾਨਾਂ ਵਿੱਚ ਪੁਲਿਸ ਦੇ ਖਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ ਤੇ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਪੁਲਿਸ ਨੇ ਸਾਡੇ ਇਸ ਲਗਾਤਾਰ ਹੋ ਰਹੇ ਨੁਕਸਾਨ ਨੂੰ ਨਾ ਰੋਕਿਆ ਤਾਂ ਉਹ ਸੰਘਰਸ਼ ਦਾ ਰਾਹ ਅਪਨਾਉਣਗੇ। ਇਸ ਮੌਕੇ ਇਕੱਠੇ ਹੋਏ ਕਿਸਾਨਾਂ ਨੇ ਦੱਸਿਆ ਕਿ ਪਿਛਲੇ ਇੱਕ ਮਹੀਨੇ ਦੇ ਅੰਦਰ ਤਕਰੀਬਨ 50 ਮੋਟਰਾਂ ਦੀਆਂ ਤਾਰਾਂ ਤੇ ਹੋਰ ਕੀਮਤੀ ਸਮਾਨ ਚੋਰੀ ਹੋ ਚੁੱਕਾ ਹੈ, ਪਰ ਪੁਲਿਸ ਵੱਲੋਂ ਇੱਕ ਵੀ ਵਿਅਕਤੀ ਫ਼ੜਿਆ ਨਹੀਂ ਗਿਆ।ਇਸ ਮੌਕੇ ਕਿਸਾਨ ਸੰਦੀਪ ਸਿੰਘ, ਨੰਬਰਦਾਰ ਲਾਭ ਸਿੰਘ, ਗੁਰਬਖਸ਼ ਸਿੰਘ, ਸੁਖਵਿੰਦਰ ਸਿੰਘ ਸੁੱਖਾ, ਅਮਰੀਕ ਸਿੰਘ, ਸਰਵਦੀਪ ਸਿੰਘ, ਮਨਵੀਰ ਸਿੰਘ ਮੰਨਾ, ਹਰਜੀਤ ਸਿੰਘ ਜੀਤਾ, ਬਲਵੀਰ ਸਿੰਘ ਬੀਰਾ, ਹਰਜਿੰਦਰ ਸਿੰਘ ਆਦਿ ਕਿਸਾਨਾਂ ਨੇ ਕਿਹਾ ਕਿ ਪਹਿਲੇ ਦਿਨ ਸੰਦੀਪ ਸਿੰਘ ਪੁੱਤਰ ਸੇਵਲ ਸਿੰਘ ਵਾਸੀ ਨਸਰਾਲਾ ਦੀ ਇੱਕ ਮੋਟਰ ਦੀ ਤਾਰ ਚੋਰੀ ਹੋਈ ਤੇ ਦੂਜੇ ਦਿਨ ਹਰਜੀਤ ਸਿੰਘ, ਗੱਜਣ ਸਿੰਘ, ਹਰਜਿੰਦਰ ਸਿੰਘ ਪੁੱਤਰ ਸਰਵਣ ਸਿੰਘ, ਹਜਜਿੰਦਰ ਸਿੰਘ ਪੁੱਤਰ ਕੇਵਲ ਸਿੰਘ, ਬਲਕਾਰ ਸਿੰਘ ਪੁੱਤਰ ਰਣਜੀਤ ਸਿੰਘ ਆਦਿ ਦੀਆਂ ਮੋਟਰਾਂ ਦੀਆਂ ਤਾਰਾਂ ਚੋਰੀ ਕਰ ਲਈਆਂ ਗਈਆਂ।ਤੀਜੇ ਦਿਨ ਲਸ਼ਕਰ ਸਿੰਘ, ਦਰਸ਼ਨ ਸਿੰਘ ਦੀ ਮੋਟਰ, ਜਿਸ ਦੀ ਜ਼ਮੀਨ ਸੰਦੀਪ ਸਿੰਘ ਨੇ ਠੇਕੇ ਉਪਰ ਵਾਹੀ ਹੋਈ ਹੈ ਤੇ ਚੌਥੇ ਦਿਨ ਕੁਲਵੰਤ ਸਿੰਘ ਆਦਿ ਦੀਆਂ ਮੋਟਰਾਂ ਤੋਂ ਤਾਰਾਂ ਚੋਰੀ ਕਰ ਲਈਆਂ ਗਈਆਂ ਹਨ। ਇਨ੍ਹਾਂ ਕਿਸਾਨਾਂ ਨੇ ਕਿਹਾ ਕਿ ਅਸੀਂ ਵਾਰ-ਵਾਰ ਪੁਲਿਸ ਚੌਕੀ ਨਸਰਾਲਾ ਵਿਖੇ ਜਾ ਕੇ ਆਪਣਾ ਦੁੱਖ ਦੱਸ ਚੁੱਕੇ ਹਾਂ ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਗੁੱਸੇ ਨਾਲ ਭਰੇ ਕਿਸਾਨਾਂ ਨੇ ਕਿਹਾ ਕਿ ਜੇਕਰ ਰਾਤ ਬਰਾਤੇ ਕੋਈ ਅਣਪਛਾਤਾ ਵਿਅਕਤੀ ਉਨ੍ਹਾਂ ਦੀਆਂ ਮੋਟਰਾਂ ਦਾ ਨੁਕਸਾਨ ਕਰਦਾ ਫੜਿਆ ਗਿਆ ਤਾਂ ਉਹ ਆਪਣੇ ਨੁਕਸਾਨ ਦਾ ਜ਼ਿੰਮੇਵਾਰ ਆਪ ਹੋਵੇਗਾ।

## ਭੈਣੀ ਬਾਂਗਰ ਦੀ ਸੰਗਤ ਨੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਵਰਦੀਆਂ ਤੇ ਸਕੂਲ ਬੈਗ ਵੰਡੇ



ਕਾਹਨੂੰਵਾਨ, 15 ਫਰਵਰੀ (ਕੁਲਜੀਤ ਸਿੰਘ ਖੋਖਰ): ਪਿੰਡ ਭੈਣੀ ਬਾਂਗਰ ਦੀ ਸੰਗਤ ਤੇ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਨੌਜਵਾਨਾਂ ਵੱਲੋਂ ਮਕੌੜਾ ਪੱਤਣ ਰਾਵੀ ਦਰਿਆ ਦੇ ਪਾਰ ਸੱਤ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਹੜ੍ਹ ਪ੍ਰਭਾਵਿਤ ਤੇ ਲੋੜਵੰਦ ਬੱਚਿਆਂ ਦੀ ਮਦਦ ਕੀਤੀ ਗਈ। ਜਿਸ ਵਿਚ ਬੱਚਿਆਂ ਦੀਆਂ ਵਰਦੀਆਂ, ਬੂਟ, ਸਕੂਲ ਬੈਗ ਤੇ ਹੋਰ ਪੜ੍ਹਾਈ ਨਾਲ ਸਬੰਧਤ ਸਮੱਗਰੀ ਦਿੱਤੀ ਗਈ। ਇਸ ਸਬੰਧੀ ਗੱਲਬਾਤ ਕਰਦਿਆਂ ਮਾਸਟਰ ਜਸਪਾਲ ਸਿੰਘ, ਮੁਕੇਸ਼ ਕੁਮਾਰ ਵਿਰਦੀ, ਰਾਕੇਸ਼ ਕੁਮਾਰ ਭਿੰਡਰ, ਸੁੱਖ ਭੈਣੀਆਂ, ਸੁਭਾਸ਼ ਸਿੰਘ, ਮਿੰਟਾ ਭੈਣੀ ਬਾਂਗਰ, ਡਿੰਪਲ ਐਪਲ ਸੂਜ ਕਾਦੀਆ ਨੇ ਦੱਸਿਆ ਕਿ ਪਿੰਡ ਭਰਿਆਲ, ਲਸਿਆਣ, ਤੂਰਬਾਨੀ, ਸਮੇਤ ਵੱਖ-ਵੱਖ ਪਿੰਡਾਂ ਦੇ 100 ਤੋਂ ਵੱਧ ਬੱਚਿਆਂ ਦੀ ਸਕੂਲਾਂ ਵਿੱਚ ਪਹੁੰਚ ਕੇ ਮਦਦ ਕੀਤੀ।ਇਸ ਮੌਕੇ 'ਤੇ ਸਕੂਲਾਂ ਦੇ ਸਟਾਫ਼ ਵੱਲੋਂ ਪਿੰਡ ਭੈਣੀ ਬਾਂਗਰ ਦੀ ਸਮੂਹ ਸੰਗਤ ਤੇ ਐਨਆਰਆਈ ਵੀਰਾਂ ਦਾ ਸਕੂਲੀ ਬੱਚਿਆਂ ਦੀ ਮਦਦ ਕਰਨ ਵਾਸਤੇ ਧੰਨਵਾਦ ਕੀਤਾ।

## ਸ਼ਿਵਰਾਤਰੀ ਮੌਕੇ ਬ੍ਰੈਡਾਂ ਦਾ ਲੰਗਰ ਲਗਾਇਆ

ਮੋਗਾ, 15 ਫਰਵਰੀ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਮੋਗਾ



ਵਿੱਚ ਸ਼ਿਵਰਾਤਰੀ ਨੂੰ ਲੈ ਕੇ ਹਰਸ਼ ਪਲਤਾ ਫਾਇਨਾਂਸ ਵੱਲੋਂ ਅੱਜ ਚਾਹ ਤੇ ਬ੍ਰੈਡ ਪੀਸ ਦਾ ਲੰਗਰ ਲਗਾਇਆ ਗਿਆ। ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਹਰਸ਼ ਪਲਤਾ ਨੇ ਕਿਹਾ ਕਿ ਅੱਜ ਦੇ ਦਿਨ ਦੀ ਬਹੁਤ ਮਹੱਤਤਾ ਹੈ।ਇਸ ਦਿਨ ਕੋਈ ਨਾ ਕੋਈ ਪੁੰਨ ਦਾ ਕੰਮ ਜ਼ਰੂਰ ਕਰਨਾ ਚਾਹੀਦਾ ਹੈ। ਸ਼ਿਵਰਾਤਰੀ ਨੂੰ ਲੈ ਕੇ ਇਸ ਲਈ ਅੱਜ ਸਾਡੇ ਵੱਲੋਂ ਜੀਟੀ ਰੋਡ ਉਤੇ ਲੰਗਰ ਲਗਾਇਆ ਗਿਆ ਤਾਂ ਕਿ ਜੀਵਨ ਦੇ ਵਿੱਚ ਸ਼ਾਂਤੀ ਤਾਕਤ ਤੇ ਖੁਸ਼ਹਾਲੀ ਆਵੇ। ਇਸ ਪਵਿੱਤਰ ਸ਼ਿਵਰਾਤਰੀ ਨੂੰ ਸਭ ਦੀਆਂ ਮਨੋਕਾਮਨਾ ਪੂਰੀਆਂ ਹੋਣ ਤੇ ਭਗਵਾਨ ਸ਼ਿਵ ਸਾਰਿਆਂ ਉਤੇ ਮਿਹਰ ਭਰਿਆ ਹੱਥ ਰੱਖਣ।

## ਮਾਂ ਮਾਤੇਸ਼ਵਰੀ ਮੰਦਰ ਵਿਖੇ ਸ਼ਿਵਰਾਤਰੀ ਧੂਮਧਾਮ ਨਾਲ ਮਨਾਈ

ਟਾਂਡਾ ਉੜਮੁੜ, 15 ਫਰਵਰੀ (ਅਰਜੁਨ ਜੈਨ): ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਂ ਮਾਤੇਸ਼ਵਰੀ ਚਿੰਤਪੂਰਨੀ ਮੰਦਰ ਢੋਲਵਾਹਾ ਜਨੋੜੀ ਦੇ ਸੰਸਥਾਪਕ ਠਾਕੁਰ ਰਵੀ ਗਾਂਧੀ ਤੇ ਮੰਦਰ ਕਮੇਟੀ ਦੇ ਪ੍ਰਧਾਨ ਅਰਵਿੰਦ ਠਾਕੁਰ ਦੀ ਅਗਵਾਈ ਵਿੱਚ 15 ਫਰਵਰੀ ਨੂੰ ਮੰਦਰ ਵਿਖੇ ਧੂਮਧਾਮ ਨਾਲ ਸ਼ਿਵਰਾਤਰੀ ਮਨਾਈ। ਜਿਸ ਵਿੱਚ ਉੱਘੇ ਸਮਾਜ ਸੇਵੀ ਗੁਰਦੀਪ ਸਿੰਘ ਕਾਕੂ ਤੋਂ ਇਲਾਵਾ ਹੋਰ ਸੰਸਥਾਵਾਂ ਦੇ ਆਗੂਆਂ ਨੇ ਭਾਗ ਲਿਆ।ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਠਾਕੁਰ ਰਵੀ ਗਾਂਧੀ ਨੇ ਕਿਹਾ ਕਿ ਸ਼ਿਵਰਾਤਰੀ ਉਤਸਵ ਦੇ ਮੌਕੇ 'ਤੇ ਦੀ ਰਾਤ ਨੂੰ ਮੁੱਖ ਅਚਾਰਿਆ ਰਵਿੰਦਰ ਸ਼ਰਮਾ ਜੀ ਦੀ ਅਗਵਾਈ ਵਿੱਚ ਚਾਰ ਪਹਿਰ ਦੀ ਪੂਰੀ




ਵਿਧੀ ਪੂਰਵਕ ਸ਼ਿਵ ਪੂਜਾ ਅਰਚਨਾ ਕੀਤੀ। ਉਨ੍ਹਾਂ ਕਿਹਾ ਕਿ 16 ਫਰਵਰੀ ਨੂੰ ਮੰਦਰ ਦੇ ਗੱਦੀ ਨਸ਼ੀਨ ਸੋਮਾਨੰਦ ਪੂਰੀ ਜੀ ਦੀ ਅਗਵਾਈ ਵਿੱਚ ਸਵੇਰੇ ਹਵਨ ਯੱਗ ਕੀਤਾ ਜਾਵੇਗਾ ਤੇ ਇਸ ਉਪਰੰਤ ਭੰਡਾਰਾ ਸ਼ੁਰੂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸ਼ਿਵਰਾਤਰੀ ਉਤਸਵ ਦੇ ਮੌਕੇ 'ਤੇ ਇਲਾਕੇ ਦੀਆਂ ਵੱਖ-ਵੱਖ ਭਜਨ ਮੰਡਲੀਆਂ ਨੇ ਆਪਣੇ ਭਜਨਾਂ ਰਾਹੀਂ ਭਗਵਾਨ ਸ੍ਰੀ ਸ਼ਿਵ ਸ਼ੰਕਰ ਭੋਲੇ ਨਾਥ ਜੀ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ। ਉਨ੍ਹਾਂ ਨੇ ਕਿਹਾ ਕਿ ਸੰਤ ਮਹਾਂਪੁਰਸ਼ ਆਪਣੇ ਪ੍ਰਵਚਨਾਂ ਰਾਹੀਂ ਇਸ ਸ਼ਿਵਰਾਤਰੀ ਸਬੰਧੀ ਵਿਸਥਾਰਪੂਰਵਕ ਚਾਨਣਾ ਪਾਉਂਦੇ ਹੋਏ ਸ਼ਰਧਾਲੂਆਂ ਨੂੰ ਪ੍ਰਭੂ ਚਰਨਾਂ ਨਾਲ ਜੋੜਿਆ। ਉਨ੍ਹਾਂ ਕਿਹਾ ਕਿ ਰੰਗ ਬਿਰੰਗੀ ਲੜੀਆਂ ਨਾਲ ਮੰਦਰ ਨੂੰ ਬੜੀ ਖੂਬਸੂਰਤੀ ਨਾਲ ਸਜਾਇਆ ਗਿਆ ਹੈ।

## ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਜ਼ਿਲ੍ਹਾ ਪੱਧਰੀ ਮੀਟਿੰਗ

ਬੰਗਾ, 15 ਫਰਵਰੀ (ਪ੍ਰਭਜੋਤ ਸਿੰਘ): ਅੱਜ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿੱਚ ਕਿਸਾਨੀ ਮੁੱਦਿਆਂ ਦੇ ਵਿਚਾਰਾਂ ਕੀਤੀਆਂ ਗਈਆਂ ਤੇ ਆਉਣ ਵਾਲੇ ਸਮੇਂ ਵਿੱਚ 19 ਫਰਵਰੀ 2026 ਦਿਨ ਵੀਰਵਾਰ ਨੂੰ ਮਹਾਂ ਪੰਚਾਇਤ ਗੁਰਦੁਆਰਾ ਸ੍ਰੀ ਚਰਨ ਕਮਲ ਬੰਗਾ ਵਿਖੇ ਕੀਤੀ ਜਾਣੀ ਹੈ, ਜਿਸ ਵਿੱਚ ਪੰਜਾਬ ਦੇ ਸੂਬਾ



ਪ੍ਰਧਾਨ ਹਰਮੀਤ ਸਿੰਘ ਕਾਦੀਆਂ ਦੀ ਅਗਵਾਈ ਹੇਠ ਹੋਵੇਗੀ, ਜਿਸ ਵਿੱਚ ਕਿਸਾਨੀ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਜਾਣਗੀਆਂ ਜਿਵੇਂ ਕਿ ਨਕਲੀ ਦੁੱਧ 2025 ਸੋਧ ਬਿੱਲ ਤੇ 2025 ਸੀਡ ਬੈਲ ਤੇ ਮਨਰੇਗਾ ਤੇ ਕੋਪਰੇਟ ਸੁਸਾਇਟੀਆਂ ਦਾ ਕਰਜ਼ਾ ਮੁਆਫੀ ਹੋਰ ਵੀ ਕਈ ਵਿਚਾਰਾਂ ਕੀਤੀਆਂ ਜਾਣੀਆਂ, ਇਸ ਵਿੱਚ ਪਹੁੰਚ ਰਹੇ ਪੰਜਾਬ ਦੇ ਆਗੂ ਉਹ ਵੀ ਕਈ ਪਹੁੰਚਣਗੇ। ਇਸ ਕਰਕੇ ਸੁਖਵਿੰਦਰ ਸਿੰਘ ਵੱਲੋਂ ਅਪੀਲ ਕੀਤੀ ਜਾਂਦੀ ਆ ਕਿ ਜਥੇਬੰਦੀ ਦੇ ਨਾਲ ਜਿੰਨੇ ਵੀ ਆਗੂ ਜੁੜੇ ਹੋਏ ਹਨ ਤੇ ਜਿੰਨੇ ਵੀ ਕਿਸਾਨ ਵੀਰ ਹਨ ਸਾਰਿਆਂ ਨੂੰ ਬੇਨਤੀ ਕੀਤੀ ਜਾਂਦੀ ਆ ਕਿ 19 ਫਰਵਰੀ ਦਿਨ ਵੀਰਵਾਰ ਨੂੰ 11 ਵਜੇ ਗੁਰਦੁਆਰਾ ਸ੍ਰੀ ਚਰਨ ਕਮਲ ਸਾਹਿਬ ਪਹੁੰਚਣ ਦੀ ਕ੍ਰਿਪਾਲਤਾ ਕਰਨੀ, ਇਸ ਸਮੇਂ ਪਹੁੰਚੇ ਹੋਏ ਕਿਸਾਨ ਆਗੂ ਸੁਖਵਿੰਦਰ ਸਿੰਘ ਬਲੋਵਾਲ ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਮੱਲਾ ਸੋਡੀਆ ਸੀਨੀਅਰ ਮੀਤ ਪ੍ਰਧਾਨ ਜਸਪ੍ਰੀਤ ਸਿੰਘ ਜਿੰਦੋਵਾਲ ਸੀਨੀਅਰ ਮੀਤ ਪ੍ਰਧਾਨ ਗੁਰਸੇਵ ਸਿੰਘ ਜੀ ਨੂਰਪੁਰ ਵਾਈਸ ਪ੍ਰਧਾਨ ਇੰਦਰਜੀਤ ਸਿੰਘ ਬਲਾਕ ਪ੍ਰਧਾਨ ਬੰਗਾ ਗਰਨੇਕ ਸਿੰਘ ਵਾਈਸ ਪ੍ਰਧਾਨ ਬੰਗਾ ਹਰਪ੍ਰੀਤ ਸਿੰਘ ਵਾਈਸ ਪ੍ਰਧਾਨ ਥਾਂਦੀਆਂ ਲਖਬੀਰ ਸਿੰਘ ਸਰਪੰਚ ਜਿੰਦਵਾਲ ਜਸਵਿੰਦਰ ਸਿੰਘ ਲਾਲੀ ਸੋਹਣ ਸਿੰਘ ਜਿੰਦਵਾਲ ਸ਼ਾਹ ਜੀ ਸਿੰਘ ਜਿੰਦੋਵਾਲ ਜ਼ਿਲ੍ਹਾ ਪ੍ਰੈਸ ਸਕੱਤਰ ਜਸਵੀਰ ਸਿੰਘ ਸੰਤੋਖ ਸਿੰਘ ਤੇ ਕਿਸਾਨ ਆਗੂ ਹਾਜ਼ਰ ਸਨ।

# ਐਪਸਟਿਨ ਦੀ ਮੌਤ ਦੀ ਮੁੜ ਜਾਂਚ ਹੋਣੀ ਚਾਹੀਦੀ ਹੈ: ਡਾ. ਬੇਡਨ

ਨਵੀਂ ਦਿੱਲੀ, 15 ਫਰਵਰੀ (ਚ.ਨ.ਸ): ਅਮਰੀਕਾ ਦੇ ਮਸ਼ਹੂਰ ਧਨਾਢ ਤੇ ਦੋਸ਼ੀ ਸੈਕਸ ਅਪਰਾਧੀ ਜੈਫਰੀ ਐਪਸਟਿਨ ਦੀ ਮੌਤ ਨੂੰ ਲੈ ਕੇ ਨਵਾਂ ਵਿਵਾਦ ਖੜਾ ਹੋ ਗਿਆ ਹੈ। 2019 ਵਿੱਚ ਮੈਨਹੈਟਨ ਜੇਲ੍ਹ ਵਿੱਚ ਐਪਸਟਿਨ ਦੀ ਲਾਸ਼ ਮਿਲੀ ਸੀ, ਜਿਸਨੂੰ ਨਿਊਯਾਰਕ ਮੈਡੀਕਲ ਏਗਜ਼ਾਮਿਨਰ ਨੇ ਫਾਂਸੀ ਲਗਾ ਕੇ ਖੁਦਕੁਸ਼ੀ ਕਰਾਰ ਦਿੱਤਾ ਸੀ। ਪਰ ਪ੍ਰਸਿੱਧ ਪੈਥੋਲੋਜਿਸਟ ਡਾ. ਮਾਈਕਲ ਬੇਡਨ, ਜੋ ਐਪਸਟਿਨ ਦੇ ਪਰਿਵਾਰ ਵੱਲੋਂ ਨਿਯੁਕਤ ਕੀਤੇ ਗਏ ਸਨ, ਨੇ ਦਾਅਵਾ ਕੀਤਾ ਹੈ ਕਿ ਇਹ ਮੌਤ 'ਗਲ ਘੁੱਟਣ' ਕਾਰਨ ਹੋਈ ਸੀ, ਨਾ ਕਿ ਖੁਦਕੁਸ਼ੀ ਨਾਲ। ਡਾ. ਬੇਡਨ ਨੇ ਦੱਸਿਆ ਕਿ ਪੋਸਟਮਾਰਟਮ ਦੌਰਾਨ ਐਪਸਟਿਨ ਦੀ ਗਰਦਨ ਵਿੱਚ ਤਿੰਨ ਹੱਡੀਆਂ ਟੁੱਟੀਆਂ ਮਿਲੀਆਂ, ਜਿਸ ਵਿੱਚ ਹਾਇਓਇਡ ਬੋਨ ਤੇ ਥਾਇਰਾਇਡ ਕਾਰਟੀਲੇਜ ਵੀ ਸ਼ਾਮਲ ਹਨ। ਉਨ੍ਹਾਂ ਦੇ ਅਨੁਸਾਰ ਇਹ ਚੋਟਾਂ ਆਮ ਤੌਰ ਉਤੇ ਹੱਤਿਆ ਦੇ ਕੇਸਾਂ ਵਿੱਚ ਹੀ ਮਿਲਦੀਆਂ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸ਼ੁਰੂਆਤੀ ਰਿਪੋਰਟ ਵਿੱਚ ਮੌਤ ਦਾ ਕਾਰਨ' ਸਪੱਸ਼ਟ ਨਹੀਂ ਸੀ ਤੇ ਨਾ ਹੀ ਖੁਦਕੁਸ਼ੀ ਜਾਂ ਹੱਤਿਆ ਵਾਲੇ ਖਾਨੇ 'ਚ ਟਿਕ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸਰਕਾਰੀ ਫਾਈਲਾਂ ਤੇ ਸੀ.ਸੀ.ਟੀ.ਵੀ. ਫੁਟੇਜ ਵਿੱਚ ਵੀ ਕਈ ਸਵਾਲ ਖੜ੍ਹੇ ਹੋਏ ਹਨ ਜਿਵੇਂ ਕਿ ਇੱਕ ਮਿੰਟ ਦੀ ਗੁੰਮ ਫੁਟੇਜ ਤੇ ਜੇਲ੍ਹ ਦੀਆਂ ਸੀੜੀਆਂ ਉਤੇ ਸੰਤਰੀ ਚਮਕ। ਡਾ. ਬੇਡਨ ਜਿਨ੍ਹਾਂ ਨੇ ਪਹਿਲਾਂ ਮਾਰਟਿਨ ਲੂਥਰ ਕਿੰਗ ਜੂਨੀਅਰ ਤੇ ਜੌਨ ਐਫ. ਕੇਨੇਡੀ ਵਰਗੇ ਕੇਸਾਂ ਉਤੇ ਵੀ ਕੰਮ ਕੀਤਾ ਹੈ, ਨੇ ਸਪੱਸ਼ਟ ਕਿਹਾ ਕਿ ਐਪਸਟਿਨ ਦੀ ਮੌਤ ਦੀ ਮੁੜ ਜਾਂਚ ਹੋਣੀ ਚਾਹੀਦੀ ਹੈ। ਇਸ ਮਾਮਲੇ ਨੇ ਦੁਬਾਰਾ ਸਾਜ਼ਸ਼ੀ ਥਿਊਰੀਆਂ ਤੇ ਸਰਕਾਰੀ ਜਾਂਚਾਂ ਉਤੇ ਭਰੋਸੇ ਨੂੰ ਚੁਣੌਤੀ ਦਿੱਤੀ ਹੈ।

# ਕੈਨੇਡਾ ਦੇ ਪਾਰਲੀਮੈਂਟ ਮੈਂਬਰਾਂ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ

## ☛ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਸਨਮਾਨ



ਅੰਮ੍ਰਿਤਸਰ, 15 ਫਰਵਰੀ (ਚ.ਨ.ਸ): ਕੈਨੇਡਾ ਦੇ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਨ, ਅਮਨਪ੍ਰੀਤ ਸਿੰਘ ਗਿੱਲ ਤੇ ਦਲਵਿੰਦਰ ਸਿੰਘ ਗਿੱਲ ਨੇ ਅੱਜ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਇਨ੍ਹਾਂ ਸੰਸਦ ਮੈਂਬਰਾਂ ਤੇ ਉਨ੍ਹਾਂ ਨਾਲ ਆਏ ਸੀਨੀਅਰ ਪੱਤਰਕਾਰ ਸੁਖਜਿੰਦਰ ਸਿੰਘ ਚੋਹਲਾ ਨੂੰ ਸ੍ਰੀ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ, ਸਿਰੋਪਾਓ ਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰੂ ਨੇ ਸਿੱਖ ਨੂੰ ਬਖ਼ਸ਼ਿਸ਼ ਕੀਤੀ ਹੈ ਕਿ ਉਹ ਜਿਥੇ ਵੀ ਰਹੇ ਸਰਬੱਤ ਦੇ ਭਲੇ ਦਾ ਕਾਰਜ ਕਰੇ। ਇਸੇ ਤਹਿਤ ਹੀ ਦੇਸ਼ ਦੁਨੀਆਂ ਅੰਦਰ ਵਸੇ ਸਿੱਖ ਗੁਰੂ ਆਸ਼ੇ ਅਨੁਸਾਰ ਕਾਰਜ ਕਰਦਿਆਂ ਵੱਡੀਆਂ ਮੱਲਾਂ ਮਾਰ ਰਹੇ ਹਨ। ਕੈਨੇਡਾ ਦੀ ਧਰਤੀ 'ਤੇ ਵੀ ਸਿੱਖਾਂ ਨੇ ਕਾਰੋਬਾਰਾਂ ਦੇ ਨਾਲ-ਨਾਲ ਸਿਆਸਤ ਵਿੱਚ ਵੀ ਵੱਡੇ ਮੁਕਾਮ ਹਾਸਲ ਕੀਤੇ ਹਨ। ਧਾਮੀ ਨੇ ਕਿਹਾ ਕਿ ਖ਼ੁਸ਼ੀ ਦੀ ਗੱਲ ਹੈ ਕਿ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਪੂਰਨ ਤੌਰ 'ਤੇ ਸਿੱਖੀ ਸਰੂਪ ਵਿੱਚ ਹਨ, ਜੋ ਨੌਜਵਾਨਾਂ ਲਈ ਪ੍ਰੇਰਣਾ ਸਰੋਤ ਹਨ। ਉਨ੍ਹਾਂ ਕਿਹਾ ਕਿ ਨੌਜਵਾਨ ਐਮਪੀ ਜਿਥੇ ਅਪਣੇ ਖੇਤਰ ਵਿੱਚ ਵੱਡੀਆਂ ਸੇਵਾਵਾਂ ਕਰ ਰਹੇ ਹਨ, ਉਥੇ ਹੀ ਸਿੱਖੀ ਦੇ ਪ੍ਰਚਾਰ ਲਈ ਵੀ ਵੱਡਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਕੈਨੇਡਾ ਅੰਦਰ ਸਿੱਖੀ ਪ੍ਰਚਾਰ ਲਈ ਹਰ ਤਰ੍ਹਾਂ ਦੇ ਸਹਿਯੋਗ ਦੀ ਵਚਨਬਧਤਾ ਪ੍ਰਗਟਾਈ। ਇਸ ਮੌਕੇ ਡਾ.ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੀ ਪਾਰਲੀਮੈਂਟ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਐਮਪੀ ਹਨ, ਜਿਨ੍ਹਾਂ ਤੋਂ ਭਾਈਚਾਰੇ ਨੂੰ ਹਮੇਸ਼ਾ ਵੱਡੀਆਂ ਉਮੀਦਾਂ ਰਹੀਆਂ ਹਨ।

# ਨਵੀਂ ਦਿੱਲੀ ਨਗਰ ਕੌਂਸਲ ਨੇ ਕਪੂਰਥਲਾ ਹਾਊਸ ਤੇ ਪੰਜਾਬ ਭਵਨ 'ਤੇ 22.13 ਕਰੋੜ ਦਾ ਟੈਕਸ ਲਗਾਇਆ

## ☛ਮੁੱਖ ਮੰਤਰੀ ਦੀ ਦਿੱਲੀ ਰਿਹਾਇਸ਼ 'ਤੇ ਵੀ ਕਰੋੜਾਂ ਦਾ ਬੋਝ ਪਵੇਗਾ

ਚੰਡੀਗੜ੍ਹ, 15 ਫਰਵਰੀ (ਚ.ਨ.ਸ): ਨਵੀਂ ਦਿੱਲੀ ਨਗਰ ਕੌਂਸਲ ਨੇ ਵਿੱਤੀ ਤੰਗੀ ਝੱਲ ਰਹੀ ਪੰਜਾਬ ਸਰਕਾਰ ਨੂੰ ਕੌਮੀ ਰਾਜਧਾਨੀ ਸਥਿਤ ਕਪੂਰਥਲਾ ਹਾਊਸ ਤੇ ਪੰਜਾਬ ਭਵਨ ਦਾ ਕਰੀਬ 22.13 ਕਰੋੜ ਰੁਪਏ ਸਰਵਿਸ ਟੈਕਸ ਭਰਨ ਲਈ ਕਿਹਾ ਹੈ। ਮੁੱਖ ਮੰਤਰੀ ਦੀ ਨਵੀਂ ਦਿੱਲੀ ਵਿਚਲੀ ਰਿਹਾਇਸ਼ ਕਪੂਰਥਲਾ ਹਾਊਸ ਦਾ 14.44 ਕਰੋੜ ਤੇ ਪੰਜਾਬ ਭਵਨ ਦਾ 7.68 ਕਰੋੜ ਸਰਵਿਸ ਟੈਕਸ ਬਣਿਆ ਹੈ। 1 ਪੰਜਾਬ ਭਵਨੇ ਦੇ ਰੈਜ਼ੀਡੈਂਟ ਕਮਿਸ਼ਨਰ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ 10 ਫਰਵਰੀ ਨੂੰ ਪੱਤਰ ਲਿਖ ਕੇ ਚੌਕਸ ਕੀਤਾ ਹੈ ਕਿ ਇਹ ਮਾਮਲਾ ਸੂਬਾ ਸਰਕਾਰ ਲਈ ਗੰਭੀਰ ਵਿੱਤੀ ਤੇ ਕਾਨੂੰਨੀ ਅੜਿੱਕੇ ਪੈਦਾ ਕਰ ਸਕਦਾ ਹੈ, ਜਿਸ ਕਰਕੇ ਲੋਕ ਨਿਰਮਾਣ ਵਿਭਾਗ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਹ ਇਸ ਮਾਮਲੇ ਨੂੰ ਨਜਿੱਠਣ ਲਈ ਢੁੱਕਵਾਂ ਕਾਨੂੰਨੀ ਮਸ਼ਵਰਾ ਲਵੇ। ਪੰਜਾਬ ਭਵਨ ਦੇ ਅਧਿਕਾਰੀ ਪਹਿਲਾਂ ਲੋਕ ਨਿਰਮਾਣ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਵੀ ਜਾਣੂੰ ਕਰਵਾ ਚੁੱਕੇ ਹਨ ਕਿ ਕਪੂਰਥਲਾ ਹਾਊਸ ਤੇ ਪੰਜਾਬ ਭਵਨ ਦੀ ਸੰਪਤੀ ਸੰਵਿਧਾਨ ਦੀ ਧਾਰਾ 289(1) ਤਹਿਤ ਕੇਂਦਰੀ ਟੈਕਸਾਂ ਤੋਂ ਮੁਕਤ ਹੈ। ਇਹ ਵੀ ਤਰਕ ਦਿੱਤਾ ਹੈ ਕਿ ਇਹ ਦੋਵੇਂ ਸਰਕਾਰੀ ਸੰਪਤੀਆਂ ਹਨ ਤੇ ਇਨ੍ਹਾਂ ਦੀ ਕਿਸੇ ਵਪਾਰਕ ਕੰਮ ਲਈ ਵਰਤੋਂ ਨਹੀਂ ਹੋ ਰਹੀ। ਦੂਜੇ ਪਾਸੇ, ਨਵੀਂ ਦਿੱਲੀ ਨਗਰ ਕੌਂਸਲ ਨੇ ਸੁਪਰੀਮ ਕੋਰਟ ਦੇ ਕੇਸ ਦੇ ਹਵਾਲੇ ਨਾਲ ਕਪੂਰਥਲਾ ਹਾਊਸ ਤੇ ਪੰਜਾਬ ਭਵਨ 'ਤੇ ਲਗਾਏ ਸਰਵਿਸ ਚਾਰਜ ਕਾਨੂੰਨੀ ਤੌਰ ਤੋਂ ਜਾਇਜ਼ ਦੱਸੇ ਹਨ। ਤਰਕ ਦਿੱਤਾ ਗਿਆ ਹੈ ਕਿ ਰਾਏਕੋਟ ਨਗਰ ਨਿਗਮ ਬਨਾਮ ਕੇਂਦਰ ਸਰਕਾਰ ਦੇ ਅਪੀਲ ਕੇਸ 'ਚ ਸਾਲ 2003 ਦੇ ਫ਼ੈਸਲੇ ਤਹਿਤ ਨਵੀਂ ਦਿੱਲੀ ਨਗਰ ਕੌਂਸਲ ਸਰਵਿਸ ਚਾਰਜ ਲੈਣ ਲਈ ਯੋਗ ਹੈ। ਪਤਾ ਲੱਗਿਆ ਹੈ ਕਿ ਕੌਂਸਲ ਨੇ ਸਰਵਿਸ ਟੈਕਸ ਦੀ ਵਸੂਲੀ ਲਈ ਸਖ਼ਤ ਰੁਖ਼ ਅਪਣਾਉਣਾ ਸ਼ੁਰੂ ਕੀਤਾ ਹੈ। ਪੰਜਾਬ ਦਾ ਲੋਕ ਨਿਰਮਾਣ ਵਿਭਾਗ ਇਸ ਮਾਮਲੇ 'ਤੇ ਮੁਸਤੈਦ ਨਹੀਂ ਜਾਪਦਾ ਹੈ ਜਿਸ ਕਰਕੇ ਹੁਣ ਰੈਜ਼ੀਡੈਂਟ ਕਮਿਸ਼ਨਰ ਨੇ ਮੁੱਖ ਸਕੱਤਰ ਪੰਜਾਬ ਨੂੰ ਪੱਤਰ ਲਿਖਿਆ ਹੈ। ਦੱਸਣਯੋਗ ਹੈ ਕਿ ਕਪੂਰਥਲਾ ਹਾਊਸ ਵਿਰਾਸਤੀ ਇਮਾਰਤ ਹੈ ਜਿਸ 'ਚ 60 ਤੋਂ ਉਪਰ ਕਮਰੇ ਦੱਸੇ ਜਾ ਰਹੇ ਹਨ। ਮੁੱਖ ਮੰਤਰੀ ਦਿੱਲੀ ਹੁੰਦੇ ਹਨ ਤਾਂ ਅਕਸਰ ਕਪੂਰਥਲਾ ਹਾਊਸ 'ਚ ਠਹਿਰਦੇ ਹਨ। ਪੰਜਾਬ ਭਵਨ 'ਚ ਵੀ ਅਧਿਕਾਰੀ ਤੇ ਸਿਆਸੀ ਹਸਤੀਆਂ ਠਹਿਰਦੀਆਂ ਹਨ। ਨਵੇਂ ਵਿੱਤੀ ਬੋਝ ਦੇ ਮੱਦੇਨਜ਼ਰ ਸੂਬਾ ਸਰਕਾਰ ਨੂੰ ਹੁਣ ਫ਼ੌਰੀ ਕਦਮ ਉਠਾਉਣੇ ਪੈਣਗੇ। ਚੇਤੇ ਰਹੇ ਕਿ 'ਆਪ' ਦੇ ਸੰਸਦ ਮੈਂਬਰ ਰਾਘਵ ਚੱਢਾ ਤੇ ਪਰਿਨੀਤੀ ਚੋਪੜਾ ਦੇ ਮੰਗਣੀ ਸਮਾਗਮ ਵੀ ਕਪੂਰਥਲਾ ਹਾਊਸ 'ਚ ਹੋਏ ਸਨ।

# ਦਲਬਾਰਾ ਸਿੰਘ ਵਿਰਕ ਆਪਣੇ ਸਾਥੀਆਂ ਸਮੇਤ ਅਕਾਲੀ ਦਲ ਪੁਨਰ ਸੁਰਜੀਤ ਸਿੰਘ 'ਚ ਸ਼ਾਮਲ

## ☛25 ਦੀ ਰੈਲੀ 'ਚ ਪਹੁੰਚਣ ਦੀ ਕੀਤੀ ਅਪੀਲ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਮੀਤ ਪ੍ਰਧਾਨ ਨਿਯੁਕਤ



ਸ੍ਰੀ ਫਤਹਿਗੜ੍ਹ ਸਾਹਿਬ, 15 ਫਰਵਰੀ (ਨਰਿੰਦਰ ਸਿੰਘ): ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਨੂੰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਉਦੋਂ ਵੱਡਾ ਬਲ ਮਿਲਿਆ, ਜਦੋਂ ਦਲਬਾਰਾ ਸਿੰਘ ਵਿਰਕ ਆਪਣੇ ਸਾਥੀਆਂ ਸਮੇਤ ਅਕਾਲੀ ਦਲ ਪੁਨਰ ਸੁਰਜੀਤ ਸਿੰਘ ਸ਼ਾਮਲ ਹੋ ਗਏ ਹਨ, ਜਿਨ੍ਹਾਂ ਨੂੰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦਾ ਮੀਤ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਬੀੜ ਭਮਾਰਸੀ ਪਹੁੰਚੇ ਜਥੇਦਾਰ ਕਰਨੈਲ ਸਿੰਘ ਪੰਜੋਲੀ, ਜਸਟਿਸ ਨਿਰਮਲ ਸਿੰਘ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਰਣਬੀਰ ਸਿੰਘ ਪੂਨੀਆ, ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਤਰਖਾਣਮਾਜਰਾ ਨੇ ਕਿਹਾ ਕਿ ਦਲਬਾਰਾ ਸਿੰਘ ਵਿਰਕ ਇੱਕ ਇਮਾਨਦਾਰ ਅਕਾਲੀ ਸਫ਼ਾ ਨੂੰ ਪ੍ਰਣਾਏ ਹੋਏ ਸੂਝਵਾਨ ਨੌਜਵਾਨ ਲੀਡਰ ਹਨ, ਜਿਨ੍ਹਾਂ ਦਾ ਇਸ ਖੇਤਰ ਵਿੱਚ ਚੰਗਾ ਪ੍ਰਭਾਵ ਹੈ। ਇਨ੍ਹਾਂ ਨੂੰ ਪ੍ਰੇਰਨਾ ਦੇ ਕੇ ਸ਼ਾਮਲ ਕਰਵਾਉਣ ਵਾਲੀ ਸ਼ਖ਼ਸੀਅਤ ਯਾਦਵਿੰਦਰ ਸਿੰਘ ਵਿਰਕ ਵੀ ਮਿਹਨਤੀ ਤੇ ਜੁਝਾਰੂ ਸਿੰਘ ਹਨ, ਜਿਨ੍ਹਾਂ ਦਾ ਪਾਰਟੀ ਨੂੰ ਵੱਡਾ ਬਲ ਮਿਲੇਗਾ ਤੇ ਅਕਾਲੀ ਸਫ਼ਾ ਵਿੱਚ ਇਨ੍ਹਾਂ ਦਾ ਸਤਿਕਾਰ ਰਿਹਾ ਹੈ ਤੇ ਅੱਗੋਂ ਵੀ ਰਹੇਗਾ। ਉਕਤ ਲੀਡਰਾਂ ਨੇ 25 ਫਰਵਰੀ ਨੂੰ ਜ਼ਿਲ੍ਹੇ ਦੀ ਹੋ ਰਹੀ ਸੰਗਮ ਪੈਲੇਸ ਵਿੱਚ ਵਿਸ਼ਾਲ ਮੀਟਿੰਗ 'ਚ ਸਮੂਹ ਅਕਾਲੀ ਵਰਕਰਾਂ ਨੂੰ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ 'ਤੇ ਭੁਪਿੰਦਰ ਸਿੰਘ, ਹਰਮੇਲ ਸਿੰਘ ਸਰਕਲ ਪ੍ਰਧਾਨ ਰੰਗੇੜਾ, ਸੁਰਿੰਦਰ ਸਿੰਘ ਸੁਹਾਗਹੇੜੀ ਸਰਕਲ ਪ੍ਰਧਾਨ ਚਨਾਰਥਲ, ਗੁਰਦੇਵ ਸਿੰਘ ਵਿਰਕ ਸਰਕਲ ਪ੍ਰਧਾਨ ਭਮਾਰਸੀ, ਬਲਵੀਰ ਸਿੰਘ, ਮਨਿੰਦਰ ਸਿੰਘ, ਅਮਰਜੀਤ ਸਿੰਘ, ਅਵਤਾਰ ਸਿੰਘ, ਦਿਆਲ ਸਿੰਘ, ਤਾਰ ਸਿੰਘ, ਨੈਬ ਸਿੰਘ, ਬਾਣਾ ਸਿੰਘ, ਗੁਰਿੰਦਰ ਸਿੰਘ ਗੁਰਜੰਟ ਸਿੰਘ ਧਨਵੰਤ ਸਿੰਘ ਹਾਜ਼ਰ ਸਨ।

# ਸੋਨੇ ਤੇ ਚਾਂਦੀ 'ਚ ਨਿਵੇਸ਼ ਕਰਨ ਵਾਲਿਆਂ ਲਈ ਅਹਿਮ ਖ਼ਬਰ

## ☛ਸੇਬੀ ਸੋਨਾ ਤੇ ਚਾਂਦੀ ਈ.ਟੀ.ਐਫ. ਦੇ ਨਿਯਮਾਂ 'ਚ ਬਦਲਾਅ ਕਰਨ ਦੀ ਤਿਆਰੀ 'ਚ

ਨਵੀਂ ਦਿੱਲੀ, 15 ਫਰਵਰੀ (ਚ.ਨ.ਸ): ਸੋਨੇ ਤੇ ਚਾਂਦੀ 'ਚ ਨਿਵੇਸ਼ ਕਰਨ ਵਾਲਿਆਂ ਲਈ ਅਹਿਮ ਖ਼ਬਰ ਹੈ। ਬਾਜ਼ਾਰ ਰੈਗੂਲੇਟਰ ਸੇਬੀ ਸੋਨੇ ਤੇ ਚਾਂਦੀ ਈ.ਟੀ.ਐਫ. ਦੇ ਨਿਯਮਾਂ 'ਚ ਵੱਡਾ ਬਦਲਾਅ ਕਰਨ ਦੀ ਤਿਆਰੀ 'ਚ ਹੈ। ਅਸਲ 'ਚ ਹਾਲ ਹੀ ਦੇ ਦਿਨਾਂ 'ਚ ਸੋਨੇ ਤੇ ਚਾਂਦੀ ਦੀਆਂ ਕੀਮਤਾਂ 'ਚ ਜ਼ਬਰਦਸਤ ਉਤਾਰ ਚੜ੍ਹਾਅ ਦੇਖਣ ਨੂੰ ਮਿਲਿਆ ਹੈ। ਅੰਤਰਰਾਸ਼ਟਰੀ ਬਾਜ਼ਾਰ 'ਚ ਸੋਨਾ-ਚਾਂਦੀ ਲਗਭਗ 24 ਘੰਟੇ ਟ੍ਰੇਡ ਹੁੰਦੇ ਹਨ ਪਰ ਭਾਰਤ 'ਚ ਉਨ੍ਹਾਂ ਦੇ ਈ.ਟੀ.ਐਫ. ਸਿਰਫ਼ ਮਾਰਕੀਟ ਆਵਰਜ਼ 'ਚ ਹੀ ਖਰੀਦੇ-ਵੇਚੇ ਜਾਂਦੇ ਹਨ। ਇਹੀ ਕਾਰਨ ਹੈ ਕਿ ਕਈ ਵਾਰ ਈ.ਟੀ.ਐਫ. ਦੀ ਕੀਮਤ ਤੇ ਅਸਲੀ ਐਸੈਟ ਵੈਲਿਊ ਭਾਵ ਐਨ.ਏ.ਵੀ ਵਿਚਾਲੇ ਵੱਡਾ ਫਰਕ ਆ ਜਾਂਦਾ ਹੈ। ਸੇਬੀ ਨੇ ਅੱਜ ਇਕ ਸਲਾਹ ਪੱਤਰ ਜਾਰੀ ਕਰਕੇ ਇਸ ਸਮੱਸਿਆ ਦਾ ਹੱਲ ਸੁਝਾਇਆ ਹੈ। 7 ਪੰਨਿਆਂ ਦੇ ਇਸ ਸਲਾਹ ਪੱਤਰ 'ਚ ਲੋਕਾਂ ਤੋਂ ਸੁਝਾਅ ਵੀ ਮੰਗੇ ਗਏ ਹਨ। ਸੇਬੀ ਦਾ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਗੋਲਡ ਤੇ ਚਾਂਦੀ ਈ.ਟੀ.ਐਫ. ਦੀ ਟ੍ਰੇਡਿੰਗ ਕੀਮਤ ਅਸਲ ਐਸੈਟ ਵੈਲਿਊ ਦੇ ਵੱਧ ਤੋਂ ਵੱਧ ਨੇੜੇ ਰਹੇ ਤੇ ਮਿਸਪ੍ਰਾਈਸਿੰਗ ਘੱਟ ਹੋਵੇ।



**ਫਿਕਸਡ ਪ੍ਰਾਈਸ ਬੈਂਡ ਹਟਾਉਣ ਦੀ ਤਜਵੀਜ਼:** ਅਜੇ ਸੋਨਾ ਤੇ ਚਾਂਦੀ ਈ.ਟੀ.ਐਫ. 'ਤੇ ਟੀ-2 ਦਿਨ ਦੇ ਐਨ.ਏ.ਵੀ. ਦੇ ਆਧਾਰ 'ਤੇ 20 ਫੀਸਦੀ ਦਾ ਫਿਕਸਡ ਪ੍ਰਾਈਸ ਬੈਂਡ ਲਾਗੂ ਵੱਧਦੀ ਵੋਲੈਟਿਲਿਟੀ ਕਾਰਨ ਇਹ ਵਿਵਸਥਾ ਹੁਣ ਲੋੜੀਂਦੀ ਨਹੀਂ ਮੰਨੀ ਜਾ ਰਹੀ। ਸੇਬੀ ਦੀ ਤਜਵੀਜ਼ ਹੈ ਕਿ ਇਸ ਫਿਕਸਡ ਬੈਂਡ ਨੂੰ ਹਵਾਕੇ ਡਾਇਨਾਮਿਕ ਪ੍ਰਾਈਸ ਬੈਂਡ ਲਾਗੂ ਕੀਤਾ ਜਾਵੇ। ਨਵੀਂ ਤਜਵੀਜ਼ ਅਨੁਸਾਰ ਪ੍ਰਾਈਸ ਬੈਂਡ ਪਿਛਲੇ ਦਿਨ ਦੇ ਇੰਡੀਕੇਟਿਵ ਐਨ.ਏ.ਵੀ. 'ਤੇ ਅਧਾਰਿਤ ਹੋਵੇਗਾ। ਸ਼ੁਰੂਆਤੀ ਹੱਦ ਰਲਦੀ ਹੋਵੇਗੀ, ਜਿਸ ਨੂੰ ਲਿੰਗ ਸੈਸ਼ਨ ਜਾਂ ਪੜਾਅਵਾਰ ਢੰਗ ਨਾਲ ਵੱਧ ਤੋਂ ਵੱਧ 20 ਫੀਸਦੀ ਤੱਕ ਲਿਜਾਇਆ ਸਕੇਗਾ। ਹਰ ਪੜਾਅ 'ਚ 3 ਫੀਸਦੀ ਦਾ ਫਲੈਕਸ ਦਿੱਤਾ ਜਾਵੇਗਾ ਤੇ ਹਰੇਕ ਬਦਲਾਅ ਤੋਂ ਬਾਅਦ 15 ਮਿੰਟ ਦਾ ਕੂਲਿੰਗ-ਆਫ ਪੀਰੀਅਡ ਰੱਖਿਆ ਜਾਵੇਗਾ। ਇਕ ਟ੍ਰੇਡਿੰਗ ਦਿਨ 'ਚ ਵੱਧ ਤੋਂ ਵੱਧ ਦੋ ਵਾਰ ਫਲੈਕਸ ਦੀ ਇਜਾਜ਼ਤ ਹੋਵੇਗੀ ਤੇ ਕੁੱਲ ਹੱਦ 20 ਫੀਸਦੀ ਤੋਂ ਵੱਧ ਨਹੀਂ ਹੋਵੇਗੀ।

# ਪ੍ਰਵਾਸੀ ਮਜ਼ਦੂਰਾਂ 'ਤੇ ਹਮਲਾ ਕਰਨ ਵਾਲੇ ਦੋਸ਼ੀ ਪੁਲਿਸ ਵੱਲੋਂ ਕਾਬੂ



ਮੋਗਾ, 15 ਫਰਵਰੀ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਮਾਣਯੋਗ ਡੀਜੀਪੀ ਪੰਜਾਬ ਵੱਲੋਂ ਗੈਂਗਸਟਰ ਖਿਲਾਫ ਚਲਾਈ ਮੁਹਿੰਮ ਤਹਿਤ ਅੱਜ ਮੋਗਾ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਥਾਣਾ ਸਦਰ ਮੋਗਾ ਦੀ ਪੁਲਿਸ ਪਾਰਟੀ ਵੱਲੋਂ ਦੋ ਦੋਸ਼ੀਆਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ ਦੋ ਪਿਸਟਲ ਦੇਸੀ 30 ਬੋਰ ਤੇ ਇੱਕ ਮੋਟਰਸਾਈਕਲ ਮਾਰਕਾ ਹੋਂਡਾ ਬ੍ਰਾਮਦ ਕੀਤਾ, ਜਦ ਪੁਲਿਸ ਪਾਰਟੀ ਗਸ਼ਤ ਕਰਦੀ ਹੋਈ ਘੱਲ ਕਲਾ ਤੋਂ ਲਿੰਕ ਰੋਡ ਸਾਫੂ ਵਾਲਾ ਮੌਜੂਦ ਸੀ ਤਾਂ ਮੁਖ਼ਬਰ ਵੱਲੋਂ ਦਿੱਤੀ ਇਤਲਾਹ ਕਿ ਦੋ ਦੋਸ਼ੀ ਜੋ ਕਿ ਘੱਲ ਕਲਾ ਵੱਲ ਆ ਰਹੇ ਸਨ, ਜੇਕਰ ਹੁਣੇ ਹੀ ਨਾਕਾਬੰਦੀ ਕੀਤੀ ਜਾਵੇ ਤਾਂ ਦੋਸ਼ੀ ਕਾਬੂ ਆ ਸਕਦੇ ਹਨ ਤਾਂ ਏਐਸਆਈ ਸਮਰਾਜ ਸਿੰਘ ਵੱਲੋਂ ਗੱਡੀ ਰੋਕ ਕੇ ਦੋਨਾਂ ਨੌਜਵਾਨਾਂ ਨੂੰ ਨੂੰ ਰੋਕਣ ਦਾ ਇਸ਼ਾਰਾ ਕੀਤਾ ਤਾਂ ਦੋਨਾਂ ਨੌਜਵਾਨਾਂ ਨੇ ਆਪਣੇ-ਆਪਣੇ ਹੱਥਾਂ 'ਚ ਫੜੇ ਹਥਿਆਰ ਨਾਲ ਪੁਲਿਸ ਪਾਰਟੀ ਉਤੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਐਸਆਈ ਸਮਰਾਜ ਸਿੰਘ ਵੱਲੋਂ ਜਵਾਬੀ ਕਾਰਵਾਈ ਦੌਰਾਨ ਫਾਇਰਿੰਗ ਕੀਤੀ ਗਈ, ਜੋ ਕਿ ਦੋਸ਼ੀ ਜੋਬਨਪ੍ਰੀਤ ਸਿੰਘ ਦੀ ਖੱਬੀ ਲੱਤ ਵਿੱਚ ਵੱਜੀ ਜਿਸ ਨਾਲੋਂ ਡਿੱਗ ਪਿਆ ਜ਼ਖ਼ਮੀ ਜੋਬਨਪ੍ਰੀਤ ਸਿੰਘ ਨੂੰ ਸਿਵਲ ਹਸਪਤਾਲ ਮੋਗਾ 'ਚ ਦਾਖਲ ਕਰਵਾਇਆ ਗਿਆ।

# ਵਿਧਾਇਕ ਭੁੱਲਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਅੰਮ੍ਰਿਤਸਰ ਨੂੰ ਪੰਜਵੀਂ ਬੱਸ ਰਵਾਨਾ




ਫ਼ਿਰੋਜ਼ਪੁਰ, 15 ਫਰਵਰੀ (ਤਿਵਾੜੀ): ਵਿਧਾਇਕ ਰਣਬੀਰ ਸਿੰਘ ਭੁੱਲਰ ਵੱਲੋਂ ਅੱਜ ਫਿਰੋਜ਼ਪੁਰ ਸ਼ਹਿਰੀ ਹਲਕੇ ਤੋਂ ਸ਼ਰਧਾਲੂਆਂ ਦੀ ਪੰਜਵੀਂ ਬੱਸ ਨੂੰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਆਸ-ਪਾਸ ਦੇ ਇਲਾਕਿਆਂ ਦੇ ਪ੍ਰਸਿੱਧ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦਾ ਉਦੇਸ਼ ਸ਼ਰਧਾਲੂਆਂ ਨੂੰ ਮੁਫ਼ਤ ਤੇ ਸੁਵਿਧਾਜਨਕ ਤੀਰਥ ਯਾਤਰਾ ਦੀ ਸਹੂਲਤ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਅੱਜ ਇਸ ਯੋਜਨਾ ਤਹਿਤ ਪਿੰਡ ਟੈਂਡੀ ਵਾਲਾ ਦੇ ਸ਼ਰਧਾਲੂਆਂ ਦੀ ਬੱਸ ਰਵਾਨਾ ਕੀਤੀ ਗਈ ਹੈ, ਜਿਸ ਰਾਹੀਂ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਅਸਥਾਨਾਂ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਹੋਰ ਸਥਾਨ ਜਿਵੇਂ ਕਿ ਪਾਰਟੀਸ਼ਨ ਮਿਊਜ਼ਿਅਮ, ਜਲਿਆਂਵਾਲਾ ਬਾਗ਼ ਤੇ ਵਾਹਗਾ ਬਾਰਡਰ ਵਿਖੇ ਰੀਟਰੀਟ ਸੈਰੇਮਨੀ ਵੀ ਵਿਖਾਈ ਜਾਵੇਗੀ। ਇਸ ਯਾਤਰਾ ਦੌਰਾਨ ਪੰਜਾਬ ਸਰਕਾਰ ਵੱਲੋਂ ਯਾਤਰੀਆਂ ਲਈ ਆਵਾਜਾਈ, ਭੋਜਨ ਤੇ ਹੋਰ ਜ਼ਰੂਰੀ ਸਹੂਲਤਾਂ ਮੁਫ਼ਤ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

# ਸੰਤ ਬਾਬਾ ਦਲਵਾਰਾ ਸਿੰਘ ਰੋਹੀਸਰ ਸਾਹਿਬ ਵਾਲਿਆਂ ਦਾ ਸਨਮਾਨ

ਅਮਲੋਹ, 15 ਫਰਵਰੀ (ਜਸਵੰਤ ਸਿੰਘ): ਇਲਾਕੇ ਦੇ ਉਘੇ ਸਮਾਜ ਸੇਵੀ ਡਾ. ਰਘਵੀਰ ਸ਼ੁਕਲਾ ਦੇ ਸ਼ੁਕਲਾ ਹਸਪਤਾਲ ਨਾਭਾ ਰੋਡ ਅਮਲੋਹ ਉਪਰ ਹੋਏ ਇੱਕ ਸਮਾਗਮ ਵਿੱਚ ਸੰਤ ਬਾਬਾ ਦਲਵਾਰਾ ਸਿੰਘ ਰੋਹੀਸਰ ਸਾਹਿਬ ਮਾਲੋਵਾਲ ਵਾਲਿਆਂ ਵੱਲੋਂ ਧਾਰਮਿਕ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੀਆਂ ਸ਼ਾਨਦਾਰ ਸੇਵਾਵਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਜਿਥੇ ਇਨ੍ਹਾਂ ਵੱਲੋਂ ਗੁਰਦੁਆਰਾ ਸ੍ਰੀ ਰੋਹੀਸਰ ਸਾਹਿਬ ਮਾਲੋਵਾਲ ਤੇ ਸੰਤ ਆਸ਼ਰਮ ਗੁਰਦੁਆਰਾ ਕ੍ਰਿਪਾਸਰ ਸਾਹਿਬ ਫ਼ਤਹਿਗੜ੍ਹ ਸਾਹਿਬ ਰਾਹੀਂ ਲੋਕਾਂ ਨੂੰ ਧਾਰਮਿਕ ਗਿਆਨ ਦੇ ਕੇ ਗੁਰੂ ਦੇ ਲੜ ਲਗਾਇਆ ਜਾ ਰਿਹਾ ਹੈ, ਉਥੇ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਮਰੀਜ਼ਾਂ ਦੇ ਵਾਰਸਾਂ ਲਈ ਲੰਗਰ ਆਦਿ ਦੀ ਸੇਵਾ ਕੀਤੀ ਗਈ, ਉਥੇ ਹੁਣ ਪੀਜੀਆਈ ਚੰਡੀਗੜ੍ਹ ਵਿੱਚ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਦੀ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ। ਦਿੱਲੀ ਵਿੱਚ ਕਿਸਾਨ ਅੰਦੋਲਨ ਸਮੇਂ ਇਨ੍ਹਾਂ ਟਰੱਕ ਯੂਨੀਅਨ ਸਰਹਿੰਦ ਨਜ਼ਦੀਕ ਪਿੰਡ ਭੱਟਮਾਜਰਾ ਤੇ ਪਿਛਲੇ ਸਾਲ ਸ਼ੰਭੂ ਤੇ ਖਨੌਰੀ ਜਿਥੇ ਕਿਸਾਨ ਨੇਤਾ ਸਰਵਣ ਸਿੰਘ ਪੰਧੇਰ ਤੇ ਜਗਜੀਤ ਸਿੰਘ ਡੱਲੇਵਾਲ ਆਦਿ ਮੌਜੂਦ ਸਨ ਉਥੇ ਖੁਦ ਲੰਗਰ ਲਿਜਾ ਕੇ ਸੇਵਾ ਕੀਤੀ। ਨੌਂਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖ ਕੇ 4 ਰੋਜ਼ਾ 'ਧਰਮ ਬਚਾਓ ਯਾਤਰਾ' ਜੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼ੁਰੂ ਹੋ ਕੇ ਵਾਇਆ ਫ਼ਤਹਿਗੜ੍ਹ ਸਾਹਿਬ, ਆਗਰਾ ਹੁੰਦੀ ਹੋਈ ਦਿੱਲੀ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਸੰਪੂਰਨ ਹੋਈ ਵਿੱਚ ਸ਼ਿਰਕਤ ਕਰਕੇ ਅਹਿਮ ਯੋਗਦਾਨ ਪਾਇਆ। ਲੋੜਵੰਦ ਬੱਚਿਆਂ ਦੀ ਪੜ੍ਹਾਈ ਦਾ ਵੀ ਖਰਚਾ ਤੇ ਰਿਹਾਇਸ਼ ਆਦਿ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਜਿਹੜੇ ਬੱਚੇ ਇਨ੍ਹਾਂ ਦੇ ਸਥਾਨ 'ਤੇ ਰਹਿੰਦੇ ਹਨ ਉਨ੍ਹਾਂ ਨੂੰ ਗੁਰਬਾਣੀ ਦੀ ਸੰਥਿਆ ਵੀ ਦੇ ਰਹੇ ਹਨ। ਇਨ੍ਹਾਂ ਵੱਲੋਂ ਅੱਖਾਂ ਤੇ ਹੋਰ ਬਿਮਾਰੀਆਂ ਆਦਿ ਤੋਂ ਬਚਾਅ ਲਈ ਕਈ ਕੈਂਪ, ਬੱਚਿਆਂ ਦੇ ਦਸਤਾਰਬੰਦੀ ਆਦਿ ਦੇ ਮੁਕਾਬਲੇ ਆਦਿ ਕਰਵਾਏ ਜਾਦੇ ਹਨ ਤੇ ਸਰਕਾਰੀ ਸਕੂਲਾਂ ਦੇ ਵਿਦਿਆ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਜਾਂਦਾ ਹੈ। ਬਾਬਾ ਦਲਵਾਰਾ ਸਿੰਘ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਇਨ੍ਹਾਂ ਸੇਵਾਵਾਂ ਨੂੰ ਜਾਰੀ ਰੱਖਣ ਦਾ ਭਰੋਸਾ ਦਿੱਤਾ।



# ਭਾਰਤ ਕਿਸੇ ਵੀ ਕੀਮਤ 'ਤੇ ਕਿਸੇ ਵੀ ਅੱਤਵਾਦੀ ਹਮਲੇ ਨੂੰ ਬਰਦਾਸ਼ਤ ਨਹੀਂ ਕਰੇਗਾ: ਡਾ. ਸੀਮਾਂਤ ਗਰਗ

ਮੋਗਾ, 15 ਫਰਵਰੀ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਭਾਰਤ ਕਿਸੇ ਵੀ ਕੀਮਤ 'ਤੇ ਕਿਸੇ ਵੀ ਅੱਤਵਾਦੀ ਹਮਲੇ ਨੂੰ ਬਰਦਾਸ਼ਤ ਨਹੀਂ ਕਰੇਗਾ ਤੇ ਅੱਤਵਾਦੀ ਹਮਲੇ ਕਰਨ ਵਾਲਿਆਂ ਨੂੰ ਪਹਿਲਾਂ ਵੀ ਗੰਭੀਰ ਨਤੀਜੇ ਭੁਗਤਣੇ ਪਏ ਹਨ ਤੇ ਹੁਣ ਵੀ ਉਨ੍ਹਾਂ ਨੂੰ ਹੋਰ ਵੀ ਸਖ਼ਤ ਨਤੀਜੇ ਭੁਗਤਣੇ ਪੈਣਗੇ। ਇਹ ਵਿਚਾਰ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਨੇ ਪੁਰਾਣੀ ਦਾਣਾ ਮੰਡੀ ਸਥਿਤ ਭਾਜਪਾ ਦਫ਼ਤਰ ਵਿਖੇ ਪੁਲਵਾਮਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪ੍ਰਗਟ ਕੀਤੇ। ਇਸ ਮੌਕੇ ਭਾਜਪਾ ਜਨਰਲ ਸਕੱਤਰ ਵਿੱਕੀ ਸਿਤਾਰਾ, ਜਨਰਲ ਸਕੱਤਰ ਰਾਹੁਲ ਗਰਗ, ਆਈਟੀ ਸੈਲ ਇੰਚਾਰਜ ਮੁਕੇਸ਼ ਸ਼ਰਮਾ, ਦਫ਼ਤਰ ਇੰਚਾਰਜ ਜਤਿੰਦਰ ਚੱਢਾ, ਮੰਡਲ ਪ੍ਰਧਾਨ ਬਾਘਾਪੁਰਾਣਾ ਦੀਪਕ ਤਲਵਾੜ, ਮੰਡਲ ਪ੍ਰਧਾਨ ਅਮਨਦੀਪ ਗਰੋਵਰ, ਮੰਡਲ ਪ੍ਰਧਾਨ ਭੁਪਿੰਦਰ ਹੈਪੀ, ਧਰਮਵੀਰ ਭਾਰਤੀ, ਕਮਲ ਘਾਰੂ, ਸੋਨੀ ਮੰਗਲਾ, ਭੋਲਾ ਸਿੰਘ, ਆਸਾ ਸਿੰਘ, ਹਰਵਿੰਦਰ ਧਾਲੀਵਾਲ, ਪ੍ਰੋਮਿਲਾ ਮੋਨਰਾਈ, ਸੁਖਪ੍ਰੀਤ ਕੌਰ ਸੁੱਖੀ, ਸੁਖਜਿੰਦਰ ਸਿੰਘ ਵਾਂਡਰ, ਦਵਿੰਦਰ ਸਿੰਘ ਪ੍ਰਧਾਨ, ਆਸ਼ੀਸ਼ ਕੁਮਾਰ, ਗੁਲਸ਼ਨ ਵਿੱਕੀ, ਹੇਮੰਤ ਸੂਦ, ਗਗਨ ਕੁਮਾਰ, ਵਿਜੇ ਮਿਸ਼ਰਾ, ਸ਼ਸ਼ੀਕਾਂਤ, ਅਰਜੁਨ ਕੁਮਾਰ, ਤਰਸੇਮ ਜੰਡ, ਸੁਕੇਸ਼ ਸੂਦ, ਰਜਿੰਦਰ ਗਾਬਾ, ਸੰਜੀਵ ਅਗਰਵਾਲ, ਸੁੱਖਾ ਸਿੰਘ ਆਦਿ ਮੌਜੂਦ ਸਨ। ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਨੇ ਪੁਲਵਾਮਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ 14 ਫਰਵਰੀ 2019 ਨੂੰ ਪੁਲਵਾਮਾ ਵਿੱਚ ਇੱਕ ਅੱਤਵਾਦੀ ਹਮਲਾ ਹੋਇਆ ਸੀ, ਜਿਸ ਵਿੱਚ ਸੀਆਰਪੀਐਫ ਦੀ 76ਵੀਂ ਬਟਾਲੀਅਨ ਦੀ ਇੱਕ ਬੱਸ ਨੂੰ ਉਡਾ ਦਿੱਤਾ ਗਿਆ ਸੀ, ਜਿਸ ਵਿੱਚ 40 ਸੀਆਰਪੀਐਫ ਜਵਾਨ ਸ਼ਹੀਦ ਹੋ ਗਏ ਸਨ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਭਾਰਤ ਵਿੱਚ ਗੁੱਸੇ ਦੀ ਲਹਿਰ ਫੈਲਾਅ ਦਿੱਤੀ। ਨਤੀਜੇ ਵਜੋਂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਮਲੇ ਤੋਂ ਕੁਝ ਦਿਨਾਂ ਬਾਅਦ ਅੱਤਵਾਦੀ ਕੈਂਪਾਂ 'ਤੇ ਹਵਾਈ ਹਮਲਾ ਕੀਤਾ, ਜਿਸ ਵਿੱਚ ਮੁੱਖ ਅੱਤਵਾਦੀ ਕਮਾਂਡਰ ਤੇ ਵੱਡੀ ਗਿਣਤੀ ਵਿੱਚ ਅੱਤਵਾਦੀ ਮਾਰੇ ਗਏ। ਉਨ੍ਹਾਂ ਕਿਹਾ ਕਿ ਭਾਰਤ ਹਮੇਸ਼ਾ ਸ਼ਹੀਦਾਂ ਦੇ ਪਰਿਵਾਰਾਂ ਦੇ ਨਾਲ ਖੜ੍ਹਾ ਰਿਹਾ ਹੈ ਤੇ ਅਜਿਹਾ ਕਰਦਾ ਰਹੇਗਾ।



# ਬਾਬਾ ਬੰਦਾ ਸਿੰਘ ਬਹਾਦਰ ਪੋਲੀਟੈਕਨਿਕ ਕਾਲਜ 'ਚ ਦੋ ਰੋਜ਼ਾ ਬੈਡਮਿੰਟਨ ਮੁਕਾਬਲੇ ਕਰਵਾਏ



ਸ੍ਰੀ ਫਤਹਿਗੜ੍ਹ ਸਾਹਿਬ, 15 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਾਬਾ ਬੰਦਾ ਸਿੰਘ ਬਹਾਦਰ ਐਜੂਕੇਸ਼ਨ ਟਰੱਸਟ ਅਧੀਨ ਚੱਲ ਰਹੇ ਬਾਬਾ ਬੰਦਾ ਸਿੰਘ ਬਹਾਦਰ ਪੋਲੀਟੈਕਨਿਕ ਕਾਲਜ ਫਤਹਿਗੜ੍ਹ ਸਾਹਿਬ ਵਿਖੇ ਦੋ ਰੋਜ਼ਾ ਬੈਡਮਿੰਟਨ ਟੂਰਨਾਮੈਂਟ ਕਰਵਾਇਆ ਗਿਆ, ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਲਜ ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਕਾਲਜ ਦੇ ਸਾਰੇ ਹੀ ਵਿਭਾਗਾਂ ਦੇ ਵਿਦਿਆਰਥੀਆਂ ਵੱਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ। ਇਸ ਮੌਕੇ 'ਤੇ ਵਿਦਿਆਰਥੀਆਂ ਦੇ ਹੋਏ ਵੱਖੋ-ਵੱਖ ਮੁਕਾਬਲਿਆਂ ਵਿੱਚ ਪਹਿਲੇ ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਮੈਡਲ ਤੇ ਮੋਮੈਂਟੋ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਹੋਏ ਬੈਡਮਿੰਟਨ ਟੂਰਨਾਮੈਂਟ ਦੇ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਅਭਿਨਵ ਕੁੰਬਰਾ, ਮਨਪ੍ਰੀਤ ਸਿੰਘ ਦੂਜਾ ਸਥਾਨ, ਵੰਸ਼ਪ੍ਰੀਤ ਸਿੰਘ ਤੇ ਜਸਕਰਨ ਸਿੰਘ ਨੇ ਤੀਜਾ ਸਥਾਨ, ਪੁਸ਼ਅੱਪ ਦੇ ਮੁਕਾਬਲੇ ਵਿੱਚ ਪਹਿਲਾ ਸਥਾਨ ਮਨਜੋਤ ਸਿੰਘ ਡੰਡ ਬੈਠਕ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਗੁਰਜਿੰਦਰ ਸਿੰਘ ਨੇ ਹਾਸਲ ਕੀਤਾ। ਇਸ ਮੌਕੇ 'ਤੇ ਡੰਡ ਬੈਠਕ ਵਾਲੇ ਹਰ ਬੱਚੇ ਨੂੰ ਰਣਧੀਰ ਸਿੰਘ ਵੱਲੋਂ ਬੈਡਮਿੰਟਨ ਦੇ ਪਹਿਲੇ ਦੂਜੇ ਤੇ ਤੀਜੇ ਸਥਾਨ ਵਾਲੇ ਹਰ ਖਿਡਾਰੀ ਨੂੰ ਗੁਰਪ੍ਰੀਤ ਕੌਰ ਪ੍ਰਿੰਸੀਪਲ ਵੱਲੋਂ ਬੈਡਮਿੰਟਨ ਪਹਿਲੇ ਸਥਾਨ ਵਾਲੇ ਖਿਡਾਰੀ ਨੂੰ ਮੈਡਮ ਸੁਮਿਤ ਕੌਰ ਵੱਲੋਂ ਪੁਸ਼ਅਪ ਵਾਲੇ ਇੱਕ ਖਿਡਾਰੀ ਗੁਰਦੀਪ ਸਿੰਘ ਦਾ ਨਗਦ ਰਾਸ਼ੀਆਂ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਵਿਭਾਗ ਮੁਖੀ ਜਗਦੀਪ ਸਿੰਘ ਗਿੱਲ, ਸਿਮਰਨਜੀਤ ਸਿੰਘ, ਗੁਰਦੀਪ ਸਿੰਘ, ਜਸਕਿਰਨ ਕੌਰ, ਜਸਵੀਰ ਕੌਰ, ਡਾ. ਸੁਹੰਸਰਜੀਤ, ਡਾ. ਸੰਜੀਵ ਕੁਮਾਰ, ਹਰਪ੍ਰੀਤ ਸ਼ਰਮਾ, ਅੰਮ੍ਰਿਤਪਾਲ ਕੌਰ, ਸਤਵਿੰਦਰਜੀਤ ਕੌਰ, ਅਮਰਪ੍ਰੀਤ ਸਿੰਘ, ਹਰਪ੍ਰੀਤ ਕੌਰ ਟਿਵਾਣਾ ਹਾਜ਼ਰ ਸਨ।

# ਪੀ.ਐਮ. ਸ੍ਰੀ ਸ.ਸ.ਸ. (ਲੜਕੇ) ਵਿਖੇ ਸਾਲਾਨਾ ਸਭਿਆਚਾਰਕ ਤੇ ਇਨਾਮ ਵੰਡ ਸਮਾਗਮ ਕਰਵਾਇਆ



ਫਿਰੋਜ਼ਪੁਰ, 15 ਫਰਵਰੀ (ਤਿਵਾੜੀ): ਪੀ.ਐਮ.ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਫਿਰੋਜ਼ਪੁਰ ਵਿਖੇ ਸਾਲਾਨਾ ਸਭਿਆਚਾਰਕ ਸਮਾਗਮ ਤੇ ਇਨਾਮ ਵੰਡ ਸਮਾਗਮ ਮਨਾਇਆ ਗਿਆ। ਇਸ ਮੌਕੇ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਮੌਕੇ ਵਿਧਾਇਕ ਭੁੱਲਰ ਨੇ ਸੰਬੋਧਨ ਕਰਦੇ ਕਿਹਾ ਕਿ ਕਿਤਾਬੀ ਗਿਆਨ ਦੇ ਨਾਲ-ਨਾਲ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਵੀ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਅੱਜ ਦੇ ਮਾਹੌਲ ਵਿੱਚ ਵਿਦਿਆਰਕੀਆਂ ਨੂੰ ਕਿਤਾਬੀ ਗਿਆਨ ਤੋਂ ਇਲਾਵਾ ਹਰ ਤਰ੍ਹਾਂ ਦੀ ਸਿੱਖਿਆ ਦਿੱਤੀ ਜਾਵੇ। ਇਸ ਮੌਕੇ ਡਾ. ਸਤਿੰਦਰ ਸਿੰਘ ਡਿਪਟੀ ਡੀ.ਈ.ਓ. (ਸ) ਫਿਰੋਜ਼ਪੁਰ ਨੇ ਕਿਹਾ ਕਿ ਜੇਕਰ ਅਸੀਂ ਆਪਦਾ ਸੁਨਹਿਰਾ ਕੱਲ੍ਹ ਬਚਾਉਣਾ ਹੈ ਤਾਂ ਵਾਤਾਵਰਨ ਦੀ ਸੁੱਰਖਿਆ ਵੱਲ ਵਿਸ਼ੇਸ਼ ਧਿਆਨ ਦੇਣਾ ਹੋਵੇਗਾ। ਇਸ ਲਈ ਦਰੱਖਤ ਲਗਾਉਣੇ ਬੜੇ ਜ਼ਰੂਰੀ ਹਨ। ਸਭ ਨੂੰ ਵਾਤਾਵਰਨ ਦੀ ਸੁਰਖਿਆ ਆਪਣਾ ਕਰੱਤਵ ਮੰਨਣਾ ਚਾਹੀਦਾ ਹੈ, ਜਿਸ ਦੀ ਸਿੱਖਿਆ ਸਕੂਲਾਂ ਤੋਂ ਮਿਲਣੀ ਚਾਹੀਦੀ ਹੈ। ਸ੍ਰੀਮਤੀ ਨੀਤਿਮਾ ਸ਼ਰਮਾ ਲੈਕਚਰਾਰ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹੀ ਤੇ ਸਭ ਨੂੰ ਵਿਸ਼ਵਾਸ ਦਿਵਾਇਆ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਦਾ ਪੂਰਾ ਧਿਆਨ ਰੱਖਿਆ ਜਾਵੇਗਾ। ਸਕੂਲ ਇੰਚਾਰਜ ਰਾਜਵੀ ਮੈਨੀ ਨੇ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਇੱਕ ਨਿਸ਼ਾਨਾ ਮਿੱਥ ਕੇ ਉਸ ਦੀ ਪ੍ਰਾਪਤੀ ਲਈ ਸਖ਼ਤ ਮਿਹਨਤ ਕਰਨ ਦਾ ਸੰਦੇਸ਼ ਦਿੱਤਾ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਮੈਡਮ ਹਰਲੀਨ ਕੌਰ ਲੈਕਚਰਾਰ ਤੇ ਮੈਡਮ ਸੁਖਦੀਪ ਕੌਰ ਲੈਕਚਰਾਰ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਗੁਲਸ਼ਨ ਗੱਖੜ, ਹਿਮਾਂਸ਼ੂ, ਰਾਜਿੰਦਰ ਕੌਰ, ਮੋਨਿਕਾ ਗਰੋਵਰ, ਸੋਨੀਆ ਗੁਪਤਾ, ਰਾਕੇਸ਼ ਗਰੋਵਰ, ਕਮਲਜੀਤ ਕੌਰ ਭੁਪਿੰਦਰ ਕੌਰ, ਸੁਨੀਤਾ ਰਾਣੀ, ਸੋਨੀਆ, ਅੰਨਦਿਤਾ, ਸੰਗੀਤਾ, ਰੇਖਾ ਰਾਣੀ, ਪਿੱਪਲ ਸਿੰਘ, ਲਖਵਿੰਦਰ ਸਿੰਘ, ਜਸਵਿੰਦਰ ਕੌਰ ਤੇ ਦੀਪਕ ਹਾਂਡਾ ਸਟਾਫ ਹਾਜ਼ਰ ਸਨ।

# ਪਿਮਟ 'ਚ ਸਾਲਾਨਾ ਸਪੋਰਟਸ ਮੀਟ ਕਰਵਾਈ



ਮੰਡੀ ਗੋਬਿੰਦਗੜ੍ਹ, 15 ਫਰਵਰੀ (ਸੂਦ): ਪੰਜਾਬ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਅਲੌੜ ਵਿੱਚ ਸਾਲਾਨਾ ਸਪੋਰਟਸ ਮੀਟ-2026 ਕਰਵਾਈ ਗਈ। ਇਸ ਦੀ ਸ਼ੁਰੂਆਤ ਸੰਸਥਾ ਦੀ ਡਾਇਰੈਕਟਰ ਡਾ. ਨਿਸ਼ੀ ਬਾਲਾ ਨੇ ਕਰਵਾਈ। ਇਸ ਉਪਰੰਤ ਵਿਦਿਆਰਥੀਆਂ ਨੇ ਮਾਰਚ ਪਾਸਟ ਕੀਤਾ ਤੇ ਸਹੁੰ ਚੁੱਕ ਵਿੱਚ ਹਿੱਸਾ ਲਿਆ। ਇਸ ਮੌਕੇ 100, 200, 400 ਤੇ 800 ਮੀਟਰ ਦੌੜ, ਰਿਲੇਅ ਦੌੜ, ਸ਼ਾਟਪੁਟ, ਡਿਸਕਸ ਥਰੋ, ਜੈਵਲਿਨ ਥਰੋ, ਲੰਬੀ ਛਾਲ, ਹੌਲੀ ਬਾਈਕ ਦੌੜ, ਬੋਰੀ ਦੌੜ, ਨਿੰਬੂ ਚਮਚਾ ਦੌੜ, ਰੱਸਾਕਸ਼ੀ, ਮਟਕਾ ਦੌੜ, ਨਾਲ ਹੀਵਾਲੀਬਾਲ ਤੇ ਕ੍ਰਿਕਟ ਮੈਚ ਆਦਿ ਕਰਵਾਏ ਗਏ। ਮੀਟ ਦੌਰਾਨ ਐਮਬੀਏ-4 ਦੀ ਵਿਦਿਆਰਥਣ ਦਿਵਿਆ ਸੇਠ ਨੂੰ ਬੈਸਟ ਐਥਲੈਟਿਕ ਗਰਲ ਤੇ ਬੀਸੀਏ-2 ਦੀ ਵਿਦਿਆਰਥਣ ਸ਼ਿਵਮ ਚੌਧਰੀ ਨੂੰ ਬੈਸਟ ਐਥਲੈਟਿਕ ਮੈਨ ਦਾ ਖਿਤਾਬ ਦਿੱਤਾ ਗਿਆ। ਬਾਅਦ ਵਿੱਚ ਜੇਤੂ ਖਿਡਾਰੀ ਤੇ ਐਥਲੀਟਾਂ ਨੂੰ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ ਤੇ ਰਿਫਰੈਸ਼ਮੈਂਟ ਦਿੱਤੀ ਗਈ। ਡਾਇਰੈਕਟਰ ਡਾ. ਨਿਸ਼ੀ ਬਾਲਾ ਨੇ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਬਹੁਤ ਜ਼ਰੂਰੀ ਹਨ ਤੇ ਅਜਿਹੇ ਸਮਾਗਮ ਆਤਮ-ਵਿਸ਼ਵਾਸ, ਅਨੁਸ਼ਾਸਨ ਤੇ ਟੀਮ ਭਾਵਨਾ ਨੂੰ ਉਤਸ਼ਾਹਿਤ ਕਰਦੇ ਹਨ। ਉਨ੍ਹਾਂ ਜੇਤੂਆਂ ਨੂੰ ਵਧਾਈ ਦਿੱਤੀ। ਸਮਾਗਮ ਦਾ ਸਮਾਪਨ ਰਾਸ਼ਟਰੀ ਗੀਤ ਨਾਲ ਹੋਇਆ।

# ਗਲੋਬਲ ਹਸਪਤਾਲ ਨੇ ਐਮਬਰੋਜੀਅਲ ਸਕੂਲ ਦੇ ਬੱਚਿਆਂ ਦਾ ਜਰਨਲ ਚੈਕਅੱਪ ਕੀਤਾ



ਜ਼ੀਰਾ, 15 ਫਰਵਰੀ (ਦੀਪਕ ਭਾਰਗੋ): ਸਕੂਲੀ ਬੱਚਿਆਂ ਦਾ ਸਮੇਂ ਸਮੇਂ 'ਤੇ ਚੈਕਅੱਪ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਕੋਈ ਵਾਇਰਸ ਜਾ ਕਿਸੇ ਤਰ੍ਹਾਂ ਦੀ ਬਿਮਾਰੀ ਦੇ ਸ਼ਿਕਾਰ ਨਹੀਂ ਹੋ ਰਹੇ। ਇਸੇ ਤਰ੍ਹਾਂ ਜ਼ੀਰਾ ਦੇ ਗਲੋਬਲ ਹਸਪਤਾਲ ਦੇ ਐਮਡੀ ਸਨੀ ਚੌਧਰੀ ਵੱਲੋਂ ਆਪਣੇ ਹਸਪਤਾਲ ਦੇ ਡਾਕਟਰਾਂ ਦੀ ਟੀਮ ਨੂੰ ਨਾਲ ਲੈ ਕੇ ਐਮਬਰੋਜੀਅਲ ਸਕੂਲ ਦੇ ਬੱਚਿਆਂ ਦਾ ਜਰਨਲ ਚੈਕਅੱਪ ਕਰਵਾਇਆ ਗਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਸਤਨਾਮ ਬੁੱਟਰ ਤੇ ਪ੍ਰਿੰਸੀਪਲ ਤੇਜ ਠਾਕੁਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਮੌਕੇ ਸਕੂਲ ਸਟਾਫ ਨੇ ਜਨਰਲ ਚੈਕਅੱਪ ਕਰਵਾਉਣ ਵਿੱਚ ਉਨ੍ਹਾਂ ਦੀ ਮਦਦ ਕੀਤੀ ਤੇ ਬੱਚਿਆਂ ਨੂੰ ਚੈਕਅੱਪ ਕਰਨ ਤੋਂ ਬਾਅਦ ਅਲੱਗ-ਅਲੱਗ ਬਿਮਾਰੀਆਂ ਨਾਲ ਕਿਵੇਂ ਲੜਿਆ ਜਾਂਦਾ ਹੈ ਤੇ ਸਾਵਧਾਨੀਆਂ ਰੱਖਣੀਆਂ ਚਾਹੀਦੀਆਂ ਹਨ ਬਾਰੇ ਜਾਣਕਾਰੀ ਦਿੱਤੀ।

# ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਮਾਰਗਦਰਸ਼ਨ 'ਤੇ ਚੱਲਦਿਆਂ, ਕੋਈ ਵੀ ਨਾਗਰਿਕ ਮੁਫ਼ਤ ਸਿਹਤ ਬੀਮਾ ਯੋਜਨਾ ਲਈ ਕਾਰਡ ਤੋਂ ਵਾਂਝਾ ਨਹੀਂ ਰਹੇਗਾ: ਵਿੱਕੀ ਦੌਧਰੀਆ

ਮੋਗਾ, 15 ਫਰਵਰੀ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਮਾਰਗਦਰਸ਼ਨ 'ਤੇ ਚੱਲਦਿਆਂ, ਕੋਈ ਵੀ ਨਾਗਰਿਕ ਮੁਫ਼ਤ ਸਿਹਤ ਬੀਮਾ ਯੋਜਨਾ ਲਈ ਕਾਰਡ ਤੋਂ ਵਾਂਝਾ ਨਹੀਂ ਰਹੇਗਾ। ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੀ ਭਲਾਈ ਲਈ ਸ਼ੁਰੂ ਕੀਤੀ ਗਈ ਵਿਸ਼ੇਸ਼ ਮੁਹਿੰਮ ਸਾਡੇ ਬਜ਼ੁਰਗ, ਸਾਡਾ ਮਾਣ ਦੇ ਹਿੱਸੇ ਵਜੋਂ ਅੱਜ ਮੋਗਾ ਜ਼ਿਲ੍ਹੇ ਵਿੱਚ ਵਾਰਡ-ਦਰ-ਵਾਰਡ ਕੈਂਪਾਂ ਦੀ ਲੜੀ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀ ਹੈ। ਵਿਕਾਸ 'ਤੇ ਬੋਲਦਿਆਂ ਆਮ ਆਦਮੀ ਪਾਰਟੀ ਦੇ ਯੂਥ ਪ੍ਰਧਾਨ ਵਿੱਕੀ ਦੌਧਰੀਆ ਨੇ ਕਿਹਾ ਕਿ ਇਹ ਮੁਹਿੰਮ ਸਿਰਫ਼ ਇੱਕ ਨਾਅਰਾ ਨਹੀਂ ਹੈ, ਸਗੋਂ ਸੂਬਾ ਸਰਕਾਰ ਬਜ਼ੁਰਗਾਂ ਦੇ ਸਵੈ-ਮਾਣ, ਸੁਰੱਖਿਆ, ਸਿਹਤ ਤੇ ਸਮਾਜਿਕ ਦੇਖਭਾਲ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਸ੍ਰੀ ਧਾਲੀਵਾਲ ਨੇ ਕਿਹਾ ਕਿ ਪੰਜਾਬ 'ਤੇ ਰਾਜ ਕਰਨ ਵਾਲੀਆਂ ਕੇਂਦਰ ਸਰਕਾਰ ਸਮੇਤ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੀਆਂ ਸਰਕਾਰਾਂ ਨੇ ਬਜ਼ੁਰਗਾਂ ਨੂੰ ਨਜ਼ਰ-ਅੰਦਾਜ਼ ਕੀਤਾ ਹੈ, ਉਨ੍ਹਾਂ ਨੂੰ ਸਰਕਾਰ 'ਤੇ ਬੋਝ ਸਮਝਿਆ ਹੈ। ਮੌਜੂਦਾ ਕੇਂਦਰ ਸਰਕਾਰ ਨੇ ਵੀ ਪੰਜਾਬ ਵਿੱਚ ਬਜ਼ੁਰਗਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਲਈ ਕੋਈ ਭਲਾਈ ਪ੍ਰੋਗਰਾਮ ਲਾਗੂ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਵਾਰਡ ਵਿੱਚ 10 ਲੱਖ ਰੁਪਏ ਦੇ ਮੁਫ਼ਤ ਸਿਹਤ ਬੀਮਾ ਯੋਜਨਾ ਕਾਰਡ ਜਾਰੀ ਕਰਨ ਲਈ ਇੱਕ ਵਿਸ਼ੇਸ਼ ਕੈਂਪ ਲਗਾਇਆ ਗਿਆ ਸੀ। ਕੈਂਪ ਦੌਰਾਨ ਸਿਹਤ ਕਾਰਡ ਵੰਡਦੇ ਹੋਏ ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਦੀ ਭਗਵੰਤ ਮਾਨ ਸਰਕਾਰ ਨੂੰ ਦੇਸ਼ ਦੀ ਹੀ ਨਹੀਂ ਸਗੋਂ ਦੁਨੀਆ ਦੀ ਪਹਿਲੀ ਸਰਕਾਰ ਹੋਣ ਦਾ ਮਾਣ ਪ੍ਰਾਪਤ ਹੈ ਜਿਸਨੇ ਆਪਣੇ ਨਾਗਰਿਕਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਸਿਹਤ ਬੀਮਾ ਪ੍ਰਦਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਨਾਗਰਿਕ ਮੁਫ਼ਤ ਸਿਹਤ ਬੀਮਾ ਯੋਜਨਾ ਕਾਰਡ ਤੋਂ ਵਾਂਝਾ ਨਹੀਂ ਰਹੇਗਾ ਤੇ ਸਿਹਤ ਕਾਰਡ ਮੁਹਿੰਮ ਜਾਰੀ ਰਹੇਗੀ।



# ਪੰਜਾਬੀ ਲਿਖਾਰੀ ਸਭਾ ਦੀ ਮਹੀਨਾਵਾਰ ਮੀਟਿੰਗ



ਮੰਡੀ ਗੋਬਿੰਦਗੜ੍ਹ, 15 ਫਰਵਰੀ (ਸੂਦ): ਪੰਜਾਬੀ ਲਿਖਾਰੀ ਸਭਾ ਦੀ ਮੀਟਿੰਗ ਸਭਾ ਦੇ ਪ੍ਰਧਾਨ ਉਪਕਾਰ ਸਿੰਘ ਦਿਆਲਪੁਰੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਦੀ ਸ਼ੁਰੂਆਤ ਪੰਜਵੇਂ ਪਾਤਸ਼ਾਹ ਜੀ ਦੇ ਸ਼ਬਦ 'ਪਰਮੇਸ਼ਰ ਦਿੱਤਾ ਬੰਨਾ, ਦੁਖ ਰੋਗ ਦਾ ਡੇਰਾ ਭੰਨਾ' ਨਾਲ ਹੋਈ। ਸਭਾ ਦੇ ਜਨਰਲ ਸਕੱਤਰ ਜਗਜੀਤ ਸਿੰਘ ਗੁਰਮ ਦੇ ਪੋਤਾ ਹੋਣ ਦੀ ਖੁਸ਼ੀ ਵਿੱਚ ਤੇ ਸਭਾ ਦੇ ਸੀਨੀਅਰ ਮੈਂਬਰ ਲੋਕ ਨਾਥ ਸ਼ਰਮਾ ਵੱਲੋਂ ਪਿਛਲੇ ਦਿਨੀਂ ਡੀਡੀ ਪੰਜਾਬੀ ਜਲੰਧਰ ਦੇ ਪ੍ਰੋਗਰਾਮ 'ਗੱਲਾਂ ਤੇ ਗੀਤ ਵਿੱਚ' ਜਾਣ ਦੀ ਖੁਸ਼ੀ ਵਿੱਚ ਲੱਡੂ ਤੇ ਮਠਿਆਈ ਨਾਲ ਸਾਂਝ ਪਾਈ ਗਈ। ਮੀਟਿੰਗ ਵਿੱਚ ਹਾਜ਼ਰ ਲੇਖਕਾਂ ਵੱਲੋਂ ਪੜ੍ਹੀਆਂ ਰਚਨਾਵਾਂ ਵਿੱਚ ਅਮਰ ਸਿੰਘ ਸ਼ੈਂਪਲਾ ਨੇ ਕਹਾਣੀ 'ਦੁੱਧ ਧੋਤੇ ਲੋਕ', ਅਵਤਾਰ ਸਿੰਘ ਚਾਨੇ ਨੇ ਗੀਤ 'ਅਸੀਂ ਖੈਰ ਮਨਾਉਂਦੇ ਸੱਜਣਾ ਵੇ ਤੇਰੀ', ਬਘੇਲ ਸਿੰਘ ਚੰਦਨ ਨੇ ਗੀਤ ਰੱਬ ਦਾ ਨਾਮ ਧਿਆ ਲਿਆ ਕਰ' ਜਗਜੀਤ ਸਿੰਘ ਗੁਰਮ ਨੇ 'ਨਿੱਕੇ ਨਿੱਕੇ ਰੱਬ ਗੀਤ', ਰਾਜ ਸਿੰਘ ਬਧੌਛੀ ਨੇ ਲੇਖ 'ਬੁਢਾਪਾ ਸਰਾਪ ਜਾਂ ਵਰਦਾਨ', ਗੁਰਪ੍ਰੀਤ ਸਿੰਘ ਬੀੜ ਕਿਸ਼ਨ ਨੇ ਬਾਲ ਗੀਤ 'ਸਾਡੇ ਮੈਡਮ ਜੀ', ਹਾਕਮ ਸਿੰਘ ਮੀਤ ਨੇ ਕਵਿਤਾ 'ਝਨਾ ਤਰਨਾ ਦੂਰ ਦੀ ਗੱਲ', ਸਨੇਹ ਇੰਦਰ ਸਿੰਘ ਮੀਲੂ ਫਰੌਰ ਨੇ 'ਤੌੜ ਬਨਾਮ ਵੇਹੜਾ' ਵਿਅੰਗ ਲੇਖ ਤੇ ਲੋਕਨਾਥ ਸ਼ਰਮਾ ਨੇ ਲੇਖ 'ਬਾਪੂ ਨਾਲ ਸਰਦਾਰੀ ਬੇਬੇ ਨਾਲ ਬਹਾਰਾਂ ਸੁਣਾਇਆ। ਅਖੀਰ ਵਿੱਚ ਸਭਾ ਦੇ ਪ੍ਰਧਾਨ ਉਪਕਾਰ ਸਿੰਘ ਦਿਆਲਪੁਰੀ ਨੇ ਗੀਤ 'ਜ਼ਿੰਦਗੀ ਜ਼ਿੰਦਾਬਾਦ' ਸੁਣਾਇਆ। ਅੰਤ ਵਿੱਚ ਪੜ੍ਹੀਆਂ ਰਚਨਾਵਾਂ ਉਪਰ ਉਸਾਰੂ ਚਰਚਾ 'ਤੇ ਪੜਚੋਲ ਕੀਤੀ ਗਈ ਤੇ ਸੁਝਾਅ ਦਿੱਤੇ ਗਏ। ਇਸ ਮੌਕੇ ਪਰਮਜੀਤ ਸਿੰਘ ਧੀਮਾਨ ਤੇ ਤੇਜਪਾਲ ਸਿੰਘ ਮਰਜਾਰਾ ਨੇ ਵਿਚਾਰ ਪੇਸ਼ ਕੀਤੇ। ਮੀਟਿੰਗ ਦੀ ਕਾਰਵਾਈ ਸਭਾ ਦੇ ਜਨਰਲ ਸਕੱਤਰ ਜਗਜੀਤ ਸਿੰਘ ਗੁਰਮ ਤੇ ਗੁਰਪ੍ਰੀਤ ਸਿੰਘ ਬੀੜ ਕਿਸ਼ਨ ਨੇ ਬਾਖੂਬੀ ਨਿਭਾਈ।

# ਸ਼ਹੀਦ-ਏ-ਆਜ਼ਮ ਭਗਤ ਸਿੰਘ ਪ੍ਰਮੋਸ਼ਨਲ ਮੈਰਾਥਨ ਰਾਹੀਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਵੱਡਾ ਹੁੰਗਾਰਾ




ਲੁਧਿਆਣਾ, 15 ਫਰਵਰੀ (ਵਿਸ਼ਾਲ ਸ਼ਰਮਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲੁਧਿਆਣਾ ਵਿੱਚ ਵੱਡਾ ਜਨ ਸਮਰਥਨ ਮਿਲਿਆ, ਜਿੱਥੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਅਤੇ ਉਨ੍ਹਾਂ ਦੀ ਊਰਜਾ ਨੂੰ ਸਕਾਰਾਤਮਕ ਦਿਸ਼ਾ ਵੱਲ ਮੋੜਣ ਦੇ ਉਦੇਸ਼ ਨਾਲ 5 ਕਿੱਲੋਮੀਟਰ ਦੀ ਪਹਿਲੀ ਪ੍ਰਮੋਸ਼ਨਲ ਮੈਰਾਥਨ ਕਰਵਾਈ ਗਈ।ਇਹ ਮੈਰਾਥਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਸਪੋਰਟਸ ਗਰਾਊਂਡ ਤੋਂ ਸ਼ੁਰੂ ਹੋਈ, ਜਿਸ ਨੂੰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ੍ਰੀ ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਸਰੋੜੀ ਨੇ ਦੱਸਿਆ ਕਿ ਲੱਗਭੱਗ 1200 ਦੌੜਾਕਾਂ ਨੇ ਇਸ ਮੈਰਾਥਨ ਵਿੱਚ ਭਾਗ ਲਿਆ। ਉਨ੍ਹਾਂ ਕਿਹਾ ਕਿ ਇਹ ਦੌੜ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਮਹਾਨ ਕੁਰਬਾਨੀ ਨੂੰ ਸਮਰਪਿਤ ਹੈ ਅਤੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਵੱਲ ਇੱਕ ਮਜ਼ਬੂਤ ਸਮੂਹਿਕ ਕਦਮ ਹੈ। ਉਨ੍ਹਾਂ ਐਲਾਨ ਕੀਤਾ ਕਿ 22 ਮਾਰਚ ਨੂੰ ਮਾਹਿਲਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਸ਼ਟਰੀ ਮੈਰਾਥਨ ਆਯੋਜਿਤ ਕੀਤੀ ਜਾਵੇਗੀ ਅਤੇ ਸਾਰੇ ਨਾਗਰਿਕਾਂ ਨੂੰ ਇਸ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲਿਆਂ ਨਾਲ ਨਸ਼ਾ ਮੁਕਤ ਪੰਜਾਬ ਲਈ ਜਨ ਅੰਦੋਲਨ ਹੋਰ ਮਜ਼ਬੂਤ ਹੋਵੇਗਾ। ਡਿਪਟੀ ਸਪੀਕਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਦੇ ਨਾਲ-ਨਾਲ 'ਰੋਕਥਾਮ' ਤਹਿਤ ਜਾਗਰੂਕਤਾ ਪ੍ਰੋਗਰਾਮ ਵੀ ਕਰਵਾਏ ਜਾ ਰਹੇ ਹਨ, ਤਾਂ ਜੋ ਸਮਾਜ ਦੇ ਹਰ ਵਰਗ ਨੂੰ ਨਸ਼ਿਆਂ ਵਿਰੁੱਧ ਲੜਾਈ ਵਿੱਚ ਸ਼ਾਮਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮੈਰਾਥਨ ਵਰਗੇ ਖੇਡ ਸਮਾਗਮ ਨੌਜਵਾਨਾਂ ਵਿੱਚ ਟੀਮ ਵਰਕ, ਅਨੁਸ਼ਾਸਨ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਪ੍ਰਫੁੱਲਿਤ ਕਰਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਮੈਰਾਥਨ ਸਿਰਫ਼ ਇੱਕ ਦੌੜ ਨਹੀਂ ਸੀ, ਬਲਕਿ ਨਸ਼ਿਆਂ ਦੇ ਖ਼ਤਰਿਆਂ ਖ਼ਿਲਾਫ਼ ਇਕ ਸਾਂਝਾ ਸੰਦੇਸ਼ ਸੀ। ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਕੀਤੀ ਗਈ ਇਹ ਪਹਿਲ ਸੂਬੇ ਦੇ ਲੋਕਾਂ ਦੀ ਭਲਾਈ ਲਈ ਵਚਨਬੱਧਤਾ ਦਾ ਪ੍ਰਗਟਾਵਾ ਹੈ। ਮੈਰਾਥਨ ਦੌਰਾਨ ਉਤਸ਼ਾਹਪੂਰਣ ਮਾਹੌਲ ਦੇਖਣ ਨੂੰ ਮਿਲਿਆ। ਡਿਪਟੀ ਸਪੀਕਰ ਅਤੇ ਮੌਜੂਦ ਵਿਧਾਇਕਾਂ ਵੱਲੋਂ ਜੇਤੂ ਦੌੜਾਕਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ ਗਈ। ਲੁਧਿਆਣਾ ਵਾਸੀਆਂ ਨੇ ਪੰਜਾਬ ਸਰਕਾਰ ਦੀ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਜਾਗਰੂਕਤਾ ਸਮਾਗਮ ਨੌਜਵਾਨ ਪੀੜ੍ਹੀ ਨੂੰ ਸਹੀ ਰਸਤੇ 'ਤੇ ਲੈ ਜਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਨਸ਼ਿਆਂ ਵਿਰੁੱਧ ਇਸ ਜੰਗ ਵਿੱਚ ਉਹ ਸਰਕਾਰ ਅਤੇ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦੇਣਗੇ।ਇਸ ਮੌਕੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਸਤਵੀਰ ਸਿੰਘ ਗੋਸਲ, ਉਪ ਮੰਡਲ ਮੈਜਿਸਟਰੇਟ ਲੁਧਿਆਣਾ ਪੂਰਬੀ ਜਸਲੀਨ ਕੌਰ ਭੁੱਲਰ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ। ਇਹ ਮੈਰਾਥਨ ਨਸ਼ਾ ਮੁਕਤ ਪੰਜਾਬ ਵੱਲ ਇੱਕ ਮਜ਼ਬੂਤ ਕਦਮ ਵਜੋਂ ਸਾਬਤ ਹੋਈ, ਜਿਸ ਨੇ ਸਾਬਤ ਕਰ ਦਿੱਤਾ ਕਿ ਜਦੋਂ ਸਮਾਜ ਇਕੱਠਾ ਹੁੰਦਾ ਹੈ ਤਾਂ ਕੋਈ ਵੀ ਮੁਹਿੰਮ ਕਾਮਯਾਬੀ ਤੋਂ ਦੂਰ ਨਹੀਂ ਰਹਿੰਦੀ।

# ਖੰਨਾ ਪੁਲਿਸ ਵੱਲੋਂ 'ਗੈਂਗਸਟਰਾਂ 'ਤੇ ਵਾਰ' ਤਹਿਤ ਲਗਾਤਾਰ ਕਾਰਵਾਈ ਕਰਦਿਆਂ, 22 ਮੁਕੱਦਮਿਆਂ ਵਾਲਾ ਲੜੀਵਾਰ ਅਪਰਾਧੀ ਗ੍ਰਿਫ਼ਤਾਰ

## ਪਿਓ-ਪੁੱਤ ਦੇ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਦਾ ਪਰਦਾਫਾਸ਼

ਖੰਨਾ, ਲੁਧਿਆਣਾ, 15 ਫਰਵਰੀ (ਸੰਜੀਵ ਲਹਿਲ): ਐਸ.ਐਸ.ਪੀ ਖੰਨਾ ਡਾ. ਦਰਪਣ ਆਹਲੂਵਾਲੀਆ ਆਈ.ਪੀ.ਐਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੈਂਗਸਟਰਾਂ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਇੱਕ ਵਿਸ਼ੇਸ਼ ਚੱਲ ਰਹੀ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਤਹਿਤ ਇੱਕ ਸਫਲਤਾ ਹਾਸਲ ਕਰਦਿਆਂ, ਖੰਨਾ ਪੁਲਿਸ ਨੇ ਇੱਕ ਹੈਰੋਇਨ ਦੀ ਸਪਲਾਈ ਚੇਨ ਦਾ ਪਰਦਾਫਾਸ਼ ਕਰਕੇ ਨਸ਼ੀਲੇ ਪਦਾਰਥਾਂ ਦੀ ਖਪਤ ਅਤੇ ਤਸਕਰੀ ਵਿੱਚ ਸ਼ਾਮਲ ਪਿਓ-ਪੁੱਤਰ ਨੂੰ ਗ੍ਰਿਫ਼ਤਾਰ ਕੀਤਾ ਹੈ।

ਜਗਪਾਲ ਸਿੰਘ ਉਰਫ਼ ਜੋਗੀ, ਪਿੰਡ ਦੈਹਿੜੂ, ਥਾਣਾ ਸਦਰ ਖੰਨਾ, ਮਿਤੀ 16.01.2026 ਨੂੰ ਥਾਣਾ ਸਦਰ ਖੰਨਾ ਵਿਖੇ ਦਰਜ ਮੁਕੱਦਮਾ ਨੰਬਰ 11/26 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਜਿਸਦੀ ਪਛਾਣ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਨ ਰਣਦੀਪ ਸਿੰਘ ਅਤੇ ਅਸ਼ਵੀਰ ਵਾਸੀ ਪਿੰਡ ਦੈਹਿੜੂ, ਜਿਨ੍ਹਾਂ ਨੂੰ 06 ਗ੍ਰਾਮ ਹੈਰੋਇਨ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ, ਦੇ ਮਹੱਤਵਪੂਰਨ ਪਿਛੋਕੜ ਵਜੋਂ ਕੀਤੀ ਗਈ ਹੈ।

ਤਫਤੀਸ਼ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਰਣਦੀਪ ਸਿੰਘ ਨੇ ਆਪਣੇ ਘਰੋਂ ਹੀ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀਆਂ ਗਤੀਵਿਧੀਆਂ ਕਰ ਰਿਹਾ ਸੀ। ਜਿਸ ਕਲੋਂ ਛਾਪੇਮਾਰੀ ਦੌਰਾਨ, ਪੁਲਿਸ ਨੇ ਉਸਦੇ ਕਬਜ਼ੇ ਵਿੱਚੋਂ 47,500 ਰੁਪਏ ਡਰੱਗ ਮਨੀ ਬਰਾਮਦ ਕੀਤੀ।

ਖਾਸ ਤੌਰ 'ਤੇ, ਜਗਪਾਲ ਸਿੰਘ ਉਰਫ ਜੋਗੀ ਇੱਕ ਆਦਤਨ ਅਤੇ ਸਖ਼ਤ ਕਿਸਮ ਦਾ ਅਪਰਾਧੀ ਹੈ, ਜਿਸ ਵਿਰੁੱਧ ਗੰਭੀਰ ਸਰੀਰਕ ਅਪਰਾਧਾਂ ਨਾਲ ਸਬੰਧਤ 22 ਐਫ.ਆਈ.ਆਰ ਦਰਜ ਹਨ, ਜਿਨ੍ਹਾਂ ਵਿੱਚ ਕਤਲ ਦੀ ਕੋਸ਼ਿਸ਼ ਅਤੇ ਅਸਲਾ ਐਕਟ ਤਹਿਤ ਉਲੰਘਣਾ ਦੇ ਬਹੁਤ ਸਾਰੇ ਮਾਮਲੇ ਸ਼ਾਮਲ ਹਨ। ਅਗਲੀ ਕਾਰਵਾਈ ਕਰਦੇ ਹੋਏ, ਪੁਲਿਸ ਨੇ ਉਸਦੇ ਪੁੱਤਰ ਏਕਮਦੀਪ ਸਿੰਘ ਨੂੰ ਵੀ ਐਨ.ਡੀ.ਪੀ.ਐਸ ਐਕਟ ਦੀ ਜੇਰ ਧਾਰਾ 27 ਦੇ ਤਹਿਤ ਐਫ.ਆਈ.ਆਰ ਨੰਬਰ 48/26 ਵਿੱਚ ਗ੍ਰਿਫ਼ਤਾਰ ਕੀਤਾ ਹੈ, ਜਿਸ ਨਾਲ ਪਿਤਾ-ਪੁੱਤਰ ਦੀ ਜੋੜੀ ਦੀ ਸਰਗਰਮ ਭੂਮਿਕਾ ਦਾ ਪਰਦਾਫਾਸ਼ ਹੋਇਆ ਹੈ। ਤਫਤੀਸ਼ ਦੌਰਾਨ ਬੈਕਵਰਡ ਲੀਕਾਂ ਬਾਰੇ, ਪਿੰਡ ਹਰਬੰਸਪੁਰਾ ਦੇ ਵਸਨੀਕ ਗੁਰਜੀਤ ਸਿੰਘ ਉਰਫ ਗੁਰੀ ਨੂੰ ਕਥਿਤ ਤੌਰ 'ਤੇ ਪਿਤਾ-ਪੁੱਤਰ ਦੀ ਜੋੜੀ ਨੂੰ ਹੈਰੋਇਨ ਸਪਲਾਈ ਕਰਨ ਦੇ ਦੋਸ਼ ਵਿੱਚ ਫੜਿਆ ਗਿਆ ਹੈ, ਜਿਸ ਨਾਲ ਪਰਦੇ ਪਿੱਛੇ ਕੰਮ ਕਰ ਰਹੀ ਸਪਲਾਈ ਚੇਨ ਦਾ ਪਰਦਾਫਾਸ਼ ਹੋਇਆ ਹੈ।

ਤਫਤੀਸ਼ ਤੋਂ ਪਤਾ ਚੱਲਦਾ ਹੈ ਕਿ ਜਗਪਾਲ ਸਿੰਘ ਉਰਫ ਜੋਗੀ ਕੋਲ ਆਮਦਨ ਦਾ ਕੋਈ ਜਾਇਜ਼ ਸਰੋਤ ਨਹੀਂ ਸੀ, ਅਪਰਾਧਿਕ ਤੱਤ ਅਕਸਰ ਉਸਦੇ ਘਰ ਆਉਂਦੇ-ਜਾਂਦੇ ਸਨ, ਜੋ ਕਿ ਸਮਾਜ ਵਿਰੋਧੀ ਗਤੀਵਿਧੀਆਂ ਲਈ ਪ੍ਰਭਾਵਸ਼ਾਲੀ ਢੰਗ ਨਾਲ ਇੱਕ ਸੁਰੱਖਿਅਤ ਪਨਾਹਗਾਹ ਬਣ ਗਿਆ ਸੀ। ਇਸ ਮਾਡਿਊਲ ਨਾਲ ਜੁੜੇ ਵਾਧੂ ਸਬੰਧਾਂ, ਵਿੱਤੀ ਲੈਣ-ਦੇਣ ਅਤੇ ਸਾਥੀਆਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।

ਖੰਨਾ ਪੁਲਿਸ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਤਹਿਤ ਹਮਲਾਵਰ ਕਾਰਵਾਈ ਜਾਰੀ ਰੱਖ ਰਹੀ ਹੈ। ਕਿਸੇ ਵੀ ਅਪਰਾਧੀ, ਨਸ਼ੀਲੇ ਪਦਾਰਥਾਂ ਦੇ ਤਸਕਰੀ ਜਾਂ ਆਦਤਨ ਅਪਰਾਧੀ ਨੂੰ ਕਾਨੂੰਨੀ ਵਿਵਸਥਾ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

# ਵਿਧਾਇਕ ਬੱਗਾ ਵੱਲੋਂ ਲਟਕਦੀਆਂ ਤਾਰਾਂ ਤੋਂ ਨਿਜ਼ਾਤ ਦਿਵਾਉਣ ਲਈ ਪ੍ਰੋਜੈਕਟ ਦਾ ਉਦਘਾਟਨ



ਲੁਧਿਆਣਾ, 15 ਫਰਵਰੀ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਦੀਆਂ ਗਲੀਆਂ ਵਿੱਚ ਲਟਕਦੀਆਂ ਤਾਰਾਂ ਦੀਆਂ ਉਲਝਣਾਂ ਤੋਂ ਲੋਕਾਂ ਨੂੰ ਰਾਹਤ ਪ੍ਰਧਾਨ ਕਰਵਾਉਣ ਲਈ ਪਾਇਲਟ ਪ੍ਰੋਜੈਕਟ ਦਾ ਉਦਘਾਟਨ ਸਥਾਨਕ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਨੇ ਉਪਕਾਰ ਨਗਰ ਤੋਂ ਕੀਤਾ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਸੀ.ਪੀ.ਸੀ.ਐਲ.) ਵੱਲੋਂ ਲੁਧਿਆਣਾ ਪੱਛਮੀ ਸਰਕਲ ਅਧੀਨ ਪੈਂਦੇ ਸਿਵਲ ਲਾਈਨ ਹਲਕੇ 'ਚ ਸ਼ੁਰੂ ਕੀਤੇ ਗਏ ਪਾਇਲਟ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਵਿਧਾਇਕ ਬੱਗਾ ਨੇ ਦੱਸਿਆ ਕਿ ਵਿਭਾਗ ਵੱਲੋਂ ਇਸ ਕੰਮ ਲਈ 98 ਲੱਖ, 26 ਹਜ਼ਾਰ 416 ਰੁਪਏ ਦੀ ਅਨੁਮਾਨਤ ਰਾਸ਼ੀ ਖਰਚਣ ਦਾ ਪ੍ਰਬੰਧ ਕੀਤਾ ਗਿਆ ਹੈ। ਉਪਕਾਰ ਨਗਰ ਇਲਾਕੇ ਵਿੱਚੋਂ ਖਿੱਲਰੀਆਂ ਅਤੇ ਲਟਕਦੀਆਂ ਤਾਰਾਂ ਨੂੰ ਤਰਤੀਬਵਾਰ ਹਟਾਉਣ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਵਾਰਡ-70 ਦੇ ਇੰਚਾਰਜ ਕਾਮਰਾਜ ਬੌਬੀ ਸ਼ਰਮਾ, ਪੁਨੀਤ ਮਨੋਚਾ, ਡਾ.ਆਨੰਦ ਮਲਹੋਤਰਾ, ਤੇਜਪਾਲ ਸ਼ਰਮਾ, ਕਪਿਲ ਸ਼ਰਮਾ, ਸ਼ਿਵਮ ਸ਼ਰਮਾ, ਪੀਯੂਸ਼ ਗੋਇਲ, ਅਰਵਿੰਦ ਗੋਇਲ, ਲੱਕੀ ਡਾਬਰ, ਪਵਨ ਰੁਦਰਾ, ਅਕਸ਼ਿਤ ਬਜਾਜ, ਕਰਨ ਬਜਾਜ, ਦੀਪਕ ਬਜਾਜ, ਗੀਤਿਕ ਗੁਗਲਾਨੀ, ਰਾਹੁਲ ਰੁਦਰਾ, ਕੁਕਵੰਤ ਸਿੰਘ, ਮਿੱਕੀ, ਚੰਦਨ ਕਪੂਰ, ਸੌਰਭ ਤਿਵਾੜੀ, ਨਰਿੰਦਰ ਅਰੋੜਾ, ਨੰਨਾ ਭਾਰਦਵਾਜ, ਭੰਡਾਰੀ ਜੀ ਅਤੇ ਅਸ਼ੀਸ਼ ਗੁਲਾਟੀ ਅਤੇ ਹੋਰ ਵੀ ਹਾਜ਼ਰ ਸਨ।

# ਕੇਂਦਰ ਦੀਆਂ ਨੀਤੀਆਂ ਕਿਸਾਨੀ ਅਤੇ ਸਾਹਿਤ ਧੰਦਿਆਂ ਨੂੰ ਤਬਾਹ ਕਰ ਦੇਣਗੀਆਂ : ਭੰਗੂ



ਲੁਧਿਆਣਾ, 15 ਫਰਵਰੀ (ਰਵਿੰਦਰ ਸਿੰਘ ਨਿੱਝਰ): ਸ਼ੇਰੇ ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਗੁਰਿੰਦਰ ਸਿੰਘ ਭੰਗੂ ਨੇ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਭਾਰਤ ਦੇ ਆਗੂਆਂ ਵੱਲੋਂ ਭਾਰਤ ਦੇ ਕਿਸਾਨਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਏਕਤਾ ਲਈ ਜਿਵੇਂ ਪਿਛਲੇ ਦਿਨੀ ਕੇ ਐਮ ਐਮ ਦੇ ਆਗੂਆਂ ਨੂੰ ਦਿੱਤੀ ਏਕਤਾ ਚਿੱਠੀ ਉਸ ਕੜੀ ਤਹਿਤ ਅੱਜ ਬੀਕੇਯੂ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੂੰ ਦਿੱਤੀ ਚਿੱਠੀ ਪੱਤਰ ਆਉਣ ਵਾਲੇ ਦਿਨਾਂ ਵਿੱਚ ਐਸਕੇਐਮ ਦੇ ਆਗੂਆਂ ਨੂੰ ਅਤੇ ਸਾਰੀਆਂ ਜਥੇਬੰਦੀਆਂ ਨੂੰ ਚਿੱਠੀ ਪੱਤਰ ਦਿੱਤਾ ਜਾਵੇਗਾ ਕਿਉਂਕਿ ਸਮਾਂ ਮੰਗ ਕਰਦਾ ਹੈ ਜਿਵੇਂ ਕਿ ਸੈਂਟਰ ਸਰਕਾਰ ਬਾਹਰਲੇ ਦੇਸ਼ਾਂ ਨਾਲ ਮੁਕਤ ਵਪਾਰ ਸਮਝੌਤੇ 2025 ਬਿਜਲੀ ਸੋਧ ਬਿੱਲ ਬਿਜਲੀ ਦਾ ਨਿਜੀਕਰਨ ਜਿਨ੍ਹਾਂ ਦੀ ਦੇਣ ਚਿਪ ਵਾਲੇ ਮੀਟਰ ਸੀਡ ਬਿੱਲ ਮੁਕਤ ਵਪਾਰ ਸਮਝੌਤਿਆਂ ਨਾਲ ਜਿੱਥੇ ਖੇਤੀਬਾੜੀ ਸੈਕਟਰ ਨੂੰ ਬਹੁਤ ਵੱਜੀ ਸੱਟ ਵੱਜੇਗੀ ਉੱਥੇ ਸਹਾਇਕ ਧੰਦੇ ਜਿਵੇਂ ਕਿ ਡੇਅਰੀ ਫਾਰਮ, ਪੋਲਟਰੀ ਫਾਰਮ 'ਤੇ ਇਹ ਵੀ ਬਹੁਤ ਵੱਡਾ ਮਾੜਾ ਅਸਰ ਪਵੇਗਾ ਸੈਂਟਰ ਸਰਕਾਰ ਹਰ ਪਲ ਕਿਤੇ ਨਾ ਕਿਤੇ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਦੇਣ ਲਈ ਇਹੋ ਜਿਹੇ ਬਿੱਲ ਲਿਆ ਰਹੀ ਹੈ, ਪਰ ਅਫਸੋਸ ਪੰਜਾਬ ਦੀ ਸਰਕਾਰ ਅਤੇ ਓਪੋਜੀਸ਼ਨਾਂ ਦੀ ਚੁੱਪ ਕਿਤੇ ਨਾ ਕਿਤੇ ਸੈਂਟਰ ਸਰਕਾਰ ਦੇ ਪੱਖ ਵਿੱਚ ਖੜ੍ਹੀਆਂ ਨਜ਼ਰ ਆਉਂਦੀਆਂ ਹਨ।ਬੀ ਜੇ ਪੀ ਦੀ ਪੰਜਾਬ ਦੀ ਇਕਾਈ ਵਪਾਰ ਮੁਕਤ ਸਮਝੌਤੇ ਨੂੰ ਕਿਸਾਨਾਂ ਅਤੇ ਡੇਅਰੀ ਫਾਰਮਰਾਂ, ਪੋਲਟਰੀ ਫਾਰਮਰਾਂ ਲਈ, ਇਹਨਾਂ ਇੱਕ ਚੰਗਾ ਸਮਝੌਤਾ ਜਾਂ ਫਾਇਦੇ ਦੀਆਂ ਸਿਫਤਾਂ ਕਰਦੇ ਨਹੀਂ ਥੱਕਦੇ, ਪਰ ਉਹ ਕਿਸਾਨੀ ਅਤੇ ਪੰਜਾਬ ਦੇ ਹਰੇਕ ਵਰਗ ਤੇ ਪਿੱਠ ਵਿੱਚ ਛੁਰਾ ਮਾਰਨ ਵਾਲਾ ਕੰਮ ਕਰ ਰਹੇ ਹਨ ਸਿਰਫ ਤੇ ਸਿਰਫ ਆਪਣੀ ਕੁਰਸੀ ਲਈ ਵੋਟ ਦੀ ਰਾਜਨੀਤੀ ਕਰ ਰਹੇ ਹਨ। ਇਹਨਾਂ ਸਿਆਸੀ ਲੋਕਾਂ ਤੋਂ ਸੁਚੇਤ ਰਹਿਣ ਦੀ ਲੋੜ ਆ ਅਤੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨਾ ਸਮੇਂ ਦੀ ਵੱਡੀ ਲੋੜ ਇਸ ਸਮੇਂ ਹਾਜ਼ਰ ਆਗੂ ਸਾਹਿਬਾਨ ਇੰਦਰਜੀਤ ਸਿੰਘ ਕੋਟ ਬੁੱਢਾ, ਸੁਖਜੀਤ ਸਿੰਘ ਹਰਦੋ ਝੰਡੇ, ਗੁਰਿੰਦਰ ਸਿੰਘ ਭੰਗੂ, ਬਚਿੱਤਰ ਸਿੰਘ ਕੋਟਲਾ , ਸਾਹਿਬ ਸਿੰਘ ਸਭਰਾਂ, ਮੁੱਖਵਾਲ ਸਿੰਘ ਰੋਪੜ ਆਗੂ ਹਾਜ਼ਰ ਸਨ।

# ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ



ਲੁਧਿਆਣਾ, 15 ਫਰਵਰੀ (ਸੰਜੀਵ ਲਹਿਲ) : ਸਰਬੱਤ ਦੇ ਭਲੇ ਲਈ ਬਾਬਾ ਦੀਪ ਸਿੰਘ ਨਗਰ ਲੁਧਿਆਣਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਕਰਵਾਏ ਗਏ ਅੱਜ ਗੁਰੂ ਮਹਾਰਾਜ ਜੀ ਦਾ ਆਸ਼ੀਰਵਾਦ ਲੈਣ ਲਈ ਵਿਧਾਨ ਸਭਾ ਹਲਕਾ ਗਿੱਲ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਉਚੇਚੇ ਤੌਰ 'ਤੇ ਪਹੁੰਚੇ ਇਸ ਮੌਕੇ ਜਿੱਥੇ ਵਿਧਾਇਕ ਸਾਹਿਬ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਉੱਥੇ ਉਹਨਾਂ ਹਰ ਸਮੱਸਿਆ ਦਾ ਹੱਲ ਕਰਵਾਉਣ ਦੀ ਵੀ ਗੱਲ ਕਹੀ।

ਇਸ ਸਮੇਂ ਵਿਧਾਇਕ ਸਾਹਿਬ ਵੱਲੋਂ ਬਾਬਾ ਦੀਪ ਨਗਰ ਦੇ ਸਮੂਹ ਨੌਜਵਾਨਾਂ ਦੀ ਇੱਕ ਮੀਟਿੰਗ ਵੀ ਲਈ ਗਈ ਅਤੇ ਇੱਕ ਯੂਥ ਕਲੱਬ ਬਣਾਇਆ ਗਿਆ, ਜਿਸ ਦਾ ਪ੍ਰਧਾਨ ਹਨੀਦੀਪ ਸ਼ਰਮਾ ਨੂੰ ਲਗਾਇਆ ਗਿਆ। ਵਿਧਾਇਕ ਸਾਹਿਬ ਨੇ ਨੌਜਵਾਨਾਂ ਨੂੰ ਭਰੋਸਾ ਦਿੱਤਾ ਕਿ ਉਹ ਖੁੱਲ੍ਹ ਕੇ ਸਮਾਜ ਲਈ ਕੰਮ ਕਰਨ ਉਹਨਾਂ ਨੂੰ ਫੰਡਾਂ ਦੀ ਕੋਈ ਘਾਟ ਆਉਣ ਨਹੀਂ ਦਿੱਤੀ ਜਾਵੇਗੀ।ਕਲੱਬ ਨੂੰ ਜਿਹੜੀਆਂ ਵੀ ਚੀਜ਼ਾਂ ਦੀ ਜ਼ਰੂਰਤ ਹੋਈ ਉਹ ਹਰ ਹਾਲਤ ਵਿੱਚ ਮੁਹੱਈਆ ਕਰਵਾਈ ਜਾਵੇਗੀ। ਇਸ ਸਮੇਂ ਇਹਨਾਂ ਸਾਰੇ ਨੌਜਵਾਨਾਂ ਵੱਲੋਂ ਵਿਧਾਇਕ ਸਾਹਿਬ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ ਗਿਆ।

# ਲੁਧਿਆਣਾ ਵਿੱਚ ਨਜਾਇਜ਼ ਕਲੋਨੀਆਂ 'ਤੇ ਰੋਕ ਲਗਾਉਣ ਵਿੱਚ ਫੇਲ੍ਹ ਰਹੀ ਸਰਕਾਰ : ਦੀਵਾਨ



ਲੁਧਿਆਣਾ, 15 ਫਰਵਰੀ (ਰਵਿੰਦਰ ਸਿੰਘ ਨਿੱਝਰ): ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟ੍ਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਸੂਬੇ ਦੀ ਆਪ ਸਰਕਾਰ 'ਤੇ ਜ਼ੋਰਦਾਰ ਹਮਲਾ ਬੋਲਦਿਆਂ, ਆਰੋਪ ਲਗਾਇਆ ਹੈ ਕਿ ਲੁਧਿਆਣਾ ਵਿੱਚ ਨਜਾਇਜ਼ ਕਾਲੋਨੀਆਂ ਦੇ ਬੇਰੋਕ-ਟੋਕ ਵੱਧਣ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹਿਣ ਦਾ ਦੋਸ਼ ਲਗਾਇਆ ਹੈ। ਇੱਥੇ ਜਾਰੀ ਇੱਕ ਤਿੱਖੇ ਬਿਆਨ ਵਿੱਚ ਦੀਵਾਨ ਨੇ ਕਿਹਾ ਕਿ ਇਹ ਹੈਰਾਨੀਜਨਕ ਹੈ ਕਿ ਸਥਾਨਕ ਸਰਕਾਰਾਂ ਦੇ ਮੰਤਰੀ ਖੁਦ ਲੁਧਿਆਣਾ ਤੋਂ ਹਨ, ਫਿਰ ਵੀ ਉਨ੍ਹਾਂ ਦੀ ਨੱਕ ਹੇਠਾਂ ਹੀ ਨਜਾਇਜ਼ ਕਾਲੋਨੀਆਂ ਧੜੱਲੇ ਨਾਲ ਵਧ ਰਹੀਆਂ ਹਨ।ਦੀਵਾਨ ਨੇ ਦੋਸ਼ ਲਗਾਇਆ ਕਿ ਸਾਰੇ ਨਿਯਮਾਂ ਨੂੰ ਤਾਕ 'ਤੇ ਰੱਖ ਕੇ ਲੁਧਿਆਣਾ ਭਰ ਵਿੱਚ ਨਜਾਇਜ਼ ਕਾਲੋਨੀਆਂ ਬਣ ਰਹੀਆਂ ਹਨ ਅਤੇ ਇਹ ਸਿਲਸਿਲਾ ਬੇਲਗਾਮ ਜਾਰੀ ਹੈ, ਜਦਕਿ ਸਥਾਨਕ ਸਰਕਾਰਾਂ ਦੇ ਅਧਿਕਾਰੀ ਮੂਕ ਦਰਸ਼ਕ ਬਣੇ ਹੋਏ ਹਨ। ਉਨ੍ਹਾਂ ਨੇ ਸਰਕਾਰੀ ਮਸ਼ੀਨਰੀ ਅਤੇ ਸੰਬੰਧਤ ਮੰਤਰੀ ਦੇ ਲਾਪਰਵਾਹ ਅਤੇ ਗੈਰ-ਜ਼ਿੰਮੇਵਾਰ ਰਵੱਈਏ ਦੀ ਸਖ਼ਤ ਆਲੋਚਨਾ ਕਰਦਿਆਂ, ਕਿਹਾ ਕਿ ਪ੍ਰਸ਼ਾਸਨ ਦੀ ਚੁੱਪ ਗੈਰ ਕਾਨੂੰਨੀ ਕਾਰਵਾਈਆਂ ਨਾਲ ਮਿਲੀਭੁਗਤ ਨੂੰ ਦਰਸਾਉਂਦੀ ਹੈ।ਉਨ੍ਹਾਂ ਨੇ ਬੇਤਰਤੀਬ ਸ਼ਹਿਰੀਕਰਨ ਲਈ ਮੌਜੂਦਾ ਹਕੂਮਤ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦੇ ਹੋਏ, ਕਿਹਾ ਕਿ ਨਿਯਮਾਂ ਦੀ ਖੁੱਲ੍ਹੀ ਉਲੰਘਣਾ ਆਮ ਗੱਲ ਬਣ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਨਜਾਇਜ ਕਾਲੋਨੀਆਂ ਦੇ ਡਿਵੈਲਪਰ ਜਾਇਜ਼ ਫੀਸਾਂ, ਟੈਕਸਾਂ ਅਤੇ ਕੰਪਲਾਇੰਸ ਤੋਂ ਬਚ ਕੇ ਸਰਕਾਰੀ ਮਾਲੀਏ ਨੂੰ ਭਾਰੀ ਨੁਕਸਾਨ ਪਹੁੰਚਾ ਰਹੇ ਹਨ।

ਇਸ ਲੜੀ ਹੇਠ, ਬੇਤਰਤੀਬ ਨਜਾਇਜ਼ ਕਲੋਨੀਆਂ ਦੇ ਪ੍ਰਸਾਰ ਖ਼ਿਲਾਫ਼ ਚੇਤਾਵਨੀ ਦਿੰਦਿਆਂ, ਦੀਵਾਨ ਨੇ ਕਿਹਾ ਕਿ ਇਹ ਸਿਰਫ਼ ਸ਼ਹਿਰ ਦੀ ਖੂਬਸੂਰਤੀ ਨੂੰ ਨੁਕਸਾਨ ਨਹੀਂ ਪਹੁੰਚਾ ਰਹੀਆਂ, ਸਗੋਂ ਲੰਬੇ ਸਮੇਂ ਦੀ ਟਿਕਾਊਤਾ ਲਈ ਵੀ ਖ਼ਤਰਾ ਬਣ ਰਹੀਆਂ ਹਨ। ਸਿਰਫ਼ ਉਲੰਘਣਾਂ ਕਰਨ ਵਾਲਿਆਂ ਉੱਪਰ ਸਖ਼ਤ ਕਾਰਵਾਈ ਅਤੇ ਯੋਜਨਾਬੱਧ ਸ਼ਹਿਰੀਕਰਨ ਪ੍ਰਤੀ ਪੱਕੀ ਵਚਨਬੱਧਤਾ ਨਾਲ ਹੀ ਲੁਧਿਆਣਾ ਨੂੰ ਇੱਕ ਮਾਡਲ ਸ਼ਹਿਰ ਵਜੋਂ ਦੁਬਾਰਾ ਸਥਾਪਤ ਕੀਤਾ ਜਾ ਸਕਦਾ ਹੈ।

# ਭਾਰਤ-ਅਮਰੀਕਾ ਟੈਕਸ-ਮੁਕਤ ਵਪਾਰ ਸਮਝੌਤੇ 'ਤੇ ਪੰਜਾਬ ਦੇ ਲੋਕਾਂ ਨੂੰ ਸੂਬਾ ਸਰਕਾਰ ਗੁੰਮਰਾਹ ਕਰ ਰਹੀ ਹੈ : ਬਲੀਏਵਾਲ



ਲੁਧਿਆਣਾ, 15 ਫਰਵਰੀ (ਰਵਿੰਦਰ ਸਿੰਘ ਨਿੱਝਰ): ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੂਬਾਈ ਬੁਲਾਰੇ ਪ੍ਰੀਤਪਾਲ ਸਿੰਘ ਬਲੀਏਵਾਲ ਨੇ ਜ਼ਿਲ੍ਹਾ ਭਾਜਪਾ ਦਫ਼ਤਰ ਵਿਖੇ ਭਾਰਤ-ਅਮਰੀਕਾ ਟੈਕਸ-ਮੁਕਤ ਵਪਾਰ ਸਮਝੌਤੇ ਸਬੰਧੀ ਇੱਕ ਪੱਤਰਕਾਰ ਮਿਲਣੀ ਦੌਰਾਨ ਆਪ ਸਰਕਾਰ 'ਤੇ ਜਾਣਬੁੱਝ ਕੇ ਪੰਜਾਬ ਦੇ ਕਿਸਾਨਾਂ ਅਤੇ ਡੇਅਰੀ ਸੈਕਟਰ ਨੂੰ ਸਮਝੌਤੇ ਸਬੰਧੀ ਗੁੰਮਰਾਹ ਕਰਨ ਦਾ ਦੋਸ਼ ਲਗਾਇਆ।

ਉਹਨਾਂ ਸਪੱਸ਼ਟ ਕੀਤਾ ਕਿ ਸੰਵੇਦਨਸ਼ੀਲ ਖੇਤੀਬਾੜੀ ਅਤੇ ਡੇਅਰੀ ਉਤਪਾਦ ਸਮਝੌਤੇ ਵਿੱਚ ਸੁਰੱਖਿਅਤ ਹਨ। ਉਨ੍ਹਾਂ ਭਾਰਤ ਅਤੇ ਅਮਰੀਕਾ ਵਿਚਲੇ ਸਾਂਝੇ ਸਮਝੌਤੇ ਨਾਲ ਸਬੰਧਤ ਦਸਤਾਵੇਜ਼ ਵੀ ਮੀਡੀਆ ਨੂੰ ਪੇਸ਼ ਕੀਤੇ।ਉਨ੍ਹਾਂ ਸਵਾਲ ਕੀਤਾ ਕਿ ਜੇਕਰ ਇਹ ਸਮਝੌਤਾ ਕਿਸਾਨਾਂ ਅਤੇ ਡੇਅਰੀ ਸੈਕਟਰ ਲਈ ਨੁਕਸਾਨਦੇਹ ਹੈ, ਤਾਂ 'ਆਪ' ਮੰਤਰੀ ਸੰਜੀਵ ਅਰੋੜਾ ਅਤੇ ਰਾਜ ਸਭਾ ਮੈਂਬਰ ਰਜਿੰਦਰ ਗੁਪਤਾ ਨੇ ਜਨਤਕ ਤੌਰ 'ਤੇ ਇਸ ਸੌਦੇ ਦੀ ਪ੍ਰਸ਼ੰਸ਼ਾ ਕਿਉਂ ਕੀਤੀ ? ਉਹਨਾਂ 'ਆਪ' ਸਰਕਾਰ ਨੂੰ ਚੁਣੌਤੀ ਦਿੱਤੀ ਕਿ ਉਹ ਪੰਜਾਬ ਦੇ ਖੇਤੀਬਾੜੀ ਜਾਂ ਡੇਅਰੀ ਸੈਕਟਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਿਸੇ ਵੀ ਦਸਤਾਵੇਜ਼ ਨੂੰ ਤੁਰੰਤ ਜਨਤਕ ਕਰੇ।

ਉਨ੍ਹਾਂ ਇਹ ਵੀ ਕਿਹਾ ਕਿ ਇਹ ਸਮਝੌਤਾ ਨਿਵੇਸ਼, ਨਿਰਯਾਤ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਨਵੇਂ ਮੌਕੇ ਖੋਲ੍ਹੇਗਾ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ, ਨਵਲ ਜੈਨ, ਪ੍ਰੈਸ ਸਕੱਤਰ ਡਾ. ਸਤੀਸ਼ ਕੁਮਾਰ,ਰਾਜਨ ਪਾਂਧੇ, ਸੁਰੇਂਦਰ ਕੌਸ਼ਲ, ਸੌਰਵ ਕਪੂਰ ਅਤੇ ਹੋਰ ਅਹੁਦੇਦਾਰ ਵੀ ਇਸ ਮੌਕੇ ਮੌਜੂਦ ਸਨ।

# ਹਲਵਾਰਾ ਹਵਾਈ ਅੱਡੇ ਤੋਂ ਤੁਰੰਤ ਉਡਾਨਾਂ ਸ਼ੁਰੂ ਕੀਤੀਆਂ ਜਾਣ : ਬਿੱਟਾ, ਭਗਤ



ਲੁਧਿਆਣਾ, 15 ਫਰਵਰੀ (ਰਵਿੰਦਰ ਸਿੰਘ ਨਿੱਝਰ): ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਤੇ ਸਾਬਕਾ ਕੌਂਸਲਰ ਕੁਲਦੀਪ ਸਿੰਘ ਬਿੱਟਾ ਅਤੇ ਵਾਰਡ ਨੰਬਰ 41 ਦੇ ਸੇਵਾਦਾਰ ਮਨੀ ਭਗਤ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਹਲਵਾਰਾ ਹਵਾਈ ਅੱਡੇ ਤੋਂ ਤੁਰੰਤ ਦੇਸ਼ ਦੇ ਵੱਡੇ ਸ਼ਹਿਰਾਂ ਅਤੇ ਬਾਕੀ ਦੇਸ਼ਾਂ ਲਈ ਉਡਾਨਾਂ ਸ਼ੁਰੂ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਹਵਾਈ ਅੱਡਾ ਟਰਮੀਨਲ ਹੁਣ ਪੂਰਾ ਹੋ ਗਿਆ ਹੈ। ਸਰਕਾਰ ਨੂੰ ਹਲਵਾਰਾ ਹਵਾਈ ਅੱਡੇ ਤੋਂ ਮੁੰਬਈ, ਪਟਨਾ ਸਾਹਿਬ, ਸ੍ਰੀ ਹਜ਼ੂਰ ਸਾਹਿਬ, ਦਿੱਲੀ, ਅਹਿਮਦਾਬਾਦ, ਜੈਪੁਰ ਅਤੇ ਹੋਰ ਵੱਡੇ ਸ਼ਹਿਰਾਂ ਲਈ ਉਡਾਣਾਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ। ਇਹਨਾਂ ਉਡਾਣਾਂ ਦੇ ਸ਼ੁਰੂ ਹੋਣ ਨਾਲ ਦਿੱਲੀ ਅਤੇ ਮੁੰਬਈ ਸਮੇਤ ਹੋਰ ਵੱਡੇ ਸ਼ਹਿਰਾਂ ਦੇ ਵਪਾਰੀਆਂ ਨੂੰ ਪੰਜਾਬ ਨਾਲ ਵਪਾਰ ਕਰਨਾ ਹੋਰ ਵਧੇਰੇ ਸੌਖਾ ਹੋ ਜਾਵੇਗਾ ਅਤੇ ਪੰਜਾਬ ਦੇ ਵਪਾਰੀਆਂ ਲਈ ਵੀ ਇਹ ਵਪਾਰ ਦੇ ਨਵੇਂ ਰਾਹ ਖੋਲ੍ਹੇਗਾ। ਉਹਨਾਂ ਕਿਹਾ ਕਿ ਸ੍ਰੀ ਹਜ਼ੂਰ ਸਾਹਿਬ ਨਦੇੜ, ਪਟਨਾ ਅਤੇ ਵਾਰਾਣਸੀ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਦਿੱਲੀ ਤੋਂ ਪਵਿੱਤਰ ਸਥਾਨਾਂ ਦੇ ਦਰਸ਼ਨ ਕਰਨ ਲਈ ਉਡਾਨਾਂ ਲੈਂਦੇ ਹਨ। ਹਲਵਾਰਾ ਹਵਾਈ ਅੱਡੇ ਦੇ ਟਰਮੀਨਲ ਦਾ ਉਦਘਾਟਨ 1 ਫਰਵਰੀ ਨੂੰ ਪ੍ਰਧਾਨ ਮੰਤਰੀ ਮੋਦੀ ਦੁਆਰਾ ਕੀਤਾ ਗਿਆ ਸੀ ਪਰ ਉਦਘਾਟਨ ਤੋਂ ਬਾਅਦ ਕੋਈ ਵੀ ਉਡਾਣ ਸ਼ੁਰੂ ਨਹੀਂ ਕੀਤੀ ਗਈ। ਉਨ੍ਹਾਂ ਇਹ ਵੀ ਕਿਹਾ ਕਿ ਹਲਵਾਰਾ ਪੰਜਾਬ ਦੇ ਸਭ ਤੋਂ ਵੱਡੇ ਸ਼ਹਿਰ ਅਤੇ ਵਪਾਰਕ ਕੇਂਦਰ ਲੁਧਿਆਣਾ ਦੀ ਸੇਵਾ ਕਰਨ ਲਈ ਹੈ, ਉਡਾਣਾਂ ਦੀ ਗਿਣਤੀ ਲੁਧਿਆਣਾ ਦੀ ਮਹੱਤਤਾ ਨਾਲ ਨਿਆਂ ਕਰੇ। ਵਰਤਮਾਨ ਵਿੱਚ ਜ਼ਿਆਦਾਤਰ ਯਾਤਰੀ ਦਿੱਲੀ ਅਤੇ ਚੰਡੀਗੜ੍ਹ ਤੋਂ ਭਾਰਤ ਦੇ ਵੱਖ-ਵੱਖ ਹਿੱਸਿਆਂ ਲਈ ਉਡਾਨਾਂ ਲੈਣ ਲਈ ਮਜਬੂਰ ਹਨ, ਜ਼ਿਆਦਾਤਰ ਪ੍ਰਵਾਸੀ ਭਾਰਤੀ ਅਤੇ ਪੰਜਾਬ ਤੋਂ ਭਾਰਤ ਤੋਂ ਬਾਹਰ ਜਾਣ ਵਾਲੇ ਲੋਕ ਨਵੀਂ ਦਿੱਲੀ ਹਵਾਈ ਅੱਡੇ ਤੋਂ ਉਡਾਨਾਂ ਲੈਣ ਲਈ ਮਜਬੂਰ ਹਨ। ਉਹਨਾਂ ਮੰਗ ਕੀਤੀ ਕਿ ਹਲਵਾਰਾ ਹਵਾਈ ਅੱਡੇ ਤੋਂ ਜਲਦੀ ਹੀ ਦੇਸ਼ੀ ਅਤੇ ਵਿਦੇਸ਼ੀ ਉਡਾਨਾਂ ਸ਼ੁਰੂ ਕੀਤੀਆਂ ਜਾਣ, ਜਿਸ ਦਾ ਐਨਆਰਆਈ ਭਰਾਵਾਂ ਨੂੰ ਵੀ ਪੰਜਾਬ ਵਿੱਚ ਬਾਹਰਲੇ ਦੇਸ਼ਾਂ ਤੋਂ ਆਉਣ ਅਤੇ ਪੰਜਾਬ ਤੋਂ ਬਾਹਰਲੇ ਦੇਸ਼ਾਂ ਵਿੱਚ ਜਾਣ ਵੇਲੇ ਵੱਡਾ ਲਾਭ ਪ੍ਰਾਪਤ ਹੋਵੇਗਾ। ਉਹਨਾਂ ਦਾ ਦਿੱਲੀ ਜਾਣ ਦਾ ਖਰਚਾ ਵਾਜ ਜਾਵੇਗਾ। ਕਿਉਂਕਿ ਮੌਜੂਦਾ ਸਮੇਂ ਉਹਨਾਂ ਨੂੰ ਦਿੱਲੀ ਤੋਂ ਉਡਾਨਾਂ ਲੈਣੀਆਂ ਪੈਂਦੀਆਂ ਹਨ।

# ਮਾਘ ਮਹੀਨੇ ਤੋਂ ਚੱਲ ਰਹੀ ਪਾਠਾਂ ਦੀ ਲੜੀ ਸੰਪੰਨ



ਲੁਧਿਆਣਾ, 15 ਫਰਵਰੀ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਬਾਬਾ ਵਿਸ਼ਵਕਰਮਾ ਭਵਨ ਸ਼ਿਮਲਾਪੁਰੀ ਵਿਖੇ ਬੀਬੀ ਭਾਨੀ ਜੀ ਸੁਖਮਨੀ ਸਾਹਿਬ ਸੁਸਾਇਟੀ ਜਥੇ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੰਗਤ ਦੇ ਸਹਿਯੋਗ ਨਾਲ ਮਾਘ ਮਹੀਨੇ ਤੋਂ ਜਾਰੀ ਪਾਠਾਂ ਦੀ ਲੜੀ ਦੀ ਸੰਪੰਨਤਾ ਸ਼ਬਦ ਕੀਰਤਨ ਤੇ ਗੁਰੂ ਵਿਚਾਰਾ ਨਾਲ ਹੋਈ। ਆਰੰਭਤਾ ਮੌਕੇ ਬੀਬੀ ਮਨਪ੍ਰੀਤ ਕੌਰ, ਬੀਬੀ ਸੁਖਵਿੰਦਰ ਕੌਰ ਗੋਲਡੀ ਦੇ ਜੱਥੇ ਨੇ ਕੀਰਤਨ ਰਾਹੀ ਸੰਗਤ ਨੂੰ ਨਿਹਾਲ ਕੀਤਾ। ਅਰਦਾਸ ਉਪਰੰਤ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਬਲਬੀਰ ਸਿੰਘ ਕਲਸੀ, ਹਰਵਿੰਦਰ ਕੌਰ ਯੂਗਾਡਾ ਅਤੇ ਪ੍ਰਬੰਧਕ ਕਮੇਟੀ ਵੱਲੋਂ ਸੁਖਮਨੀ ਸਾਹਿਬ ਸੁਸਾਇਟੀ ਦੀਆ ਸੇਵਾ ਨਿਭਾਅ ਰਹੀਆ ਬੀਬੀਆਂ ਨੂੰ ਸਿਰੋਪਾਓ ਭੇਟ ਕੀਤੇ ਗਏ ਤੇ ਗੁਰੂ ਘਰ ਵਿਖੇ ਪਹੁੰਚਣ 'ਤੇ ਸੰਗਤ ਤੇ ਜਥਿਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਬੀਬੀ ਹਰਪਾਲ ਕੌਰ, ਮਹਿੰਦਰ ਕੌਰ, ਕਰਮਜੀਤ ਕੌਰ, ਕੁਲਦੀਪ ਕੌਰ, ਜਸਬੀਰ ਕੌਰ, ਗੁਰਮੀਤ ਕੌਰ, ਹਰਪ੍ਰੀਤ ਕੌਰ, ਸ਼ਰਨਜੀਤ ਕੌਰ, ਮਨਮੀਤ ਕੌਰ, ਬਿੰਦਰ ਕੌਰ, ਭਿੰਦਰ ਕੌਰ, ਤੋਂ ਇਲਾਵਾ ਇਲਾਕੇ ਦੀ ਵੱਡੀ ਗਿਣਤੀ ਸੰਗਤ ਨੇ ਹਾਜ਼ਰੀ ਭਰੀ।

# ਆਰਜੀ ਹਸਪਤਾਲ ਵਿੱਚ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੀ ਮੁਫ਼ਤ ਜਾਂਚ ਸ਼ੁਰੂ



ਲੁਧਿਆਣਾ, 15 ਫਰਵਰੀ (ਰਵਿੰਦਰ ਸਿੰਘ ਨਿੱਝਰ): ਆਰਜੀ ਹਸਪਤਾਲ, ਫ਼ਿਰੋਜ਼ਪੁਰ ਰੋਡ, ਲੁਧਿਆਣਾ ਮਿਸ਼ਨ ਸਵਸਥ ਕਵਚ ਦਾ ਹਿੱਸਾ ਬਣ ਗਿਆ ਹੈ। ਮਿਸ਼ਨ ਸਵਸਥ ਕਵਚ ਇਕ ਜਨ ਸਿਹਤ ਜਾਗਰੂਕਤਾ ਮੁਹਿੰਮ ਹੈ, ਜਿਸ ਦਾ ਮਕਸਦ ਨਿਯਮਤ ਸਿਹਤ - ਜਾਂਚ ਰਾਹੀਂ ਬਿਮਾਰੀਆਂ ਦਾ ਜਲਦੀ ਪਤਾ ਲਗਾਉਣ ਲਈ ਲੋਕਾਂ ਨੂੰ ਪ੍ਰੇਰਿਤ ਕਰਨਾ ਹੈ। ਇਸ ਮੁਹਿੰਮ ਦਾ ਉਦਘਾਟਨ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਅਤੇ ਡਾ. ਬਿਸ਼ਵ ਮੋਹਨ ਨੇ ਕੀਤਾ।ਇਸ ਮੌਕੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਇਸ ਮੁਹਿੰਮ ਨੂੰ ਤੰਦਰੁਸਤ ਅਤੇ ਮਜ਼ਬੂਤ

ਲੁਧਿਆਣਾ ਲਈ ਲੋਕਾਂ ਵੱਲੋਂ ਚਲਾਇਆ ਜਾਣ ਵਾਲਾ ਅੰਦੋਲਨ ਕਰਾਰ ਦਿੱਤਾ ਅਤੇ ਪ੍ਰਸ਼ਾਸਨ-ਅਕਾਦਮਿਕ-ਸਿਹਤ ਸਾਂਝ ਨੂੰ ਸਰਾਹਿਆ। ਉਨ੍ਹਾਂ ਕਿਹਾ ਕਿ ਹੁਣ ਇਸ ਮੁਹਿੰਮ ਨਾਲ ਜੁੜਦੇ ਹੋਏ ਆਰਜੀ ਹਸਪਤਾਲ, ਲੁਧਿਆਣਾ ਨੇ ਆਪਣੇ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਅਤੇ ਉਨ੍ਹਾਂ ਦੇ ਸਾਥੀਆਂ ਲਈ ਮੁਫ਼ਤ ਬਲੱਡ ਪ੍ਰੈਸ਼ਰ ਜਾਂਚ ਕਾਊਂਟਰ ਸਥਾਪਿਤ ਕੀਤਾ ਹੈ ਤਾਂ ਕਿ ਇਹ ਪਹਿਚਾਣ ਕੀਤੀ ਜਾ ਸਕੇ ਕਿ ਕਿਸ ਕਿਸ ਵਿਅਕਤੀ ਦਾ ਬਲੱਡ ਪ੍ਰੈਸ਼ਰ ਜਰੂਰਤ ਤੋਂ ਵੱਧ ਹੈ ਅਤੇ ਉਨ੍ਹਾਂ ਨੂੰ ਸਮੇਂ ਸਿਰ ਡਾਕਟਰੀ ਜਾਂਚ ਲਈ ਸਲਾਹ ਦਿੱਤੀ ਜਾ ਸਕੇ। ਇਸ ਮੌਕੇ ਹਸਪਤਾਲ ਦੇ ਮੈਡੀਕਲ ਡਾਇਰੈਕਟਰ ਡਾ. ਰਾਜਿੰਦਰ ਬੰਸਲ ਨੇ ਕਿਹਾ ਕਿ ਹਾਈ ਬਲੱਡ ਪ੍ਰੈਸ਼ਰ ਇਕ ਮਹਾਂਮਾਰੀ ਹੈ। ਇਹ ਬਿਮਾਰੀ ਅਕਸਰ ਬਿਨਾਂ ਕਿਸੇ ਲੱਛਣ ਦੇ ਹੁੰਦੀ ਹੈ, ਜਦੋਂ ਇਹ ਦਿਲ ਦੇ ਦੌਰੇ ਜਾਂ ਸਟ੍ਰੋਕ ਦਾ ਕਾਰਨ ਬਣਦੀ ਹੈ, ਉਦੋਂ ਇਸ ਦੀ ਪਛਾਣ ਹੁੰਦੀ ਹੈ। ਰੋਜ਼ਾਨਾ ਦੀ ਟੈਨਸ਼ਨ, ਲੰਬੇ ਸਮੇਂ ਦਾ ਤਣਾਅ, ਵੱਧ ਨਮਕ ਵਾਲਾ ਖਾਣਾ, ਘੱਟ ਹਿੱਲਜੁਲ ਵਾਲੀ ਜੀਵਨਸ਼ੈਲੀ ਅਤੇ ਪਰਿਵਾਰਕ ਕਾਰਨਾਂ ਕਰਕੇ ਇਹ ਖਤਰਾ ਹੌਲੇ-ਹੌਲੇ ਵਧਦਾ ਰਹਿੰਦਾ ਹੈ ਅਤੇ ਸਾਲਾਂ ਤੱਕ ਨਸਾਂ ਨੂੰ ਕਮਜ਼ੋਰ ਕਰਦਾ ਰਹਿੰਦਾ ਹੈ। ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀ.ਈ.ਓ. ਅਵਿਨਾਸ਼ ਓਝਾ ਨੇ ਕਿਹਾ ਕਿ ਆਸਾਨ ਜਾਂਚ ਅਤੇ ਮਾਹਿਰ ਡਾਕਟਰਾਂ ਦੀ ਸਲਾਹ ਦੇ ਕੇ ਆਰਜੀ ਹਸਪਤਾਲ, ਲੁਧਿਆਣਾ ਵਿਚ ਲੋਕਾਂ ਵਿਚ ਸਿਹਤ ਜਾਗਰੂਕਤਾ ਵਧਾਉਣ ਅਤੇ ਬਚਾਅਕਾਰੀ ਸਿਹਤ ਸੇਵਾਵਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ।

# ਪ੍ਰੋ: ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਨਾ ਕਰਨਾ ਭਾਜਪਾ ਦਾ ਸਿੱਖਾਂ ਪ੍ਰਤੀ ਮਾੜੇ ਨਜ਼ਰੀਏ ਦਾ ਨਤੀਜਾ : ਅਰੋੜਾ



ਲੁਧਿਆਣਾ, 15 ਫਰਵਰੀ (ਰਵਿੰਦਰ ਸਿੰਘ ਨਿੱਝਰ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ, ਮਾਈ ਭਾਗੋ ਸੇਵਾ ਸੁਸਾਇਟੀ ਦੇ ਪ੍ਰਧਾਨ ਤੇ ਉੱਘੇ ਸਮਾਜ ਸੇਵਕ ਜਗਜੀਤ ਸਿੰਘ ਅਰੋੜਾ ਨੇ ਆਖਿਆ ਹੈ, ਕਿ ਹਾਲ ਹੀ ਵਿੱਚ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਨੂੰ ਦਿੱਲੀ ਵਿਖੇ ਕਮੇਟੀ ਵੱਲੋਂ ਮੁੜ ਰੱਦ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਇਹ ਬਹੁਤ ਹੀ ਮੰਦਭਾਗੀ ਗੱਲ ਹੈ। ਦਿੱਲੀ ਵਿੱਚ ਅਤੇ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਹੋਣ ਦੇ ਬਾਵਜੂਦ ਇਸ ਰਿਹਾਈ ਦਾ ਰੱਦ ਹੋਣਾ ਇਹ ਸਿੱਧ ਕਰਦਾ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਦਿਲ ਵਿੱਚ ਸਿੱਖਾਂ ਪ੍ਰਤੀ ਨਫਰਤ ਦਾ ਜ਼ਹਿਰ ਭਰਿਆ ਹੋਇਆ ਹੈ। ਉਹਨਾਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਅਜਿਹਾ ਹੀ ਹੁੰਦਾ ਆ ਰਿਹਾ ਹੈ। ਪਹਿਲਾਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸੀ ਅਤੇ ਉਸ ਵੇਲੇ ਵੀ ਉਦੋਂ ਦੀ ਕਮੇਟੀ ਨੇ ਇਸ ਰਿਹਾਈ ਨੂੰ ਰੱਦ ਕਰਕੇ ਸਿੱਧ ਕਰ ਦਿੱਤਾ ਸੀ ਕਿ ਆਮ ਆਦਮੀ ਪਾਰਟੀ ਸਿੱਖਾਂ ਦੀ ਦੁਸ਼ਮਣ ਹੈ। ਉਹਨਾਂ ਕਿਹਾ ਕਿ ਭਾਜਪਾ ਆਮ ਆਦਮੀ ਪਾਰਟੀ ਅਤੇ ਕਾਂਗਰਸ ਸਿੱਖਾਂ ਪ੍ਰਤੀ ਹੇਜ ਦਾ ਝੂਠਾ ਦਿਖਾਵਾ ਕਰਕੇ ਸਿੱਖ ਕੌਮ ਨੂੰ ਗੁੰਮਰਾਹ ਕਰ ਰਹੀਆਂ ਹਨ। ਇਹਨਾਂ ਤੋਂ ਸਮੂਹ ਸਿੱਖ ਕੌਮ ਨੂੰ ਬਚਣ ਦੀ ਲੋੜ ਹੈ। ਉਹਨਾਂ ਕਿਹਾ ਕਿ ਇਹ ਸਜਾਵਾਂ ਪੂਰੇ ਕਰ ਪੂਰੀਆਂ ਕਰ ਚੁੱਕੇ ਸਿੰਘਾਂ ਦੀ ਰਿਹਾਈ ਨਾ ਕਰਨਾ ਪੂਰੇ ਸੰਸਾਰ ਵਿੱਚ ਵੱਸਦੇ ਸਿੱਖਾਂ ਵਿੱਚ ਭਾਰਤ ਦੀਆਂ ਸਰਕਾਰਾਂ ਪ੍ਰਤੀ ਗੁੱਸੇ ਦੀ ਭਾਵਨਾ ਪੈਦਾ ਕਰਨ ਦਾ ਕਾਰਣ ਬਣ ਰਿਹਾ ਹੈ। ਉਹਨਾਂ ਕਿਹਾ ਕਿ 2027 ਦੀਆਂ ਆਉਣ ਵਾਲੀਆਂ ਚੋਣਾਂ ਵਿੱਚ ਭਾਜਪਾ ਦੇ ਉਮੀਦਵਾਰਾਂ ਦੀਆਂ ਪਹਿਲਾਂ ਵਾਂਗੂੰ ਜਮਾਨਤਾਂ ਜਬਤ ਹੋਣਗੀਆਂ। ਕਿਉਂਕਿ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਭਾਜਪਾ ਪੰਜਾਬ ਦੀ ਹਿਤੈਸ਼ੀ ਨਹੀਂ ਹੈ। ਇਹ ਸਿਰਫ ਹਿਤੈਸ਼ੀ ਹੋਣ ਦਾ ਦਿਖਾਵਾ ਕਰ ਰਹੀ ਹੈ।

# ਇੰਦਰਜੀਤ ਕੌਰ ਮੱਕੜ ਦੇ ਅੰਤਿਮ ਸੰਸਕਾਰ ਮੌਕੇ ਪੁੱਜੇ ਵੱਖ-ਵੱਖ ਜਥੇਬੰਦੀਆਂ ਦੇ ਆਗੂ



ਲੁਧਿਆਣਾ, 15 ਫਰਵਰੀ (ਰਵਿੰਦਰ ਸਿੰਘ ਨਿੱਝਰ): ਸ਼ਹਿਰ ਦੇ ਉੱਘੇ ਕੱਪੜਾ ਕਾਰੋਬਾਰੀ ਤੇ ਵਪਾਰੀ ਆਗੂ ਸੁਰਿੰਦਰ ਸਿੰਘ ਮੱਕੜ, ਸੁਰਜੀਤ ਸਿੰਘ ਮੱਕੜ ਅਤੇ ਦਲਜੀਤ ਸਿੰਘ ਮੱਕੜ ਨੂੰ ਉਸ ਵੇਲੇ ਗਹਿਰਾ ਸਦਮਾ ਪਹੁੰਚਿਆ, ਜਦੋਂ ਉਹਨਾਂ ਦੇ ਮਾਤਾ ਜੀ ਇੰਦਰਜੀਤ ਕੌਰ ਮੱਕੜ ਅਕਾਲ ਚਲਾਣਾ ਕਰ ਗਏ। ਮਾਤਾ ਜੀ ਦਾ ਅੰਤਿਮ ਸਸਕਾਰ ਮਾਡਲ ਟਾਊਨ ਐਕਸਟੈਨਸ਼ਨ ਵਿਚਲੇ ਸ਼ਮਸ਼ਾਨ ਘਾਟ ਵਿੱਚ ਕਰ ਦਿੱਤਾ ਗਿਆ। ਉਹਨਾਂ ਦੀ ਚਿਖਾ ਨੂੰ ਅਗਨੀ ਉਹਨਾਂ ਦੇ ਪੁੱਤਰਾਂ ਨੇ ਦਿਖਾਈ। ਇਸ ਮੌਕੇ ਸ਼ਹਿਰ ਦੇ ਅਨੇਕਾਂ ਸਿਆਸੀ ਅਤੇ ਗੈਰ ਸਿਆਸੀ ਸੰਸਥਾਵਾਂ ਦੇ ਅਹੁਦੇਦਾਰਾਂ ਨੇ ਸੇਜਲ ਅੱਖਾਂ ਨਾਲ ਮਾਤਾ ਜੀ ਨੂੰ ਅੰਤਿਮ ਵਿਦਾਇਗੀ ਦਿੱਤੀ।ਇਸ ਮੌਕੇ ਐਡਵੋਕੇਟ ਹਰੀਸ਼ ਰਾਏ ਢਾਂਡਾ, ਬਾਬਾ ਅਜੀਤ ਸਿੰਘ, ਇੰਦਰ ਸਿੰਘ ਕਰੀਰ ਸੇਵਾ ਮੁਕਤ ਅਸਿਸਟੈਂਟ ਕਮਿਸ਼ਨਰ, ਡਾ ਸੁਖਦੇਵ, ਅਮਰੀਕ ਸਿੰਘ ਬੌਬੀ, ਜਸਪਾਲ ਸਿੰਘ ਸ਼ਹਿਜਾਦਾ, ਦਲਜੀਤ ਸਿੰਘ ਟੱਕਰ, ਅਰਵਿੰਦਰ ਸਿੰਘ ਮੱਕੜ, ਬਿੰਟਾ ਚਾਵਲਾ, ਗੁਰ ਕਿਰਪਾਲ ਸਿੰਘ ਪਾਲੀ, ਰਜਿੰਦਰ ਸਿੰਘ ਹੀਰਾ, ਪਾਲ ਸਿੰਘ ਖੁਰਾਣਾ, ਅਮਰਜੀਤ ਸਿੰਘ ਹੈਪੀ, ਗਗਨ ਚੋਪੜਾ, ਗੁਰਿੰਦਰ ਸਿੰਘ ਜੌਲੀ ਅਤੇ ਅਰਵਿੰਦਰ ਸਿੰਘ ਟੋਨੀ ਆਦਿ ਵੀ ਹਾਜ਼ਰ ਸਨ।

# ਮਹਾਂਸ਼ਿਵਰਾਤਰੀ ਮੌਕੇ, ਚੱਲ ਰਿਹਾ ਅਖੰਡ ਮਹਾਂਯੱਗ ਅਧਿਆਤਮਿਕਤਾ ਅਤੇ ਦੇਸ਼ ਭਗਤੀ ਨਾਲ ਭਰਪੂਰ

## ਚਰਨਜੀਤ ਸਿੰਘ ਚੰਨੀ ਆਪਣੇ ਪਰਿਵਾਰ ਸਮੇਤ ਅਖੰਡ ਮਹਾਂਯੱਗ ਵਿੱਚ ਭੇਟ ਚੜ੍ਹਾਉਣਗੇ



ਲੁਧਿਆਣਾ, 15 ਫਰਵਰੀ (ਕਰਨੈਲ ਸਿੰਘ ਐੱਮ.ਏ.) : ਅਖੰਡ ਮਹਾਂਯੱਗ ਦੇ ਪੰਜਵੇਂ ਦਿਨ, ਸਵੇਰੇ 8 ਵਜੇ ਭਗਵਾਨ ਸ਼ਿਵ ਦੇ ਸ਼ਿਵਲਿੰਗ ਰੂਪ ਦੀ ਪੂਜਾ ਕੀਤੀ ਗਈ। ਮਹੰਤ ਪ੍ਰਵੀਨ ਚੌਧਰੀ ਨੇ ਪਹਿਲਾਂ ਸ਼ਿਵਲਿੰਗ ਨੂੰ ਗੰਗਾ ਜਲ, ਦੁੱਧ ਅਤੇ ਦਹੀਂ ਨਾਲ ਇਸ਼ਨਾਨ ਕਰਵਾਇਆ, ਅਤੇ ਫਿਰ ਬੇਲ ਪੱਤਰ (ਲੱਕੜੀ ਦੇ ਸੇਬ ਦੇ ਪੱਤੇ), ਚੰਦਨ ਅਤੇ ਸ਼ਹਿਦ ਨਾਲ ਪੂਜਾ ਕੀਤੀ। ਭੀੜ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ, ਮਹੰਤ ਪ੍ਰਵੀਨ ਚੌਧਰੀ ਨੇ ਸ਼ਿਵਰਾਤਰੀ ਦੀ ਮਹੱਤਤਾ, ਪੂਜਾ ਅਤੇ ਵਰਤ ਦੇ ਲਾਭਾਂ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਸ਼ਿਵਰਾਤਰੀ ਸਿਰਫ਼ ਇੱਕ ਧਾਰਮਿਕ ਤਿਉਹਾਰ ਨਹੀਂ ਹੈ, ਬਲਕਿ ਸਨਾਤਨ ਧਰਮ ਦੇ ਪੈਰੋਕਾਰਾਂ ਲਈ ਆਤਮ-ਨਿਰੀਖਣ ਅਤੇ ਵਿਸ਼ਵਾਸ ਦਾ ਮੌਕਾ ਹੈ। ਅੱਜ, ਸ਼ਰਧਾਲੂ ਸ਼ਿਵ ਪੂਜਾ ਰਾਹੀਂ ਆਪਣੇ ਜੀਵਨ ਵਿੱਚ ਸੰਤੁਲਨ ਅਤੇ ਸ਼ਾਂਤੀ ਦਾ ਅਨੁਭਵ ਕਰਦੇ ਹਨ। ਸ਼ਾਮ ਦੇ ਭਜਨ ਸਮਾਗਮ ਵਿੱਚ, ਭਜਨ ਗਾਇਕ ਕੁਮਾਰ ਸੰਜੀਵ ਨੇ ਭਗਵਾਨ ਸ਼ਿਵ ਦੇ ਭਜਨ ਅਤੇ ਰਾਸ਼ਟਰੀ ਗੀਤ ਪੇਸ਼ ਕੀਤੇ। ਬਗਲਾਮੁਖੀ ਧਾਮ ਸਥਿਤ ਮਾਂ ਅੰਨਪੂਰਨਾ ਰਸੋਈ ਵਿਖੇ ਸ਼ਿਵਰਾਤਰੀ 'ਤੇ ਵਰਤ ਰੱਖਣ ਵਾਲੇ ਸ਼ਰਧਾਲੂਆਂ ਲਈ ਭੋਜਨ ਭੇਟਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਮਹੰਤ ਪ੍ਰਵੀਨ ਚੌਧਰੀ ਦੀ ਅਗਵਾਈ ਹੇਠ ਆਯੋਜਿਤ ਅਖੰਡ ਯੱਗ ਬਾਰੇ ਬੋਲਦਿਆਂ, ਮੁੱਖ ਸੇਵਕ ਮਨਪ੍ਰੀਤ ਛੱਤਵਾਲ ਨੇ ਕਿਹਾ ਕਿ ਯੱਗ ਭਾਰਤੀ ਸੱਭਿਆਚਾਰ ਦੀ ਇੱਕ ਪਛਾਣ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅਖੰਡ ਯੱਗ ਕਰਨ ਲਈ ਧਾਮ ਤੋਂ ਸੱਦਾ ਸਵੀਕਾਰ ਕਰ ਲਿਆ ਹੈ ਅਤੇ ਆਪਣੇ ਪਰਿਵਾਰ ਨਾਲ ਯੱਗ ਕਰਨ ਨੂੰ ਆਪਣਾ ਸੁਭਾਗ ਦੱਸਿਆ ਹੈ। ਇਸ ਮੌਕੇ ਵਲੰਟੀਅਰ ਨਵਜੋਤ ਛਤਵਾਲ, ਕਰਨ ਸ਼ਾਂਡਿਲਿਆ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਮੋਹਿਤ ਸੂਦ, ਪ੍ਰਸ਼ੋਤਮ ਚੌਧਰੀ, ਰਾਣਾ ਰਣਜੀਤ ਸਿੰਘ, ਸੁਧੀਰ ਮਹਾਜਨ, ਗੌਰਵ ਕਾਲੀਆ, ਜਤਿਨ ਸੂਦ, ਸੰਦੀਪ ਸੂਦ, ਸੁਨੀਲ ਹਾਂਡਾ, ਨਰਿੰਦਰ ਸਿੰਗਲਾ, ਇਕਬਾਲ ਸਿੰਘ, ਬਲਜੀਤ ਸਿੰਘ ਸਿੰਘਲਾ, ਅਨੁਕੁਸ਼ ਤਾਰਿਕਾ, ਡਾ: ਨਰਿੰਦਰ ਮਹਾਜਨ, ਤਰੁਣ ਚੌਧਰੀ, ਚੇਤਨ ਟੰਡਨ, ਸਾਹਿਲ ਸਿੰਗਲਾ, ਰਾਜ ਸੋਲੰਕੀ, ਪੰਕਜ ਗੁਪਤਾ, ਦੀਪਕ ਗਰਗ, ਦਿਨੇਸ਼ ਰੱਲੀ, ਵਰੁਣ ਜੈਨ, ਮਨੀਸ਼ ਗੁਪਤਾ, ਵਿਜੇ ਗੁਪਤਾ, ਰਮਨ ਸ਼ਰਮਾ, ਅਦਿੱਤਿਆ ਗੁਪਤਾ, ਵਰੁਣ ਚੋਪੜਾ, ਬਲਜੀਤ ਤਾਰਿਕਾ, ਤੁਸ਼ਾਰ ਬਾਂਸਲ, ਧੀਰਜ ਜਨਾਬ, ਧੀਰਜ ਜਨਾਬ, ਧੀਰਜ ਜਨਾਬ, ਡਾ: ਰਾਕੇਸ਼ ਪਾਸੀ, ਗੁਨੀਤ ਖੇੜਾ, ਅਜੈ ਜੈਨ, ਰਵਿੰਦਰ ਸਿੰਘ ਵਾਲੀਆ, ਤੇਜਿੰਦਰ ਮਿਗਲਾਨੀ, ਵਰੁਣ ਦੱਤ ਨੇ ਵਿਸ਼ੇਸ਼ ਤੌਰ 'ਤੇ ਦੇਸ਼-ਵਿਦੇਸ਼ ਤੋਂ ਆਏ ਸ਼ਰਧਾਲੂਆਂ ਲਈ ਖਾਣ-ਪੀਣ ਅਤੇ ਆਰਾਮ ਕਰਨ ਦਾ ਪ੍ਰਬੰਧ ਕੀਤਾ । ਹੋਰਨਾਂ ਸਮੇਤ ਹੋਰਨਾਂ ਨੇ ਵੀ ਯੱਗ ਸਥਾਨ 'ਤੇ ਸੇਵਾ ਕਰਕੇ ਪੁੰਨ ਕਮਾਇਆ।

**ਸ਼ਰਧਾਲੂ ਰੋਜ਼ਾਨਾ ਖੂਨਦਾਨ ਕਰਕੇ ਮਨੁੱਖਤਾ ਦੀ ਸੇਵਾ ਕਰ ਰਹੇ ਹਨ** : ਮਾਂ ਬਗਲਾਮੁਖੀ ਧਾਮ ਦੇ ਮੁੱਖ ਸੇਵਾਦਾਰ ਮਨਪ੍ਰੀਤ ਛੱਤਵਾਲ ਨੇ ਯੱਗ ਸਥਾਨ 'ਤੇ ਸੇਵਾ ਸਿਮਰਨ ਦੇ ਨਾਲ-ਨਾਲ ਮਨੁੱਖਤਾ ਦੀ ਸੇਵਾ ਲਈ ਸਮਰਪਿਤ ਖੂਨਦਾਨ ਕੈਂਪ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਅਖੰਡ ਯੱਗ ਸਥਾਨ 'ਤੇ ਖੂਨਦਾਨ ਵੀ ਜਾਰੀ ਹੈ। ਸ਼ਰਧਾਲੂ ਖੂਨਦਾਨ ਕੈਂਪ 'ਤੇ ਰੋਜ਼ਾਨਾ ਖੂਨਦਾਨ ਕਰ ਰਹੇ ਹਨ ਅਤੇ ਸੇਵਾ ਯੱਗ ਦੌਰਾਨ ਅਧਿਆਤਮਿਕ ਗੀਤ ਗਾ ਰਹੇ ਹਨ।

# ਪੰਜਵੀਂ ਬਰਸੀ 'ਤੇ ਵਿਸ਼ੇਸ਼

# ਸਤਬੀਰ ਨੂੰ ਯਾਦ ਰੱਖਣਾ ਸਾਡੇ ਲਈ ਉਸਦੀ ਪ੍ਰੇਰਨਾ ਅਤੇ ਰੌਸ਼ਨੀ ਦਾ ਸਰੋਤ

## ਉਸਦੀ ਯਾਦ ਹਮੇਸ਼ਾ ਸਾਡੇ ਦਿਲਾਂ ਦੇ ਕਰੀਬ ਰਹੇਗੀ 'ਯਾਰਾਂ ਦਾ ਯਾਰ ਸੀ ਸਤਬੀਰ ਸਿੰਘ ਦਰਦੀ'



ਚੜ੍ਹਦੀਕਲਾ ਗਰੁੱਪ ਦੇ ਚੇਅਰਮੈਨ ਪਦਮ ਸ਼੍ਰੀ ਜਗਜੀਤ ਸਿੰਘ ਦਰਦੀ ਸਾਹਿਬ ਦੇ ਸਪੁੱਤਰ, ਚੜ੍ਹਦੀਕਲਾ ਟਾਈਮ ਟੀ ਵੀ ਦੇ ਫਾਊਂਡਰ ਡਾਇਰੈਕਟਰ, ਵਿਸ਼ਵ ਪ੍ਰਸਿੱਧ ਪੱਤਰਕਾਰ, ਪੰਥਸੇਵਕ, ਸਮਾਜ ਸੇਵੀ ਅਤੇ ਅਦੁੱਤੀ ਸ਼ਖ਼ਸੀਅਤ ਦੇ ਮਾਲਕ ਸ.ਸਤਬੀਰ ਸਿੰਘ ਦਰਦੀ ਜੋ ਕਿ 16 ਫਰਵਰੀ, 2021 ਨੂੰ ਸਾਨੂੰ ਸਾਰਿਆਂ ਨੂੰ ਛੱਡ ਕੇ ਉਸ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ, ਉਹਨਾਂ ਦੀ ਪੰਜਵੀਂ ਬਰਸੀ (16 ਫਰਵਰੀ ) ਦਾ ਦਿਨ ਯਾਦ ਆਇਆ ਤਾਂ ਉਸ ਪੂਰੀ ਰਾਤ ਨੀਂਦ ਨਹੀਂ ਆਈ, ਉਹ ਪਿਆਰੀ ਜਿਹੀ ਸੂਰਤ ਅੱਖਾਂ ਸਾਹਮਣੇ ਘੁੰਮਣ ਲੱਗੀ, ਬਹੁਤ ਕੋਸ਼ਿਸ਼ ਕੀਤੀ ਪਰ ਉਹਨਾਂ ਨਾਲ ਬਿਤਾਏ ਇੱਕ-ਇੱਕ ਪਲ ਯਾਦ ਆਉਣ ਲੱਗੇ। ਉਹਨਾਂ ਨਾਲ ਜੋ ਮੇਰਾ ਰਿਸ਼ਤਾ ਸੀ, ਉਨ੍ਹਾਂ ਬਾਰੇ ਬਿਆਨ ਨਹੀਂ ਕਰ ਸਕਦਾ। ਹਮੇਸ਼ਾ ਇਸ ਤਰ੍ਹਾਂ ਮਿਲਦੇ ਅਤੇ ਗੱਲਬਾਤ ਕਰਦੇ ਸਨ, ਜਿਸ ਤਰ੍ਹਾਂ ਪਤਾ ਨਹੀਂ ਕੋਈ ਪਿਛਲੇ ਜਨਮ ਦਾ ਸਬੰਧ ਉਹਨਾਂ ਨਾਲ ਰਿਹਾ ਹੋਵੇ। ਉਨ੍ਹਾਂ ਨੇ ਹਮੇਸ਼ਾ ਦੂਜਿਆਂ ਦੇ ਚਿਹਰੇ 'ਤੇ ਖੁਸ਼ੀ ਦੇਖਣੀ ਚਾਹੀ ਹਮੇਸ਼ਾ ਉਨ੍ਹਾਂ ਨੇ ਦੂਜਿਆਂ ਨਾਲ ਕੁਮਿਟਮੈਂਟ, ਇਮਾਨਦਾਰੀ ਅਤੇ ਉਚਿਤ ਦੀ ਮਿਸਾਲ ਕਾਇਮ ਕੀਤੀ, ਉਸਦੀ ਯਾਦ ਨੂੰ ਸਦਾ ਯਾਦ ਕਰਨਾ ਸਾਡੇ ਲਈ ਇਕ ਸੰਦੇਸ਼ ਹੈ, ਉਨ੍ਹਾਂ ਨੂੰ ਯਾਦ ਕਰਕੇ ਅਸੀਂ ਉਨ੍ਹਾਂ ਦੇ ਉਤਪੰਨ ਜੀਵਨ ਅਤੇ ਸਿੱਖਿਆਵਾਂ ਨੂੰ ਆਪਣੇ ਜੀਵਨ ਵਿਚ ਅੰਮ੍ਰਿਤ ਰੂਪ ਵਿੱਚ ਲਾਗੂ ਕਰ ਸਕਦੇ ਹਾਂ! ਸਤਬੀਰ ਨੂੰ ਯਾਦ ਕਰਨਾ ਸਿੱਖਿਆ ਅਤੇ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਕਰਨਾ ਸਾਡੇ ਵਿਚਾਰ ਦਾ ਮੂਲ ਹੈ ਜੋ ਸਾਡੇ ਅਨੁਭਵ ਨੂੰ ਮਹਿਸੂਸ ਕਰਨ ਦੇ ਤਰੀਕੇ ਨੂੰ ਸੁਧਾਰਦਾ ਹੈ ਅਤੇ ਸਾਡੇ ਜੀਵਨ ਨੂੰ ਸੁੰਦਰ ਬਣਾਉਂਦਾ ਹੈ ! ਸਤਬੀਰ ਸਿੰਘ ਦਰਦੀ ਬਹੁਤ ਹੀ ਮਿਲਾਪੜੇ ਅਤੇ ਧਰਤੀ ਨਾਲ ਜੁੜੇ ਹੋਏ ਇਨਸਾਨ ਹੀ ਨਹੀਂ ਸਗੋਂ ਦੇਵਤਾ ਰੂਪੀ ਇਨਸਾਨ ਸਨ। ਉਹਨਾਂ ਨੇ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਖੇਤਰ ਵਿੱਚ ਮੀਡੀਆ ਰਾਹੀਂ ਬਹੁਤ ਯੋਗਦਾਨ ਪਾਇਆ। ਉਹਨਾਂ ਵਿੱਚ ਕੰਮ ਕਰਨ ਦੀ ਕਾਬਲੀਅਤ ਅਤੇ ਸਟਾਫ਼ ਨਾਲ ਮਿਲਵਰਤਨ ਇੱਕ ਪਰਿਵਾਰ ਦੀ ਤਰ੍ਹਾਂ ਸੀ। ਉਹਨਾਂ ਨਾਲ ਕੰਮ ਕਰਨ ਦਾ ਮੈਨੂੰ ਕੋਈ 12 ਸਾਲ ਦਾ ਸਮਾਂ ਮਿਲਿਆ, ਜਿਸ ਦੌਰਾਨ ਸਤਬੀਰ ਜੀ ਨੇ ਮੈਨੂੰ ਹਮੇਸ਼ਾ ਆਪਣੇ ਇੱਕ ਭਰਾ ਦਾ ਪਿਆਰ ਦਿੱਤਾ। ਉਹ ਆਪਣੇ ਇਸ ਕਾਰੋਬਾਰ ਨੂੰ ਵਧੀਆ ਤਰੀਕੇ ਨਾਲ ਕਰਨ ਲਈ ਬਹੁਤ ਮਿਹਨਤ ਕਰਦੇ ਸਨ ਅਤੇ ਹਮੇਸ਼ਾ ਫ਼ੋਨ ਕਰਕੇ ਗੱਲਬਾਤ ਕਰਦੇ ਰਹਿੰਦੇ ਸਨ ਅਤੇ ਮੈਨੂੰ ਵੀ ਇਸ ਪੱਤਰਕਾਰੀ ਦੇ ਖੇਤਰ ਵਿੱਚ ਕਾਮਯਾਬ ਕਰਨ ਲਈ ਉਹਨਾਂ ਨੇ ਮੇਰੀ ਐਕਰੀਡੇਸ਼ਨ ਕਰਵਾਕੇ ਪੱਤਰਕਾਰੀ ਵਿੱਚ ਅੱਗੇ ਵਧਣ ਦਾ ਮੌਕਾ ਪ੍ਰਦਾਨ ਕੀਤਾ। ਮੈਂ ਇੱਕ ਘਟਨਾ ਦਾ ਜ਼ਿਕਰ ਜ਼ਰੂਰ ਕਰਨਾ ਚਾਹੁੰਦਾ ਹਾਂ ਜੋ ਕਿ ਮੈਂ ਹਰ ਆਪਣੇ ਸਤਬੀਰ ਦੇ ਆਰਟੀਕਲ ਵਿਚ ਕਰਦਾ ਹਾਂ, ਜੋ ਮੇਰੇ ਦਿਲ ਵਿੱਚ ਰਹਿੰਦੀ ਹੈ ਅਤੇ ਜਦੋਂ ਤੱਕ ਮੇਰੀ ਜ਼ਿੰਦਗੀ ਹੈ, ਉਹ ਕਦੇ ਵੀ ਨਹੀਂ ਭੁਲੇਗੀ, ਸਤਬੀਰ ਜੀ ਦੇ ਜਾਣ ਤੋਂ ਇਕ ਹਫ਼ਤਾ ਪਹਿਲਾ ਉਹਨਾਂ ਨੇ ਮੈਨੂੰ ਫ਼ੋਨ ਕਰ ਕੇ ਬੁਲਾਇਆ ਕਿ ਆਪਾਂ ਚੈਨਲ ਦੇ ਇੱਕ ਪ੍ਰੋਗਰਾਮ ਬਾਰੇ ਸਲਾਹ ਕਰਨੀ ਹੈ, ਤੁਸੀਂ ਸਵੇਰੇ ਦਫ਼ਤਰ ਪਹੁੰਚੋ, ਜਦੋਂ ਦੂਸਰੇ ਦਿਨ ਦਫ਼ਤਰ ਪਹੁੰਚਿਆ ਤਾਂ ਚੈਨਲ ਹੈੱਡ ਸਾਹਿਬ ਸਿੰਘ ਜੀ ਨੂੰ ਮਿਲਿਆ, ਸਾਹਿਬ ਸਿੰਘ ਜੀ ਨੇ ਕਿਹਾ ਸਤਬੀਰ ਜੀ ਅੱਜ ਕਿਸੇ ਪਰਿਵਾਰਕ ਸਮਾਗਮ ਵਿੱਚ ਗਏ ਹਨ ਮੈਂ ਤੁਹਾਡੇ ਪ੍ਰੋਗਰਾਮ ਬਾਰੇ ਗੱਲ ਕਰ ਲੈਂਦਾ ਹਾਂ ਤਾਂ ਮੈਂ ਕਿਹਾ ਤੁਸੀਂ ਇੱਕ ਵਾਰੀ ਸਤਬੀਰ ਭਾਜੀ ਨੂੰ ਦੱਸ ਦਿਓ ਕਿ ਸੁਖਦੇਵ ਆਇਆ ਹੈ, ਸਾਹਿਬ ਸਿੰਘ ਨੇ ਜਦੋਂ ਸਤਬੀਰ ਜੀ ਨੂੰ ਫ਼ੋਨ ਕਰਕੇ ਦੱਸਿਆ ਤਾਂ ਸਤਬੀਰ ਜੀ ਨੇ ਕਿਹਾ ਕਿ ਉਹਨਾਂ ਨੂੰ ਬਿਠਾਓ ਤੇ ਖਾਣਾ ਆਰਡਰ ਕਰੋ, ਮੈਂ 5 ਮਿੰਟ ਵਾਸਤੇ ਆਉਂਦਾ ਹਾਂ। ਸਾਹਿਬ ਸਿੰਘ ਜੀ ਨੇ ਖਾਣਾ ਆਰਡਰ ਕਰਕੇ ਮੰਗਵਾ ਕੇ ਟੇਬਲ 'ਤੇ ਰੱਖਿਆ ਤਾਂ ਸਤਬੀਰ ਜੀ ਆ ਗਏ ਅਤੇ ਸਾਡੇ ਨਾਲ ਬੈਠ ਕੇ ਥੋੜ੍ਹਾ ਖਾਣਾ ਖਾ ਕੇ ਮੈਨੂੰ ਕਹਿੰਦੇ ਸੁਖਦੇਵ ਮੈਂ ਸਿਰਫ਼ ਤੇਰੇ ਲਈ ਆਇਆ ਹਾਂ ਅੱਜ ਮੇਰੇ ਪਰਿਵਾਰ ਵਿਚ ਬਹੁਤ ਜ਼ਰੂਰੀ ਪ੍ਰੋਗਰਾਮ ਹੈ, ਤੁਹਾਨੂੰ ਸਾਹਿਬ ਸਿੰਘ ਇਸ ਪ੍ਰੋਗਰਾਮ ਬਾਰੇ ਦੱਸ ਦਿੰਦੇ ਹਨ, ਤੁਸੀਂ ਇਸ ਪ੍ਰੋਗਰਾਮ ਦੇ ਇੰਚਾਰਜ ਹੋ, ਪ੍ਰੋਗਰਾਮ ਸ਼ੂਟ ਕਰਨ ਲਈ ਤੁਹਾਨੂੰ ਇੱਕ ਟੀਮ ਦਿੱਤੀ ਜਾਵੇਗੀ, ਐਨਾ ਕਹਿ ਕੇ ਘੁੱਟ ਕੇ ਗਲਵਕੜੀ ਪਾਈ ਅਤੇ ਚਲੇ ਗਏ। ਉਹ ਉਹਨਾਂ ਵੱਲੋਂ ਮਿਲਿਆ ਆਖ਼ਰੀ ਪਿਆਰ ਸੀ । ਇਸ ਘਟਨਾ ਤੋਂ ਪਤਾ ਲਗਦਾ ਕਿ ਉਹ ਕਿੰਨਾ ਪਿਆਰ ਕਰਦੇ ਸਨ। ਇਸ ਤਰ੍ਹਾਂ ਦੇ ਸਨ ਸਤਬੀਰ ਸਿੰਘ ਦਰਦੀ, ਇਸ ਕਰਕੇ ਯਾਰਾਂ ਦੇ ਯਾਰ ਸਨ ਸਤਬੀਰ ਸਿੰਘ ਦਰਦੀ, ਇਸ ਕਰਕੇ ਨਹੀਂ ਭੁੱਲਣੀ ਇਹ ਪਿਆਰੀ ਜਿਹੀ ਸੂਰਤ ਸਤਬੀਰ ਸਿੰਘ ਦਰਦੀ ਦੀ। ਅੱਜ ਉਹਨਾਂ ਦੀ ਇਸ ਪੰਜਵੀਂ ਬਰਸੀ 'ਤੇ ਉਹਨਾਂ ਦਾ ਸਾਰਾ ਪਰਿਵਾਰ ਅਤੇ ਸਟਾਫ਼ ਨਮ ਅੱਖਾਂ ਨਾਲ ਸ਼ਰਧਾ ਦੇ ਫੁੱਲ ਭੇਟ ਕਰ ਰਿਹਾ ਹੈ, ਉਥੇ ਮੈਂ ਵੀ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ ਅਤੇ ਉਸ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਇਸ ਪਿਆਰੀ ਜਿਹੀ ਸੂਰਤ ਨੂੰ ਆਪਣੇ ਚਰਨਾਂ ਵਿੱਚ ਰੱਖਿਓ, ਜਿੰਨਾ ਪਿਆਰ ਸਤਬੀਰ ਜੀ ਨੇ ਆਪਣੇ ਪਰਿਵਾਰ, ਸਟਾਫ਼ ਅਤੇ ਦੁਨੀਆਂ ਨੂੰ ਦਿੱਤਾ ਹੈ, ਤੁਸੀਂ ਵੀ ਸਤਬੀਰ ਜੀ ਨੂੰ ਉਨ੍ਹਾਂ ਹੀ ਪਿਆਰ ਕਰਿਓ!

**ਸੁਖਦੇਵ ਸਿੰਘ ਉੜਾਪੜ ਡਾਇਰੈਕਟਰ (ਦੁਆਬਾ ਜ਼ੋਨ), ਚੜ੍ਹਦੀਕਲਾ ਗਰੁੱਪ।**

## ਵਿਧਾਇਕ ਸ਼ੈਰੀ ਕਲਸੀ ਵੱਲੋਂ ਸ਼ਹਿਰ ਵਿੱਚ ਸਾਫ਼-ਸਫ਼ਾਈ ਵਿਵਸਥਾ ਦੇ ਸਬੰਧ ਵਿੱਚ ਅਧਿਕਾਰੀਆਂ ਅਤੇ ਸਫ਼ਾਈ ਕਰਮਚਾਰੀਆਂ ਨਾਲ ਆਨਲਾਈਨ ਮੀਟਿੰਗ

ਬਟਾਲਾ, 15 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਅੱਜ ਸਵੇਰੇ ਸ਼ਹਿਰ ਵਿੱਚ ਸਾਫ਼-ਸਫ਼ਾਈ ਵਿਵਸਥਾ ਦੇ ਸਬੰਧ ਵਿੱਚ ਅਧਿਕਾਰੀਆਂ ਅਤੇ ਸਫਾਈ ਕਰਮਚਾਰੀਆਂ ਨਾਲ ਆਨਲਾਈਨ ਮੀਟਿੰਗ ਕੀਤੀ ਅਤੇ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਅਤੇ ਕੂੜੇ ਨੂੰ ਨਾਲ ਦੀ ਨਾਲ ਚੁੱਕਣ ਸਬੰਧੀ ਜ਼ਰੂਰੀ ਹਦਾਇਤਾਂ ਦਿੱਤੀਆਂ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਲਈ ਉਨ੍ਹਾਂ ਵਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਅੱਜ ਮੀਟਿੰਗ ਕਰਕੇ ਸਫਾਈ ਕਰਮਚਾਰੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਹੋਰ ਮਿਹਨਤ ਨਾਲ ਕੰਮ ਲਈ ਪ੍ਰੇਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ ਅਤੇ ਸ਼ਹਿਰ ਵਾਸੀਆਂ ਨੂੰ ਸਾਫ਼ ਸੇਵਕਾਂ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀ ਸੁੱਕਾ ਅਤੇ ਗਿੱਲਾ ਕੂੜਾ ਅਲੱਗ ਅਲੱਗ ਕਰਕੇ ਸਫਾਈ ਸੇਵਕਾਂ ਨੂੰ ਦੇਣ ਤਾਂ ਜੋ ਇਸ ਕੂੜੇ ਨੂੰ ਰੀਸਾਈਕਲ ਕਰਕੇ ਖਾਦ ਦੇ ਰੂਪ ਵਿੱਚ ਤਿਆਰ ਕਰਕੇ ਵਰਤੋਂਯੋਗ ਬਣਾਇਆ ਜਾ ਸਕੇ।
















## ਹਰਚੋਵਾਲ 'ਚ ਸ਼ਿਵਰਾਤਰੀ ਮੌਕੇ ਲੰਗਰ ਲਗਾਇਆ



ਹਰਚੋਵਾਲ/ਸ੍ਰੀ ਹਰਗੋਬਿੰਦਪੁਰ ਸਾਹਿਬ, 15 ਫ਼ਰਵਰੀ (ਸੁਖ ਅੰਮ੍ਰਿਤ ਘੁਮਾਣ/ਡਾ. ਸਰਬਜੀਤ ਸਿੰਘ ਭਿੰਡਰ): ਹਰ ਸਾਲ ਦੀ ਤਰ੍ਹਾਂ ਪਿੰਡ ਹਰਚੋਵਾਲ 'ਚ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸ਼ਿਵਰਾਤਰੀ ਬਹੁਤ ਧੂਮਧਾਮ ਨਾਲ ਮਨਾਈ ਗਈ। ਇਸ ਮੌਕੇ ਸ਼ਿਵ ਭਗਵਾਨ ਦੇ ਅੱਗੇ ਪਿੰਡ ਦੀ ਸੁੱਖ ਸ਼ਾਂਤੀ ਵਾਸਤੇ ਅਰਦਾਸ ਕੀਤੀ ਗਈ। ਇਸ ਮੌਕੇ ਕੜੀ ਚੌਲ ਅਤੇ ਕੜਾਹ ਪ੍ਰਸ਼ਾਦ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਹਰੀਸ਼ ਕੁਮਾਰ, ਅਜੇ ਕੁਮਾਰ, ਗਗਨ, ਸੰਦੀਪ ਕੁਮਾਰ, ਜਗਦੀਪ ਕੁਮਾਰ, ਪ੍ਰਦੀਪ ਕੁਮਾਰ, ਸੰਜੀਵ ਕੁਮਾਰ, ਹਰੀਸ਼ ਕੁਮਾਰ, ਅਸ਼ਵਨੀ ਕੁਮਾਰ, ਮੋਹਿਤ ਕੁਮਾਰ, ਰਕੇਸ਼ ਸ਼ਰਮਾ ਆਦਿ ਹਾਜ਼ਰ ਸਨ

## ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਕੀਤਾ ਵਿਕਾਸ ਕਾਰਜਾਂ ਦਾ ਉਦਘਾਟਨ

**ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਲਗਾਤਾਰ ਯਤਨਸ਼ੀਲ- ਵਿਧਾਇਕ ਗੁਰਦੀਪ ਸਿੰਘ ਰੰਧਾਵਾ**



ਡੇਰਾ ਬਾਬਾ ਨਾਨਕ, 15 ਫਰਵਰੀ(ਹੈਪੀ ਕੋਟਲੀ): ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਲਗਾਤਾਰ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਪਿੰਡਾਂ ਦੇ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਇਸੇ ਲੜੀ ਤਹਿਤ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਬੀ.ਡੀ.ਪੀ.ਓ ਬਲਾਕ ਡੇਰਾ ਬਾਬਾ ਨਾਨਕ ਅਧੀਨ ਆਉਂਦੇ ਪਿੰਡ ਸਿੰਘਪੁਰਾ, ਤਲਵੰਡੀ ਹਿੰਦੂਆਂ, ਗੁਰਚੱਕ, ਗਾਜੀਨੰਗਲ ਤੇ ਜੀਵਨ ਨੰਗਲ ਵਿਖੇ ਕਰਵਾਏ ਗਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨਾਲ ਮਿਲ ਬੈਠ ਕੇ ਹੋਰ ਵਿਕਾਸ ਕੰਮਾਂ ਬਾਰੇ ਵੀ ਚਰਚਾ ਕੀਤੀ ਗਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਕਿਹਾ ਕਿ ਮੇਰੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਹਰ ਪਿੰਡ ਤੱਕ ਵਿਕਾਸ ਦੇ ਕੰਮ ਤੇਜ਼ੀ ਨਾਲ ਪਹੁੰਚਣ ਅਤੇ ਲੋਕਾਂ ਨੂੰ ਸੁਵਿਧਾਵਾਂ ਮਿਲਣ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਪਿੰਡ ਵਾਸੀਆਂ ਦੀ ਮੰਗ ਪੂਰੀ ਕਰਦਿਆਂ ਵਿਕਾਸ ਕੰਮ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪਿੰਡਾਂ ਦੀਆਂ ਸੜਕਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ ਤਾਂ ਜੋ ਰਾਹਗੀਰਾਂ ਨੂੰ ਕੋਈ ਦਿੱਕਤ ਨਾ ਆਵੇ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਪੰਜਾਬ ਸਰਕਾਰ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿਖੇ ਮੁੱਢਲੀਆਂ ਸਹੂਲਤਾਂ ਦੀ ਪੂਰਤੀ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੀ ਸੋਚ ਹੈ ਕਿ ਪਿੰਡਾਂ ਤੇ ਸ਼ਹਿਰਾਂ ਵਿਚ ਵੱਧ ਤੋਂ ਵੱਧ ਵਿਕਾਸ ਪ੍ਰੋਜੈਕਟ ਉਲੀਕੇ ਜਾਣ ਤਾਂ ਜੋ ਪਿੰਡਾਂ ਤੇ ਸ਼ਹਿਰ ਵਿਕਾਸ ਦੀਆਂ ਲੀਹਾਂ ਤੋਂ ਵਾਂਝੇ ਨਾ ਰਹਿਣ।

ਉਨ੍ਹਾਂ ਕਿਹਾ ਕਿ ਪਿੰਡਾਂ ਅੰਦਰ ਸੜਕਾਂ, ਗਲੀਆਂ ਅਤੇ ਨਾਲੀਆਂ ਆਦਿ ਹਰ ਪੱਖੋਂ ਸਹੂਲਤਾਂ ਦੀ ਪੂਰਤੀ ਨਾਲ ਲੈੱਸ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਦਿਨ ਰਾਤ ਲੋਕ ਭਲਾਈ ਕਾਰਜਾਂ ਵਿਚ ਲੱਗੇ ਹੋਏ ਹਨ ਤਾਂ ਜੋ ਲੋਕਾਂ ਨੂੰ ਸਰਕਾਰ ਦੀਆਂ ਸਕੀਮਾਂ ਤੇ ਯੋਜਨਾਵਾਂ ਦਾ ਲਾਹਾ ਮੁਹੱਈਆ ਕਰਵਾਇਆ ਜਾ ਸਕੇ। ਇਸ ਮੌਕੇ ਪਿੰਡਾਂ ਦੇ ਪੰਚ-ਸਰਪੰਚ ਅਤੇ ਮੋਹਤਬਰ ਸਖਸ਼ੀਅਤਾਂ ਮੌਜੂਦ ਸਨ।

## ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਹੋਲੇ - ਮਹੱਲੇ ਦੇ 57ਵੇਂ ਧਾਰਮਿਕ ਦੀਵਾਨ 18 ਤੋਂ ਸ਼ੁਰੂ

**ਸੰਗਤਾਂ ਹੁੰਮ-ਹੁਮਾ ਕੇ ਪਹੁੰਚਣ ਤੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ : ਬਾਬਾ ਸੱਜਣ ਸਿੰਘ**



ਚੌਂਕ ਮਹਿਤਾ, 15 ਫਰਵਰੀ (ਬਲਜਿੰਦਰ ਸਿੰਘ ਰੰਧਾਵਾ)-ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਧਰਤੀ ਇਤਿਹਾਸਕ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ (ਮੱਤੇਵਾਲ) ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਦੀ ਯੋਗ ਅਗਵਾਈ 'ਚ ਇਲਾਕੇ ਦੀਆਂ ਸਮੂਹ ਸੰਗਤਾਂ ਵੱਲੋਂ 18 ਤੋਂ 23 ਫਰਵਰੀ ਤੱਕ ਹੋਲੇ ਮਹੱਲੇ ਦੇ 57ਵੇਂ ਸਾਲਾਨਾ ਧਾਰਮਿਕ ਦੀਵਾਨ ਸ਼ਰਧਾ ਤੇ ਉਤਸ਼ਾਹ ਨਾਲ ਸਜਾਏ ਜਾਣਗੇ।

ਅੱਜ ਇੱਥੇ ਸੰਤ ਬਾਬਾ ਸੱਜਣ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ 'ਚ ਦੁਪਹਿਰ 1 ਤੋਂ ਸ਼ਾਮ 5 ਵਜੇ ਤੱਕ ਰੋਜ਼ਾਨਾ ਦੀਵਾਨ ਸਜਿਆ ਕਰਨਗੇ, ਜਿਨ੍ਹਾਂ 'ਚ ਗਿਆਨੀ ਹਰਪਾਲ ਸਿੰਘ ਢੰਡ ਦੇ ਢਾਡੀ ਜਥੇ ਤੋਂ ਇਲਾਵਾ 18 ਫਰਵਰੀ ਨੂੰ ਭਾਈ ਕੁਲਵਿੰਦਰ ਸਿੰਘ ਢਾਡੀ ਜਥਾ, 19 ਫਰਵਰੀ ਨੂੰ ਭਾਈ ਲਖਬੀਰ ਸਿੰਘ ਮਸਤ ਕਵੀਸ਼ਰ, 20 ਨੂੰ ਭਾਈ ਸਤਨਾਮ ਸਿੰਘ ਬੱਲੋਵਾਲੀ, 21 ਫਰਵਰੀ ਨੂੰ ਭਾਈ ਨਿਰਮਲ ਸਿੰਘ ਬਰਿਆਰ ਤੇ ਭਾਈ ਸੁਲੱਖਣ ਸਿੰਘ ਯੂ. ਕੇ., 22 ਫਰਵਰੀ ਨੂੰ ਭਾਈ ਗੁਰਮੁੱਖ ਸਿੰਘ ਐੱਮ. ਏ. ਅਤੇ 23 ਫਰਵਰੀ ਨੂੰ ਭਾਈ ਸੁਲੱਖਣ ਸਿੰਘ ਰਿਆੜ ਸੰਗਤਾਂ ਨੂੰ ਗੁਰੂ ਜਸ ਸਰਵਣ ਕਰਵਾ ਕੇ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਟੇਡੀਅਮ ਗੁਰੂ ਕੀ ਬੇਰ ਸਾਹਿਬ ਵਿਖੇ ਕਬੱਡੀ ਦੇ ਮੈਚ ਵੀ ਕਰਵਾਏ ਜਾਣਗੇ। ਇਸ ਦੌਰਾਨ 22 ਫਰਵਰੀ ਨੂੰ ਸੱਦੇ ਹੋਏ ਪਹਿਲਵਾਨਾਂ ਦੇ ਘੋਲ ਹੋਣਗੇ ਅਤੇ 23 ਫਰਵਰੀ ਨੂੰ ਸ਼ਾਮ 4 ਵਜੇ ਮਾਝੇ ਅਤੇ ਮਾਲਵੇ ਦੀਆਂ ਕਬੱਡੀ ਟੀਮਾਂ ਵਿਚਕਾਰ ਜ਼ਬਰਦਸਤ ਮੈਚ ਖੇਡੇ ਜਾਣਗੇ। ਇਸ ਮੌਕੇ ਸੰਤ ਬਾਬਾ ਸੱਜਣ ਸਿੰਘ ਜੀ ਨੇ ਇਲਾਕੇ ਦੀਆਂ ਸੰਗਤਾਂ ਨੂੰ ਹਰ ਰੋਜ਼ ਸਮੇਂ ਸਿਰ ਇਨ੍ਹਾਂ ਦੀਵਾਨਾਂ 'ਚ ਪਹੁੰਚ ਕੇ ਗੁਰੂ ਸਾਹਿਬਾਨ ਦਾ ਇਤਿਹਾਸ ਸੁਣਨ ਤੇ ਖ਼ੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ।

## ਸ਼ਿਵ ਸੇਵਾ ਸਭਾ ਰਜਿਸਟਰ ਨਵਾਂ ਸ਼ਹਿਰ ਵੱਲੋਂ ਮਹਾਂ ਸ਼ਿਵਰਾਤਰੀ ਮੌਕੇ 27ਵਾਂ ਵਿਸ਼ਾਲ ਭੰਡਾਰਾ

ਨਵਾਂਸ਼ਹਿਰ, 15 ਫਰਵਰੀ (ਰੌਸ਼ਨ ਲਾਲ ਸੁੰਮਨ )-ਸ਼ਿਵ ਸੇਵਾ ਸਭਾ ਰਜਿਸਟਰ ਨਵਾਂਸ਼ਹਿਰ ਵੱਲੋਂ ਸ਼ਿਵਰਾਤਰੀ ਦੇ ਸ਼ੁਭ ਮੌਕੇ 27ਵਾਂ ਵਿਸ਼ਾਲ ਭੰਡਾਰਾ ਸ਼ਿਵ ਮੰਦਰ ਦਸ਼ਮੇਸ਼ ਨਗਰ ਪਿੰਡ ਬੇਗਮਪੁਰ ਵਿਖੇ ਕਰਵਾਇਆ ਗਿਆ । ਜਾਣਕਾਰੀ ਦਿੰਦੇ ਹੋਏ ਪ੍ਰਧਾਨ ਛੋਟੇ ਲਾਲ ਪਾਲ ਅਤੇ ਸੈਕਟਰੀ ਸ਼ਿਵ ਚਰਨ ਯਾਦਵ ਨੇ ਦੱਸਿਆ ਕਿ ਰਮਾਇਣ ਪਾਠ ਦੇ ਭੋਗ ਉਪਰੰਤ ਹਵਨ ਕਰਨ ਉਪਰੰਤ ਮਹਾ ਸ਼ਿਵਰਾਤਰੀ ਦਾ ਭੰਡਾਰਾ ਅਤੁੱਟ ਵਰਤਾਇਆ ਗਿਆ । ਇਸ ਮੌਕੇ ਮੁੱਖ ਮਹਿਮਾਨ ਰੋਹਿਤ ਜੈਨ ਅਤੇ ਸਿੰਮੀ ਜੈਨ ਹਾਜ਼ਰ ਹੋਏ ਜਿਨ੍ਹਾਂ ਮਹਾਂ ਸ਼ਿਵਰਾਤਰੀ ਦੀਆਂ ਮੁਬਾਰਕਾਂ ਦਿੱਤੀਆਂ ।ਪ੍ਰਧਾਨ ਛੋਟੇ ਲਾਲ ਪਾਲ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਹਾਂ ਸ਼ਿਵਰਾਤਰੀ ਬਹੁਤ ਹੀ ਧੂਮ ਧਾਮ ਨਾਲ ਮਨਾਈ ਗਈ ।ਵੱਡੀ ਗਿਣਤੀ ਵਿੱਚ ਸ਼ਿਵ ਭਗਤਾਂ ਨੇ ਸ਼ਰਧਾ ਨਾਲ ਮੱਥਾ ਟੇਕਿਆ । ਸ਼ਿਵ ਜੀ ਦੀ ਕਿਰਪਾ ਨਾਲ ਮੰਦਰ ਦੀ ਆਲੀਸ਼ਾਨ ਇਮਾਰਤ ਤਿਆਰ ਹੋ ਰਹੀ ਹੈ ।ਇਸ ਮੌਕੇ ਪ੍ਰਧਾਨ ਛੋਟੇ ਲਾਲ ਪਾਲ , ਸੈਕਟਰੀ ਸ਼ਿਵਚਰਨ ਯਾਦਵ , ਖਜ਼ਾਨਚੀ ਰਾਮ ਕੁਮਾਰ , ਦਯਾ ਸ਼ੰਕਰ ਯਾਦਵ, ਰਾਮ ਲਾਲ ਪ੍ਰਜਾਪਤਿ, ਰਜਿੰਦਰ ਪ੍ਰਜਾਪਿਤ, ਰਾਮ ਲਖਨਪਾਲ , ਸੁਖਈ ਲਾਲ , ਜਗਤਪਾਲ, ਮੁੰਨਾ ਲਾਲ , ਸੰਤ ਰਾਮ, ਮੁਕੇਸ਼, ਕੱਲੂ ਪ੍ਰਸ਼ਾਦ ਗੁਪਤਾ , ਰਾਮਾਨੁੰਜ, ਬਾਲਮੀਕੀ,ਵਾਸੂਦੇਵ ਯਾਦਵ, ਮਨੀਸ਼, ਫੂਲ ਚੰਦ ,ਰਾਮ ਮਿਲਣ ਆਦਿ ਹਾਜ਼ਰ ਸਨ।

## ਹਰਿਆਣਾ ਕਾਲਜ ਵਿਖੇ ਮੈਥੇਮੈਟਿਕ ਸੁਸਾਇਟੀ ਨੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ



ਹਰਿਆਣਾ, 15 ਫਰਵਰੀ (ਚੰਦਰ ਪ੍ਰਕਾਸ਼): ਜੀ. ਜੀ. ਡੀ. ਐਸ.ਡੀ.ਕਾਲਜ ਹਰਿਆਣਾ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਡਾ.ਦੇਸ਼ ਬੰਧੂ ਜੀ, ਸਕੱਤਰ ਡਾ.ਗੁਰਦੀਪ ਕੁਮਾਰ ਸ਼ਰਮਾ ਜੀ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਪ੍ਰਿੰਸੀਪਲ ਡਾ.ਰਾਜੀਵ ਕੁਮਾਰ ਦੀ ਯੋਗ ਅਗਵਾਈ ਹੇਠ ਮੈਥੇਮੈਟਿਕ ਵਿਭਾਗ ਦੀ ਰਾਮਾਨੁਜਨ ਸੁਸਾਇਟੀ ਤੇ ਆਈ.ਆਈ.ਸੀ ਦੇ ਸਹਿਯੋਗ ਨਾਲ ਡਾ.ਹੇਮਲਤਾ ਦੀ ਨਿਗਰਾਨੀ ਵਿੱਚ ਅਲੱਗ ਵਿਸ਼ਿਆਂ 'ਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਬੀ.ਏ ਤੇ ਬੀ.ਐਸ.ਸੀ ਦੇ ਵਿਦਿਆਰਥੀਆਂ ਨੇ ਭਾਗ ਲਿਆ। ਜਿਸ ਵਿੱਚ ਮੁੱਖ ਵਿਸ਼ੇ ਜਿਵੇਂ ਏ.ਆਈ ਇਨ ਮੈਥੇਮੈਟਿਕ ਕ੍ਰਿਪਟੋਗ੍ਰਾਫੀ, ਮੈਥਮੈਟਿਕ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਵਰਤੋਂ, ਫੀਬੋਨੇਕੀ ਸੀਕੀਐਂਸ, ਮੈਥਮੈਟਿਕ ਇੰਨ ਸੋਲਰ ਸਿਸਟਮ, ਮੈਥਮੈਟਿਕ ਇੰਨ ਮੈਡੀਕਲ ਫੀਲਡ, ਰੋਡ ਸੇਫਟੀ ਵਿਸ਼ਿਆਂ 'ਤੇ ਪੋਸਟਰ ਬਣਾਏ ਗਏ। ਜਿਸ ਵਿੱਚ ਮਨਜੋਤ ਕੌਰ ਬੀ.ਏ ਭਾਗ ਤੀਜਾ ਨੇ ਪਹਿਲਾ ਸਥਾਨ, ਬਲਜਿੰਦਰ ਕੌਰ ਬੀ.ਐਸ.ਸੀ ਦੂਜਾ ਤੇ ਰਵਿੰਦਰ ਸੈਣੀ ਬੀ.ਐਸ.ਸੀ ਭਾਗ ਤੀਜਾ ਨੇ ਦੂਜਾ ਸਥਾਨ, ਹਿਮਾਨੀ ਬੀ.ਐਸ.ਸੀ ਭਾਗ ਪਹਿਲਾ, ਮੁਸਕਾਨ ਬੀ.ਐਸ.ਸੀ ਭਾਗ ਦੂਜਾ, ਗੀਤਿਕਾ ਦੇਵੀ ਬੀ.ਐਸ.ਸੀ ਭਾਗ ਦੂਜਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਦਾ ਉਦੇਸ਼ ਵਿਦਿਆਰਥੀਆਂ ਨੂੰ ਅਲੱਗ-ਅਲੱਗ ਵਿਸ਼ਿਆਂ ਸਬੰਧੀ ਵਿਸ਼ੇਸ਼ ਜਾਣਕਾਰੀ ਪ੍ਰਦਾਨ ਕਰਨਾ ਤੇ ਮੈਥਮੈਟਿਕ ਸੰਬੰਧੀ ਜਾਗਰੂਕ ਕਰਨਾ ਸੀ। ਪ੍ਰਿੰਸੀਪਲ ਡਾ.ਰਾਜੀਵ ਕੁਮਾਰ ਜੀ ਨੇ ਮੈਥਮੈਟਿਕ ਵਿਭਾਗ ਦੁਆਰਾ ਕਰਵਾਏ ਗਏ ਪੋਸਟਰ ਮੁਕਾਬਲੇ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ ਦਾ ਬੌਧਿਕ ਵਿਕਾਸ ਹੋ ਸਕੇ ਅੰਤ ਵਿੱਚ ਡਾ.ਹੇਮਲਤਾ ਅਤੇ ਪ੍ਰੋ.ਪਾਰਸ ਨੇ ਬੱਚਿਆਂ ਨੂੰ ਅਲੱਗ-2 ਵਿਸ਼ਿਆਂ ਸੰਬੰਧੀ ਵਿਸ਼ੇਸ਼ ਜਾਣਕਾਰੀ ਦਿੱਤੀ ਤਾਂ ਜੋ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੋ ਸਕੇ।

## ਸ਼ਹੀਦ-ਏ-ਆਜ਼ਮ ਭਗਤ ਸਿੰਘ ਪ੍ਰੋਮੋਸ਼ਨਲ ਮੈਰਾਥਨ ਰਾਹੀਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲੁਧਿਆਣਾ ਵਾਸੀਆਂ ਵੱਲੋਂ ਵੱਡਾ ਹੁੰਗਾਰਾ

**1200 ਤੋਂ ਵੱਧ ਦੌੜਾਕਾਂ ਦੀ ਸ਼ਮੂਲੀਅਤ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ ਹਰੀ ਝੰਡੀ**




ਹੁਸ਼ਿਆਰਪੁਰ, 15 ਫਰਵਰੀ (ਦੀਪਕ ਅਗਨੀਹੋਤਰੀ ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲੁਧਿਆਣਾ ਵਿੱਚ ਵੱਡਾ ਜਨ ਸਮਰਥਨ ਮਿਲਿਆ, ਜਿੱਥੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਅਤੇ ਉਨ੍ਹਾਂ ਦੀ ਊਰਜਾ ਨੂੰ ਸਕਾਰਾਤਮਕ ਦਿਸ਼ਾ ਵੱਲ ਮੋੜਨ ਦੇ ਉਦੇਸ਼ ਨਾਲ 5 ਕਿਲੋਮੀਟਰ ਦੀ ਪਹਿਲੀ ਪ੍ਰੋਮੋਸ਼ਨਲ ਮੈਰਾਥਨ ਕਰਵਾਈ ਗਈ। ਇਹ ਮੈਰਾਥਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਸਪੋਰਟਸ ਗਰਾਊਂਡ ਤੋਂ ਸ਼ੁਰੂ ਹੋਈ, ਜਿਸ ਨੂੰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ੍ਰੀ ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਸਰੋੜੀ ਨੇ ਦੱਸਿਆ ਕਿ ਲਗਭਗ 1200 ਦੌੜਾਕਾਂ ਨੇ ਇਸ ਮੈਰਾਥਨ ਵਿੱਚ ਭਾਗ ਲਿਆ। ਉਨ੍ਹਾਂ ਕਿਹਾ ਕਿ ਇਹ ਦੌੜ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਮਹਾਨ ਕੁਰਬਾਨੀ ਨੂੰ ਸਮਰਪਿਤ ਹੈ ਅਤੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਵੱਲ ਇੱਕ ਮਜ਼ਬੂਤ ਸਮੂਹਿਕ ਕਦਮ ਹੈ।

ਉਨ੍ਹਾਂ ਐਲਾਨ ਕੀਤਾ ਕਿ 22 ਮਾਰਚ ਨੂੰ ਮਾਹਿਲਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਸ਼ਟਰੀ ਮੈਰਾਥਨ ਆਯੋਜਿਤ ਕੀਤੀ ਜਾਵੇਗੀ ਅਤੇ ਸਾਰੇ ਨਾਗਰਿਕਾਂ ਨੂੰ ਇਸ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲਿਆਂ ਨਾਲ ਨਸ਼ਾ ਮੁਕਤ ਪੰਜਾਬ ਲਈ ਜਨ ਅੰਦੋਲਨ ਹੋਰ ਮਜ਼ਬੂਤ ਹੋਵੇਗਾ। ਡਿਪਟੀ ਸਪੀਕਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਦੇ ਨਾਲ-ਨਾਲ 'ਰੋਕਥਾਮ' ਤਹਿਤ ਜਾਗਰੂਕਤਾ ਪ੍ਰੋਗਰਾਮ ਵੀ ਕਰਵਾਏ ਜਾ ਰਹੇ ਹਨ, ਤਾਂ ਜੋ ਸਮਾਜ ਦੇ ਹਰ ਵਰਗ ਨੂੰ ਨਸ਼ਿਆਂ ਵਿਰੁੱਧ ਲੜਾਈ ਵਿੱਚ ਸ਼ਾਮਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮੈਰਾਥਨ ਵਰਗੇ ਖੇਡ ਸਮਾਗਮ ਨੌਜਵਾਨਾਂ ਵਿੱਚ ਟੀਮ ਵਰਕ, ਅਨੁਸ਼ਾਸਨ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਪ੍ਰਫੁੱਲਤ ਕਰਦੇ ਹਨ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਮੈਰਾਥਨ ਸਿਰਫ਼ ਇੱਕ ਦੌੜ ਨਹੀਂ ਸੀ, ਬਲਕਿ ਨਸ਼ਿਆਂ ਦੇ ਖ਼ਤਰਿਆਂ ਖ਼ਿਲਾਫ਼ ਇਕ ਸਾਂਝਾ ਸੰਦੇਸ਼ ਸੀ। ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਕੀਤੀ ਗਈ ਇਹ ਪਹਿਲ ਸੂਬੇ ਦੇ ਲੋਕਾਂ ਦੀ ਭਲਾਈ ਲਈ ਵਚਨਬੱਧਤਾ ਦਾ ਪ੍ਰਗਟਾਵਾ ਹੈ। ਮੈਰਾਥਨ ਦੌਰਾਨ ਉਤਸ਼ਾਹਪੂਰਣ ਮਾਹੌਲ ਦੇਖਣ ਨੂੰ ਮਿਲਿਆ। ਡਿਪਟੀ ਸਪੀਕਰ ਅਤੇ ਮੌਜੂਦ ਵਿਧਾਇਕਾਂ ਵੱਲੋਂ ਜੇਤੂ ਦੌੜਾਕਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ ਗਈ। ਲੁਧਿਆਣਾ ਵਾਸੀਆਂ ਨੇ ਪੰਜਾਬ ਸਰਕਾਰ ਦੀ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਜਾਗਰੂਕਤਾ ਸਮਾਗਮ ਨੌਜਵਾਨ ਪੀੜ੍ਹੀ ਨੂੰ ਸਹੀ ਰਸਤੇ 'ਤੇ ਲੈ ਜਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਨਸ਼ਿਆਂ ਵਿਰੁੱਧ ਇਸ ਜੰਗ ਵਿੱਚ ਉਹ ਸਰਕਾਰ ਅਤੇ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦੇਣਗੇ। ਇਸ ਮੌਕੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਸਤਵੀਰ ਸਿੰਘ ਗੋਸਲ, ਉਪ ਮੰਡਲ ਮੈਜਿਸਟਰੇਟ ਲੁਧਿਆਣਾ ਪੂਰਬੀ ਜਸਲੀਨ ਕੌਰ ਭੁੱਲਰ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ। ਇਹ ਮੈਰਾਥਨ ਨਸ਼ਾ ਮੁਕਤ ਪੰਜਾਬ ਵੱਲ ਇੱਕ ਮਜ਼ਬੂਤ ਕਦਮ ਵਜੋਂ ਸਾਬਤ ਹੋਈ, ਜਿਸ ਨੇ ਸਾਬਤ ਕਰ ਦਿੱਤਾ ਕਿ ਜਦੋਂ ਸਮਾਜ ਇਕੱਠਾ ਹੁੰਦਾ ਹੈ ਤਾਂ ਕੋਈ ਵੀ ਮੁਹਿੰਮ ਕਾਮਯਾਬੀ ਤੋਂ ਦੂਰ ਨਹੀਂ ਰਹਿੰਦੀ।




## 'ਪੰਜਾਬ ਦੇ ਲੋਕ ਦੇਸ਼ ਦੇ 'ਅੰਨਦਾਤਾ 'ਤੇ ਭਵਿੱਖ 'ਚ ਕੋਈ ਵੀ ਹਮਲਾ ਬਰਦਾਸ਼ਤ ਨਹੀਂ ਕਰਨਗੇ : ਸੰਧਵਾਂ



ਅੰਮ੍ਰਿਤਸਰ, 15 ਫਰਵਰੀ ( ਗੁਰਦਿਆਲ ਸਿੰਘ ) : ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਦੇਸ਼ ਵਿਰੋਧੀ ਐਲਾਨਦਿਆਂ ਕਿਹਾ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਭਾਰਤ-ਅਮਰੀਕਾ ਵਪਾਰ ਸਮਝੌਤੇ ਰਾਹੀਂ ਪੰਜਾਬ ਦੇ ਕਿਸਾਨਾਂ ਨੂੰ ਬਰਬਾਦ ਕਰਨ ਅਤੇ ਭਾਰਤ ਦੀ ਖੇਤੀਬਾੜੀ ਨੂੰ ਅਮਰੀਕਾ ਕੋਲ ਵੇਚਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਅੱਜ ਅੰਮ੍ਰਿਤਸਰ ਵਿਖੇ ਇੱਕ ਨਿੱਜੀ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਜੇ ਅਮਰੀਕਾ ਤੋਂ ਸਸਤਾ ਦੁੱਧ ਪਾਊਡਰ, ਪਨੀਰ, ਅਨਾਜ ਅਤੇ ਹੋਰ ਖੇਤੀ ਉਤਪਾਦ ਘੱਟ ਕੀਮਤਾਂ 'ਤੇ ਭਾਰਤ ਵਿੱਚ ਆਉਣੇ ਸ਼ੁਰੂ ਹੋ ਗਏ ਤਾਂ ਪੰਜਾਬ ਦਾ ਕਿਸਾਨ ਕਿੱਧਰ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਦਾ ਕਿਸਾਨ ਕਈ ਦਹਾਕਿਆਂ ਤੋਂ ਕਣਕ ਅਤੇ ਝੋਨੇ ਰਾਹੀਂ ਭਾਰਤ ਦੇ ਰਾਸ਼ਟਰੀ ਅੰਨ ਭੰਡਾਰ ਵਿੱਚ ਵੱਡਾ ਯੋਗਦਾਨ ਪਾ ਰਿਹਾ ਹੈ। ਇਸ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਕਿਸਾਨੀ ਨੂੰ ਤਬਾਹ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।ਸਪੀਕਰ ਸ. ਸੰਧਵਾਂ ਨੇ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੇ ਅਮਰੀਕਾ ਅੱਗੇ ਗੋਡੇ ਟੇਕ ਦਿੱਤੇ ਹਨ ਅਤੇ ਭਾਰਤ ਦੇ ਹਿੱਤ ਵੇਚ ਦਿੱਤੇ ਹਨ। ਉਹਨਾਂ ਕਿਹਾ ਕਿ ਇਹ ਸਮਝੌਤਾ ਭਾਰਤ ਦੇ ਵਿਸ਼ਾਲ ਬਾਜ਼ਾਰ ਵਿੱਚ ਅਮਰੀਕੀ ਖੇਤੀ ਉਤਪਾਦਾਂ ਦੀ ਬਰਾਮਦ ਵਧਾਏਗਾ, ਅਮਰੀਕੀ ਕੀਮਤਾਂ ਨੂੰ ਉੱਚਾ ਚੁੱਕੇਗਾ, ਅਮਰੀਕਾ ਵਿੱਚ ਨਕਦੀ ਪਹੁੰਚਾਏਗਾ ਅਤੇ ਅਮਰੀਕੀ ਆਰਥਿਕਤਾ ਨੂੰ ਮਜ਼ਬੂਤ ਕਰੇਗਾ ਜਦਕਿ ਭਾਰਤ ਨੂੰ ਇਸ ਦਾ ਨੁਕਸਾਨ ਹੋਵੇਗਾ। ਉਹਨਾਂ ਭਾਜਪਾ ਨੂੰ ਚਿਤਾਵਨੀ ਦਿੱਤੀ ਕਿ ਪੰਜਾਬ ਦੇ ਲੋਕ ਦੇਸ਼ ਦੇ 'ਅੰਨਦਾਤਾ' ਦੀ ਸ਼ਾਨ 'ਤੇ ਭਵਿੱਖ 'ਤੇ ਕੋਈ ਵੀ ਹਮਲਾ ਬਰਦਾਸ਼ਤ ਨਹੀਂ ਕਰਨਗੇ ਅਤੇ ਸੱਚਾਈ ਨੂੰ ਹਰ ਪਿੰਡ ਅਤੇ ਹਰ ਘਰ ਤੱਕ ਪਹੁੰਚਾਇਆ ਜਾਵੇਗਾ। ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਕਿਸਾਨ ਮਾਰੂ ਇਸ ਸਮਝੌਤੇ ਦੀ ਡਟ ਕੇ ਵਿਰੋਧਤਾ ਕਰਦੇ ਹਨ ਅਤੇ ਕੇਂਦਰ ਸਰਕਾਰ ਦੀ ਇਸ ਕੋਝੀ ਸਾਜਿਸ਼ ਨੂੰ ਰੋਕਣ ਲਈ ਹਰ ਹੀਲਾ ਵਰਤਣਗੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਇਸ ਦੇਸ਼ ਵਿਰੋਧੀ ਸਮਝੌਤੇ ਦਾ ਡੱਟ ਕੇ ਵਿਰੋਧ ਕਰਦੀ ਹੈ।

## ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ

# ਸਮਾਜ ਵਿੱਚ ਜਾਤ-ਪਾਤ ਦਾ ਵਿਤਕਰਾ ਗੁਰੂ ਸਾਹਿਬਾਨ ਦੇ ਸਿਧਾਂਤ ਦੇ ਵਿਰੁੱਧ : ਜਸਵੀਰ ਸਿੰਘ ਗੜ੍ਹੀ



ਅੰਮ੍ਰਿਤਸਰ, 15 ਫਰਵਰੀ ( ਗੁਰਦਿਆਲ ਸਿੰਘ ) : ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਅੱਜ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰ ਉੱਪਰ ਨਤਮਸਤਕ ਹੋਣ ਤੋਂ ਬਾਅਦ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਉਹ ਗੁਰੂ ਸਾਹਿਬ ਦਾ ਕੋਟਿਨ-ਕੋਟਿ ਸ਼ੁਕਰਾਨਾ ਕਰਦੇ ਹਨ, ਜਿਨ੍ਹਾਂ ਦੀ ਮਿਹਰ ਸਦਕਾ ਉਨ੍ਹਾਂ ਨੂੰ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਸੂਚਨਾ ਕੇਂਦਰ ਵਿਖੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਐਸ.ਡੀ.ਐਮ. ਲੋਪੋਕੇ ਖੁਸ਼ਪ੍ਰੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੂਚਨਾ ਕੇਂਦਰ ਦੇ ਨਜ਼ਦੀਕ ਪੱਤਰਕਾਰਾਂ ਨਾਲ ਗੱਲ ਕਰਦਿਆਂ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਮਨੁੱਖਤਾ ਅਤੇ ਸਰਬ ਸਾਂਝੀਵਾਲਤਾ ਦਾ ਜੋ ਉਪਦੇਸ਼ ਦਿੱਤਾ ਗਿਆ ਹੈ ਉਸ ਨੂੰ ਆਪਣੇ ਅਮਲੀ ਜੀਵਨ ਵਿੱਚ ਵੀ ਅਪਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਅਜੇ ਵੀ ਜਾਤ-ਪਾਤ ਨੂੰ ਲੈ ਕੇ ਕੁਝ ਵਿਤਕਰਾ ਦੇਖਣ ਨੂੰ ਮਿਲਦਾ ਹੈ, ਜੋ ਕਿ ਗੁਰੂ ਸਾਹਿਬਾਨ ਦੇ ਸਿਧਾਂਤ ਦੇ ਬਿਲਕੁੱਲ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਵਜੋਂ ਸੇਵਾ ਨਿਭਾਉਂਦਿਆਂ ਉਹ ਸਮਾਜ ਵਿੱਚ ਹੋ ਰਹੇ ਇਸ ਵਿਤਕਰੇ ਨੂੰ ਵੀ ਹੋਰ ਵੀ ਨੇੜੇ ਤੋਂ ਮਹਿਸੂਸ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਵਿੱਚ ਉਨ੍ਹਾਂ ਦੇ ਦਫ਼ਤਰ ਵਿੱਚ 3750 ਸ਼ਿਕਾਇਤਾਂ ਜਾਤ-ਪਾਤ ਦੇ ਹੋ ਰਹੇ ਵਿਤਕਰੇ ਨਾਲ ਸਬੰਧਿਤ ਪਹੁੰਚ ਗਈਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੇ ਮਹਾਂਵਾਕ ਉੱਪਰ ਚੱਲਦਿਆਂ ਕਮਿਸ਼ਨ ਵੱਲੋਂ ਜਾਤੀ ਵਿਤਕਰਿਆਂ ਨੂੰ ਖ਼ਤਮ ਕਰਨ ਲਈ ਪੂਰੀ ਸੁਹਿਰਦਤਾ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਆਪਣੇ ਫ਼ਰਜ਼ਾਂ ਦੀ ਅਦਾਇਗੀ ਤੋਂ ਕਦੀ ਪਿੱਛੇ ਨਹੀਂ ਹਟੇਗਾ। ਪੱਤਰਕਾਰਾਂ ਵੱਲੋਂ ਪੁੱਛੇ ਇੱਕ ਸਵਾਲ ਦਾ ਜੁਆਬ ਦਿੰਦਿਆਂ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਕੁਝ ਰਾਜਨੀਤਿਕ ਆਗੂਆਂ ਦੀ ਸੋਚ ਵਿੱਚ ਅਜੇ ਵੀ ਜਾਤੀਵਾਦ ਘਰ ਕਰੀ ਬੈਠੀ ਹੈ ਅਤੇ ਇਹੀ ਕਾਰਨ ਹੈ ਕਿ ਉਹ ਵਾਰ-ਵਾਰ ਜਾਤੀਵਾਦ ਸਬੰਧੀ ਗਲਤ ਟਿੱਪਣੀਆਂ ਕਰ ਦਿੰਦੇ ਹਨ। ਸ੍ਰੀ ਗੜ੍ਹੀ ਨੇ ਕਿਹਾ ਕਿ ਉਨ੍ਹਾਂ ਅੱਜ ਵਾਹਿਗੁਰੂ ਅੱਗੇ ਇਹ ਵੀ ਅਰਦਾਸ ਕੀਤੀ ਹੈ ਕਿ ਸੱਚੇ ਪਾਤਸ਼ਾਹ ਅਜਿਹੇ ਲੋਕਾਂ ਨੂੰ ਸਮੁੱਤ ਬਖਸ਼ਣ ਜੋ ਸਮਾਜ ਨੂੰ ਜਾਤਾਂ-ਪਾਤਾਂ ਵਿੱਚ ਵੰਡਣ ਦੀ ਰਾਜਨੀਤੀ ਕਰਦੇ ਹਨ। ਕਮਿਸ਼ਨ ਆਪਣੇ ਫ਼ਰਜ਼ਾਂ ਦੀ ਅਦਾਇਗੀ ਤੋਂ ਕਦੀ ਪਿੱਛੇ ਨਹੀਂ ਹਟੇਗਾ।

## ਪ੍ਰੈਸ ਸੰਘਰਸ਼ ਜਰਨਲਿਸਟਸ ਐਸੋ. ਨੇ ਮਨਾਈ 14ਵੀਂ ਵਰ੍ਹੇਗੰਢ




ਤਰਨ ਤਾਰਨ, 15 ਫ਼ਰਵਰੀ (ਪੁਸ਼ਪਿੰਦਰ ਬੰਟੀ, ਗੁਰਵਿੰਦਰ ਸਿੰਘ) : ਪ੍ਰੈਸ ਸੰਘਰਸ਼ ਜਰਨਲਿਸਟਸ ਐਸੋ ਰਜਿ ਦਾ 14ਵਾਂ ਸਲਾਨਾ ਪੱਤਰਕਾਰ ਸੈਮੀਨਾਰ ਬੀਬੀ ਕੌਲਾਂ ਜੀ ਸਕੂਲ ਤਰਨ ਤਾਰਨ ਰੋਡ ਅੰਮ੍ਰਿਤਸਰ ਵਿਖੇ ਸਮੂਹ ਪੱਤਰਕਾਰ ਭਾਈਚਾਰੇ ਨੇ ਮਿਲਕੇ ਮਨਾਇਆ। ਇਸ ਸਮਾਰੋਹ ਦੀ ਪ੍ਰਧਾਨਗੀ ਰਾਸ਼ਟਰੀ ਪ੍ਰਧਾਨ ਸੰਜੀਵ ਪੁੰਜ ਨੇ ਕੀਤੀ। ਇਸ ਸੈਮੀਨਾਰ ਵਿੱਚ ਪੰਜਾਬ ਦੇ ਨਾਲ ਲਗਦੇ ਬਾਹਰੀ ਸੂਬਿਆਂ ਤੋਂ ਵੀ ਪੱਤਰਕਾਰ ਨੇ ਸ਼ਿਰਕਤ ਕੀਤੀ।ਸਲਾਨਾਂ ਵਰੇਗੰਡ ਨੂੰ ਆਯੋਜਿਤ ਪ੍ਰੋਗਰਾਮ ਦੌਰਾਨ ਈ ਐਮ ਸੀ ਹਸਪਤਾਲ ਦੀ ਟੀਮ ਨੇ ਖੂਨਦਾਨ ਕੈਂਪ ਵੀ ਲਗਾਇਆ ਗਿਆ। ਇਸ ਖੂਨਦਾਨ ਕੈਂਪ ਵਿੱਚ ਪੱਤਰਕਾਰ ਸਾਥੀਆਂ ਤੇ ਉਹਨਾਂ ਦੇ ਪਰਿਵਾਰਾਂ ਖੂਨਦਾਨ ਕੀਤਾ।ਪੱਤਰਕਾਰ ਸਮਾਰੋਹ ਦਾ ਆਗਾਜ਼ ਅੰਮ੍ਰਿਤਸਰ ਦੇ ਮੇਅਰ ਮੋਤੀ ਭਾਟੀਆ ਨੇ ਕਰਦਿਆਂ ਪੱਤਰਕਾਰ ਭਾਈਚਾਰੇ ਨੂੰ ਵਧਾਈ ਦਿੱਤੀ। ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਧਰਮਪਤਨੀ ਸੁਰਿੰਦਰ ਕੌਰ, ਜੀਵਨਜੋਤ ਕੌਰ ਐਮ ਐਲ ਏ, ਵਿਕਾਸ ਸੋਨੀ ਕੌਂਸਲਰ,ਅਰਵਿੰਦਰ ਭੱਟੀ, ਰੇਖਾ ਮਹਾਜਨ ਡਿਪਟੀ ਡੀ ਈ ਓ ਉਚੇਚੇ ਤੌਰ ਤੇ ਪਹੁੰਚੇ। ਸਮਾਗਮ ਦੌਰਾਨ ਯੂਨੀਅਨ ਪ੍ਰਧਾਨ ਅੱਗੇ ਕਈ ਨਵੀਆਂ ਪੇਸ਼ਕਸ਼ ਤੇ ਵਿਚਾਰ ਰੱਖੇ ਗਏ। ਇਹਨਾਂ ਪੇਸ਼ਕਸ਼ ਤੇ ਬੋਲਦਿਆਂ ਪ੍ਰਧਾਨ ਸੰਜੀਵ ਪੁੰਜ ਨੇ ਕਿਹਾ ਕਿ ਜਲਦੀ ਹੀ ਪ੍ਰੈਸ ਸੰਘਰਸ਼ ਇਸ ਤੇ ਵਿਚਾਰ ਵਿਮਰਸ਼ ਮਗਰੋਂ ਫੈਂਸਲੇ ਲਵੇਗੀ। ਪ੍ਰੈਸ ਸੰਘਰਸ਼ ਜਰਨਲਿਸਟਸ ਐਸੋ. ਨੇ 2026 ਦਾ ਕੈਲੰਡਰ ਜਾਰੀ ਕਰਦਿਆਂ ਸਾਰੇ ਸਾਥੀਆਂ ਨੂੰ ਵਧਾਈ ਦਿੱਤੀ ਹੈ। ਇਸ ਮੌਕੇ ਇੰਦਰਜੀਤ ਅਰੋੜਾ, ਕੰਵਲਜੀਤ ਸਿੰਘ ਵਾਲੀਆ, ਐਡਵੋਕੇਟ ਕੰਵਰ ਰਜਿੰਦਰ ਸਿੰਘ, ਪ੍ਰਦੀਪ ਗੋਇਲ, ਗੁਰਮੀਤ ਸੂਰੀ, ਕਮਲ ਭਲਵਾਨ, ਰਮਨ, ਆਰ ਕੇ ਸੋਨੀ, ਰੇਖਾ ਮਹਾਜਨ, ਸੰਜੀਵ ਅਰੋੜਾ ਬਿੱਟੂ ਮਿਰਚਾਂ ਵਾਲੇ, ਸੁਮੀਤ ਕੰਬੋਜ, ਤਰਸੇਮ ਸਿੰਘ, ਭੂਪਾਲ, ਜੋਗਿੰਦਰ ਜੋੜਾ, ਪੁਸ਼ਪਿੰਦਰ ਬੰਟੀ, ਕਰਨ ਕਪੂਰ, ਮੋਹਨ ਹੰਸ, ਸੰਜੀਵ ਨਈਅਰ, ਵਜਿੰਦਰ ਕਸ਼ਿਅਪ, ਡਾਪ੍ਰਦੀਪ, ਸੋਨੂ, ਸੁਖਵਿੰਦਰ, ਵਰਿੰਦਰ, ਗੁਰਵਿੰਦਰ, ਦਿਨੇਸ਼ ਵਾਲੀਆ, ਸਰਬਜੀਤ, ਨਰਿੰਦਰਪਾਲ, ਸਾਹਬ ਸਿੰਘ, ਵਿਜੇ ਭਾਰਗਵ, ਜਗਜੀਤ ਸੱਗੂ, ਮੁਕੇਸ਼ ਬੇਦੀ, ਰਜਿੰਦਰ ਬਲਗਣ, ਵਿਪਨ, ਗੌਰਵ ਅਰੋੜਾ, ਹਰਨੀਤ ਸਿੰਘ, ਤਰਸੇਮ ਚੰਦ ਮੋਨੂੰ, ਨਰਿੰਦਰ ਰਾਏ, ਗੁਰਪਾਲ ਰਾਏ, ਸਾਜਨ, ਦਕਸ਼ ਭਾਟੀਆ, ਰਾਮਸ਼ਰਨਜੀਤ ਸਿੰਘ, ਮੰਗਲਦੀਪ, ਦਵਿੰਦਰ ਪੁਰੀ, ਸੁਸ਼ੀਲ ਸ਼ਰਮਾ, ਮੁਕੇਸ਼ ਪਠਾਨਕੋਟ, ਗੁਰਦੇਵ, ਗੁਲਸ਼ਨ, ਅਨੀਤਾ, ਸੁਰਿੰਦਰ ਸ਼ਰਮਾ, ਸੁਬਾਸ਼ ਚੰਦਰ, ਕੇਵਲ ਕਟੋਚ, ਗੁਰਮੀਤ ਮੁਕੇਰੀਆਂ, ਹਰਦੀਪ ਭੰਵਰਾ, ਸੰਜੇ ਕਪੂਰ, ਮਨੀ, ਸੁਦੇਸ਼ ਕੁਮਾਰ, ਦਵਿੰਦਰ, ਪੁਰੀ, ਸੁਸ਼ੀਲ ਸ਼ਰਮਾ, ਮਲਕੀਤ, ਕਰਮਜੀਤ ਸਿੰਘ, ਜਸਬੀਰ, ਗੁਰਦੇਵ ਸਿੰਘ, ਰਮੇਸ਼ ਭਾਟੀਆ, ਜਤਿੰਦਰ, ਭੁਪਿੰਦਰ ਸੋਢੀ, ਨੀਰਜ, ਅਸ਼ੋਕ ਆਦਿ ਤੋਂ ਇਲਾਵਾ ਸੈਂਕੜੇ ਦੀ ਤਦਾਦ ਵਿੱਚ ਪੱਤਰਕਾਰ ਸ਼ਾਮਲ ਹੋਏ।

## ਅੱਠਵੀਂ ਤੇ ਬਾਰ੍ਹਵੀਂ ਦੀ ਸਾਲਾਨਾ ਪ੍ਰੀਖਿਆ 17 ਤੋਂ : ਡੀ.ਈ.ਓ:ਬਾਠ

ਤਰਨ ਤਾਰਨ 15 ਫਰਵਰੀ ਗੁਰਦਿਆਲ ਸਿੰਘ) - ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈਆਂ ਜਾ ਰਹੀਆਂ 2025-26 ਸੈਸ਼ਨ ਦੀਆਂ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਸਾਲਾਨਾ ਪ੍ਰੀਖਿਆਵਾਂ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਹ ਪ੍ਰਗਟਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸਤਿਨਾਮ ਸਿੰਘ ਬਾਠ ਨੇ ਗੱਲਬਾਤ ਦੌਰਾਨ ਕੀਤਾ ।ਉਨ੍ਹਾਂ ਕਿਹਾ ਕਿ ਅੱਠਵੀਂ ਜਮਾਤ ਦਾ ਅੰਗਰੇਜ਼ੀ ਅਤੇ ਬਾਰ੍ਹਵੀਂ ਦਾ ਹੋਮ ਸਾਇੰਸ ਦਾ ਪੇਪਰ 17 ਫਰਵਰੀ 2026 ਤੋਂ ਸ਼ੁਰੂ ਹੋ ਰਿਹਾ ਹੈ, ਜਿਸ ਸਬੰਧੀ ਸੁਪਰਡੈਂਟ , ਡਿਪਟੀ ਸੁਪਰਡੈਂਟ ਅਤੇ ਨਿਗਰਾਨ ਅਮਲੇ ਦੀਆਂ ਡਿਊਟੀਆਂ ਲਗਾਈਆਂ ਜਾ ਚੁੱਕੀਆਂ ਹਨ। ਇਥੇ ਇਹ ਵਰਨਣਯੋਗ ਹੈ ਕਿ ਦਸਵੀਂ ਸ਼੍ਰੇਣੀ ਦੇ ਪੇਪਰ 6 ਮਾਰਚ ਤੋਂ ਆਰੰਭ ਹੋ ਰਹੇ ਹਨ । ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਕਿਹਾ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਾਲਾਨਾ ਪ੍ਰੀਖਿਆਵਾਂ ਦੌਰਾਨ ਜ਼ਿਲ੍ਹਾ ਤਰਨ ਤਾਰਨ ਦੇ ਬਾਰ੍ਹਵੀਂ ਜਮਾਤ ਦੇ 11957, ਦਸਵੀਂ ਜਮਾਤ ਦੇ 12786 ਅਤੇ ਅੱਠਵੀਂ ਜਮਾਤ ਦੇ 12827 ਵਿਦਿਆਰਥੀ ਪ੍ਰੀਖਿਆ ਵਿੱਚ ਬੈਠਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ 118 ਪ੍ਰੀਖਿਆ ਕੇਂਦਰ ਬਣਾਏ ਗਏ ਹਨ, ਜਿਨ੍ਹਾਂ ਵਿੱਚ 118 ਸੁਪਰਡੈਂਟ ਅਤੇ 150 ਡਿਪਟੀ ਸੁਪਰਡੈਂਟ ਲਗਾਏ ਗਏ ਹਨ । ਉਨ੍ਹਾਂ ਕਿਹਾ ਕਿ ਨਕਲ ਰਹਿਤ ਪ੍ਰੀਖਿਆਵਾਂ ਕਰਵਾਉਣ ਲਈ ਜ਼ਿਲ੍ਹੇ ਵਿੱਚ 12 ਉਡਣ ਦਸਤੇ ਲਗਾਏ ਗਏ ਹਨ । ਉਨ੍ਹਾਂ ਕਿਹਾ ਕਿ ਡਿਊਟੀ ਦੌਰਾਨ ਗੈਰ ਸੰਜੀਦਗੀ ਵਰਤਣ ਵਾਲੇ ਕਰਮਚਾਰੀਆਂ ਵਿਰੁੱਧ ਸਿੱਖਿਆ ਵਿਭਾਗ ਸਖ਼ਤ ਕਾਰਵਾਈ ਕਰੇਗਾ । ਉਨ੍ਹਾਂ ਜ਼ਿਲ੍ਹੇ ਦੇ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਨਕਲ ਰਹਿਤ ਪ੍ਰੀਖਿਆਵਾਂ ਕਰਵਾਉਣ ਲਈ ਪ੍ਰੇਰਿਤ ਕਰਦਿਆਂ ਪੇਪਰਾਂ ਲਈ ਸ਼ੁੱਭ ਇੱਛਾਵਾਂ ਦਿੱਤੀਆਂ। ਇਥੇ ਜ਼ਿਕਰਯੋਗ ਹੈ ਕਿ ਜ਼ਿਲ੍ਹਾ ਤਰਨ ਤਾਰਨ ਅੰਦਰ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਦੀਆਂ ਪ੍ਰੀਖਿਆਵਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜ਼ਿਲ੍ਹਾ ਸਿੱਖਿਆ ਦਫ਼ਤਰ ਤਰਨ ਤਾਰਨ ਵਿਖੇ ਕੰਟਰੋਲ ਰੂਮ ਅਤੇ ਸ਼ਿਕਾਇਤ ਸੈੱਲ ਵੀ ਸਥਾਪਿਤ ਕੀਤਾ ਗਿਆ ਹੈ। ਪ੍ਰੀਖਿਆਵਾਂ ਸਬੰਧੀ ਕਿਸੇ ਵੀ ਕਿਸਮ ਦੀ ਜਾਣਕਾਰੀ ਜਾਂ ਸ਼ਿਕਾਇਤ ਸਬੰਧੀ ਪ੍ਰਿੰਸੀਪਲ ਅਵਤਾਰ ਸਿੰਘ ਮੋਬਾਇਲ ਨੰਬਰ 9815661900, ਲੈਕਚਰਾਰ ਬਲਜਿੰਦਰ ਸਿੰਘ ਮੋਬਾਇਲ ਨੰਬਰ 9779123910 ਤੇ ਸੰਪਰਕ ਕੀਤਾ ਜਾ ਸਕਦਾ ਹੈ।ਜਾਂ ਸ਼ਿਕਾਇਤ ਸਬੰਧੀ ਪ੍ਰਿੰਸੀਪਲ ਅਵਤਾਰ ਸਿੰਘ ਮੋਬਾਇਲ ਨੰਬਰ 9815661900, ਲੈਕਚਰਾਰ ਬਲਜਿੰਦਰ ਸਿੰਘ ਮੋਬਾਇਲ ਨੰਬਰ 9779123910 ਤੇ ਸੰਪਰਕ ਕੀਤਾ ਜਾ ਸਕਦਾ ਹ। ਇਸ ਮੌਕੇ ਡੀਲਿੰਗ ਹੈਂਡ ਇਕਬਾਲ ਸਿੰਘ, ਬਿਕਰਮਜੀਤ ਸਿੰਘ, ਬਲਜਿੰਦਰ ਸਿੰਘ ਅਤੇ ਸੁਖਬੀਰ ਸਿੰਘ ਕੰਗ ਹਾਜ਼ਰ ਸਨ

## ਵਾਈਸ ਚੇਅਰਮੈਨ ਬਣਨ 'ਤੇ ਬੰਦੇਸ਼ਾ ਦਾ ਵਪਾਰ ਮੰਡਲ ਵੱਲੋਂ ਸਨਮਾਨ



ਅੰਮ੍ਰਿਤਸਰ,15 ਫਰਵਰੀ ( ਬਬਲੂ ਹਾਜਨ) :ਅੰਮ੍ਰਿਤਸਰ ਦੀਆਂ 50 ਦੇ ਕਰੀਬ ਉਦਯੋਗਿਕ ਵਪਾਰਕ ਐਸੋਸੀਏਸ਼ਨਜ਼ ਦੇ ਪ੍ਰਧਾਨ ਅਤੇ ਸਕੱਤਰ ਸਾਹਿਬਾਨ ਨੇ ਸਾਂਝੇ ਤੌਰ 'ਤੇ ਵਪਾਰ ਮੰਡਲ ਦੀ ਅਗਵਾਈ ਵਿੱਚ ਹੋਟਲ ਰਿਜੈਂਟਾ ਚ ਮੀਟਿੰਗ ਦੌਰਾਨ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਨਵ ਨਿਯੁਕਤ ਵਾਈਸ ਚੇਅਰਮੈਨ ਜਸਕਰਨ ਸਿੰਘ ਬੰਦੇਸ਼ਾ ਦਾ ਪੰਜਾਬ ਵਪਾਰ ਮੰਡਲ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪੰਜਾਬ ਵਪਾਰ ਮੰਡਲ ਦੇ ਪ੍ਰਧਾਨ ਅਤੇ ਉੱਘੇ ਕਾਰੋਬਾਰੀ ਸ਼੍ਰੀ ਪਿਆਰੇ ਲਾਲ ਸੇਠ ਨੇ ਸ ਬੰਦੇਸ਼ਾ ਨੂੰ ਜੀ ਆਈਆਂ ਕਿਹਾ ਅਤੇ ਅਗੇ ਬੋਲਦਿਆਂ ਕਿਹਾ ਕਿ ਸਰਕਾਰ ਵੱਲੋਂ ਸ ਬੰਦੇਸ਼ਾ ਨੂੰ ਵੱਡੀ ਜਿੰਮੇਵਾਰੀ ਮਿਲਣ ਨਾਲ ਅੰਮ੍ਰਿਤਸਰ ਦੇ ਕਾਰੋਬਾਰੀਆਂ ਚ ਖੁਸ਼ੀ ਦੀ ਲਹਿਰ ਹੈ ਅਤੇ ਵਪਾਰ ਮੰਡਲ ਸਰਕਾਰ ਦਾ ਉਹਨਾਂ ਦੀ ਨਿਯੁਕਤੀ ਕਰਨ ਤੇ ਧੰਨਵਾਦ ਕਰਦਾ ਹੈ ਅਤੇ ਵਿਓਪਾਰ ਮੰਡਲ ਅਤੇ ਵੱਖ ਵੱਖ ਕਾਰੋਬਾਰੀ ਐਸੋਸੀਏਸ਼ਨਜ਼ ਨੂੰ ਪੂਰੀ ਆਸ ਹੈ ਕਿ ਅੰਮ੍ਰਿਤਸਰ ਨਾਲ ਸਬੰਧਿਤ ਹੋਵਣ ਕਰਕੇ ਸ ਬੰਦੇਸ਼ਾ ਅੰਮ੍ਰਿਤਸਰ ਦੇ ਸਾਰੇ ਫੋਕਲ ਪੁਆਇੰਟਸ ਅਤੇ ਕਾਰੋਬਾਰੀਆਂ ਨਾਲ ਸਬੰਧਤ ਮਸਲੇ ਸ਼ਿਕਾਇਤਾਂ ਜਲਦ ਹੱਲ ਕਰਨ ਲਈ ਸਰਗਰਮ ਰਹਿਣਗੇ। ਇਸ ਮੌਕੇ ਸਨਅਤਕਾਰਾਂ ਤੇ ਵਿਓਪਾਰੀਆਂ ਨੇ ਸ ਬੰਦੇਸ਼ਾ ਸਾਹਮਣੇ ਕੁਝ ਮੰਗਾਂ ਵੀ ਰੱਖੀਆਂ, ਜਿਸ ਤੇ ਬੋਲਦਿਆਂ ਜਸਕਰਨ ਸਿੰਘ ਬੰਦੇਸ਼ਾ ਨੇ ਕਿਹਾ ਕਿ ਸਨਅਤਕਾਰਾਂ ਨੂੰ ਦਰਪੇਸ਼ ਮਸਲੇ ਪਹਿਲ ਦੇ ਆਧਾਰ ਤੇ ਹੱਲ ਕਰਨੇ ਉਹਨਾਂ ਦਾ ਮੁਢਲਾ ਫਰਜ਼ ਹੈ। ਉਹਨਾਂ ਕਾਰੋਬਾਰੀ ਐਸੋਸੀਏਸ਼ਨਜ਼ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਕਾਰੋਬਾਰ ਨੂੰ ਵਧਣ ਫੁੱਲਣ ਲਈ ਪੂਰਾ ਸੁਰੱਖਿਅਤ ਸੁਖਾਲਾ ਅਤੇ ਪਾਰਦਰਸ਼ੀ ਮਾਹੌਲ ਸਿਰਜਣ ਲਈ ਵਚਨਬੱਧ ਹੈ । ਉਹਨਾਂ ਕਿਹਾ ਕਿ ਪੀਐਸਆਈਈ ਸੀ ਜਿੱਥੇ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਤੇਜ ਕਰਨ ਉਦਯੋਗਪਤੀਆਂ ਅਤੇ ਉੱਦਮੀਆਂ ਨੂੰ ਉਤਸ਼ਾਹਿਤ ਕਰ ਰਹੀ ਹੈ ਉੱਥੇ ਉਦਯੋਗਿਕ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵੀ ਪੂਰੀ ਸਰਗਰਮ ਹੈ ਅਤੇ ਸੂਬੇ ਵਿੱਚ ਨਵੀਂ ਉਦਯੋਗਿਕ ਨੀਤੀ ਜਲਦੀ ਆ ਰਹੀ ਹੈ ਜਿਸ ਵਿੱਚ ਐਮਐਸਐਮਈਜ ਅਤੇ ਨਿਰਯਾਤ ਮੁਖੀ ਇਕਾਈਆਂ ਨੂੰ ਉਤਸ਼ਾਹਿਤ ਕਰਨ ਲਈ ਪ੍ਰਗਤੀਸ਼ੀਲ ਅਤੇ ਉਦਯੋਗ ਅਨੁਕੂਲ ਵਾਤਾਵਰਣ ਬਣਾਂ ਲਈ ਸਰਗਰਮੀਆਂ ਹੋਰ ਤੇਜ਼ ਹੋ ਜਾਣਗੀਆਂ। ਮੀਟਿੰਗ ਵਿੱਚ ਕਾਰੋਬਾਰੀ ਐਸੋਸੀਏਸ਼ਨਜ਼ ਵਲੋਂ ਸਾਂਝੇ ਤੌਰ ਤੇ ਸ ਬੰਦੇਸ਼ਾ ਦਾ ਸਨਮਾਨ ਕੀਤਾ ਗਿਆ।ਮੀਟਿੰਗ ਨੂੰ ਸ਼੍ਰੀ ਪਿਆਰੇ ਲਾਲ ਸੇਠ ਜੀ ,ਸਮੀਰ ਜੈਨ ,ਸੁਰਿੰਦਰ ਦੁੱਗਲ ਜੀ , ਵਿਕਾਸ ਨਾਰੰਗ ,ਸ ਗੁਰਪ੍ਰੀਤ ਸਿੰਘ ਕਟਾਰੀਆ ਚੇਅਰਮੈਨ ਟਰੇਡਰਜ਼ ਕਮਿਸ਼ਨ ਸ਼੍ਰੀ ਕਪਿਲ ਚੱਢਾ ਅਤੇ ਸ਼੍ਰੀ ਰਮਨ ਕੁਮਾਰ ਅਤੇ ਹੋਰ ਉਦਯੋਗਪਤੀਆਂ ਨੇ ਸੰਬੋਧਿਤ ਕੀਤਾ ।

## ਡਾ. ਜਗਜੋਤ ਸਿੰਘ ਰੂਬਲ ਨੇ ਬਣਾਈ ਸ਼ਿਵ ਅਤੇ ਪਾਰਵਤੀ ਦੀ ਸ਼ਾਨਦਾਰ ਪੇਂਟਿੰਗ



ਅੰਮ੍ਰਿਤਸਰ , 15 ਫਰਵਰੀ (ਬਬਲੂ ਮਹਾਜਨ ) :ਪ੍ਰਸਿੱਧ ਅੰਮ੍ਰਿਤਸਰ ਕਲਾਕਾਰ ਡਾ. ਜਗਜੋਤ ਸਿੰਘ ਰੂਬਲ ਨੇ ਭਗਵਾਨ ਸ਼ਿਵ ਅਤੇ ਮਾਤਾ ਪਾਰਵਤੀ ਦੀ ਇੱਕ ਸੁੰਦਰ ਅਤੇ ਮਨਮੋਹਕ ਪੇਂਟਿੰਗ ਬਣਾਈ ਹੈ। ਇਹ ਪੇਂਟਿੰਗ 3 ਫੁੱਟ ਗੁਣਾ 4 ਫੁੱਟ ਹੈ ਅਤੇ ਐਕ੍ਰੀਲਿਕ ਪੇਂਟ ਦੀ ਵਰਤੋਂ ਕਰਕੇ ਬਣਾਈ ਗਈ ਹੈ। ਡਾ. ਰੂਬਲ ਦੇ ਅਨੁਸਾਰ, ਇਸਨੂੰ ਪੂਰਾ ਕਰਨ ਵਿੱਚ ਲਗਭਗ 14 ਦਿਨ ਲੱਗੇ। ਮਹਾਂਸ਼ਿਵਰਾਤਰੀ ਦੇ ਇਸ ਸ਼ੁਭ ਮੌਕੇ 'ਤੇ, ਡਾ. ਜਗਜੋਤ ਸਿੰਘ ਰੂਬਲ ਨੇ ਸਾਰੇ ਸ਼ਰਧਾਲੂਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ । ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪੇਂਟਿੰਗ ਸ਼ਿਵ ਅਤੇ ਪਾਰਵਤੀ ਦੇ ਬ੍ਰਹਮ ਰੂਪ ਅਤੇ ਅਧਿਆਤਮਿਕ ਭਾਵਨਾਵਾਂ ਨੂੰ ਦਰਸਾਉਂਦੀ ਹੈ। ਡਾ. ਰੂਬਲ ਨੇ ਕਈ ਧਾਰਮਿਕ ਪੇਂਟਿੰਗਾਂ ਵੀ ਬਣਾਈਆਂ ਹਨ। ਭਗਵਾਨ ਸ਼੍ਰੀ ਰਾਮ ਦੀ ਉਨ੍ਹਾਂ ਦੀ ਪੇਂਟਿੰਗ ਅੰਮ੍ਰਿਤਸਰ ਦੇ ਸ਼੍ਰੀ ਦੁਰਗਿਆਨਾ ਮੰਦਰ ਵਿੱਚ ਸਥਾਪਿਤ ਹੈ ਅਤੇ ਸ਼ਰਧਾਲੂਆਂ ਦੁਆਰਾ ਇਸਦੀ ਬਹੁਤ ਪ੍ਰਸ਼ੰਸਾ ਕੀਤੀ ਜਾਂਦੀ ਹੈ। ਉਨ੍ਹਾਂ ਨੇ ਪਹਿਲਾਂ ਦੇਵੀ ਸਰਸਵਤੀ ਦੀ ਇੱਕ ਪੇਂਟਿੰਗ ਵੀ ਬਣਾਈ ਸੀ, ਜੋ ਕਲਾ ਪ੍ਰੇਮੀਆਂ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦੀ ਹੈ।

## ਅੰਤਰਰਾਸ਼ਟਰੀ ਪੰਜਾਬੀ ਸੱਭਿਆਚਾਰਕ ਮੇਲਾ 19 ਨੂੰ : ਦਿਲਬਾਗ ਸਿੰਘ ਭੱਟੀ

ਅਜਨਾਲਾ, 15ਫਰਵਰੀ(ਸੁਖਦੇਵ ਸਿੰਘ ਖਾਲਸਾ) : ਧੰਨ-ਧੰਨ ਬਾਬਾ ਲੱਖ ਦਾਤਾ ਜੀ ਦੀ ਯਾਦ ਵਿਚ ਅਤੇ ਉੱਘੇ ਦੇਸ਼ ਭਗਤ ਬਾਪੂ ਉਜਾਗਰ ਸਿੰਘ ਖਤਰਾਏ ਕਲਾਂ ਤੇ ਪੰਜਾਬੀ ਮੇਲਿਆਂ ਦੇ ਬਾਬਾ ਬੋਹੜ ਜਗਦੇਵ ਸਿੰਘ ਜੱਸੋਵਾਲ ਨੂੰ ਸਮਰਪਿਤ ਅੰਤਰਰਾਸ਼ਟਰੀ ਪੰਜਾਬੀ ਸੱਭਿਆਚਾਰਕ ਮੇਲਾ 19 ਫਰਵਰੀ ਨੂੰ ਦਾਣਾ ਮੰਡੀ ਖਤਰਾਏ ਕਲਾਂ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੇਲੇ ਦੇ ਮੁੱਖ ਪ੍ਰਬੰਧਕ ਦਿਲਬਾਗ ਸਿੰਘ ਭੱਟੀ ਖਤਰਾਏ ਕਲਾਂ ਨੇ ਦੱਸਿਆ ਕਿ ਉਕਤ ਮੇਲੇ ਦੌਰਾਨ ਸਰਬੱਤ ਦਾ ਭਲਾ ਟਰਸਟ ਦੇ ਮੁਖੀ ਡਾ. ਐਸ. ਪੀ. ਸਿੰਘ ਉਬਰਾਏ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਮੇਲੇ ਦਾ ਸ਼ੁਭ ਆਰੰਭ ਪਰਗਟ ਸਿੰਘ ਗਰੇਵਾਲ, ਗੁਰਨਾਮ ਸਿੰਘ ਧਾਲੀਵਾਲ ਅਤੇ ਨਿਰਮਲ ਜੌੜਾ ਕਰਨਗੇ। ਮੇਲੇ ਦੌਰਾਨ ਲੋਕ ਗਾਇਕੀ ਦੇ ਪ੍ਰਸਿੱਧ ਗਾਇਕ ਜੋੜੀ ਬਲਕਾਰ ਅਣਖੀਲਾ ਤੇ ਬੀਬਾ ਮਨਜਿੰਦਰ ਗੁਲਸ਼ਨ, ਜੀ.ਐਸ. ਪੀਟਰ,ਗੁਰਵਿੰਦਰ ਗਿੱਲ, ਬਲਰਾਜ - ਯੁਵਰਾਜ ਬ੍ਰਦਰਜ਼, ਬਲਵਿੰਦਰ ਪੱਖੋਕੇ,ਅਨੋਖ ਔਜਲਾ ਸਮੇਤ ਉੱਚਕੋਟੀ ਦੇ ਨਾਮਵਰ ਕਲਾਕਾਰ ਬੁਲੰਦ ਆਵਾਜ਼ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਉਹਨਾਂ ਨੇ ਅੱਗੇ ਦੱਸਿਆ ਕਿ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਸ਼ਖਸ਼ੀਅਤਾਂ ਜਿੰਨਾਂ ਵਿੱਚ ਡਾ. ਕਰਮਜੀਤ ਸਿੰਘ ਉਪ ਕੁਲਪਤੀ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਸ੍ਰੀ ਮਹੇਸ਼ ਕੁਮਾਰ ਸ਼ਰਮਾ ਅਡੀਸ਼ਨਲ ਸੈਸ਼ਨ ਜੱਜ, ਇੰਦਰਜੀਤ ਸਿੰਘ ਜੱਸੋਵਾਲ ਜੋਇੰਟ ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ, ਹਰਪਾਲ ਸਿੰਘ ਰੰਧਾਵਾ ਪ੍ਰਧਾਨ ਅਕਾਲ ਸੇਵਾ ਫੈਡਰੇਸ਼ਨ (ਯੂ.ਐਸ.ਏ.), ਤਰਸੇਮ ਮਸੀਹ ਡਿਪਟੀ ਪੰਜਾਬ ਪੁਲਿਸ ਕੌਮਾਂਤਰੀ ਖਿਡਾਰੀ ਆਦਿ ਸ਼ਖਸੀਅਤਾਂ ਨੂੰ ਮੇਲੇ ਦੌਰਾਨ ਵੱਖ-ਵੱਖ ਅਵਾਰਡਾਂ ਨਾਲ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ ਇਸ ਮੌਕੇ ਦਿਲਬਾਗ ਸਿੰਘ ਭੱਟੀ ਤੋਂ ਇਲਾਵਾ ਹੈਡ ਮਾਸਟਰ ਅਵਤਾਰ ਸਿੰਘ,ਕੰਵਲਜੀਤ ਸਿੰਘ,ਅਮਨਪ੍ਰੀਤ ਸਿੰਘ,ਡਾ ਸੰਦੀਪ ਸਿੰਘ,ਰੇਸ਼ਮ ਸਿੰਘ,ਗੁਰਵਿੰਦਰ ਆਦਿ ਹਾਜ਼ਰ ਸਨ

## ਗੁਰਦੁਆਰਾ ਸਿੰਘ ਸਭਾ ਵਿਖੇ ਗੁਰਮਤਿ ਸਮਾਗਮ ਕਰਵਾਇਆ

ਚੋਗਾਵਾਂ, 15 ਫ਼ਰਵਰੀ (ਸੁਬੇਗ ਸਿੰਘ ਸੋਨਾ) : ਜ਼ਿਲ੍ਹਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਹਾਸ਼ਮਪੁਰਾ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਦੂਸਰਾ ਗੁਰਮਤਿ ਸਮਾਗਮ ਐਨ ਆਰ ਆਈ ਵੀਰਾਂ ਅਤੇ ਪਿੰਡ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸੰਤ ਮਹਾਂਪੁਰਸ਼ਾਂ ਦੇ ਅਸ਼ੀਰਵਾਦ ਸਦਕਾ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਏ ਗਏ। ਉਪਰੰਤ ਸੱਜੇ ਸੁੰਦਰ ਦੀਵਾਨ ਵਿੱਚ ਪੰਥ ਦੇ ਮਹਾਨ ਰਾਗੀ ਢਾਡੀ ਕਵੀਸ਼ਰੀ ਜਥੇ ਜਿਨਾਂ ਵਿੱਚ ਕੀਰਤਨੀ ਜਥਾ ਭਾਈ ਅੰਗਰੇਜ਼ ਸਿੰਘ ( ਰਾਏਪੁਰ ), ਇੰਟਰਨੈਸ਼ਨਲ ਗੋਲਡ ਮੈਡਲਿਸਟ ਭਾਈ ਸਤਨਾਮ ਸਿੰਘ ਲਾਲੂ ਘੁੰਮਣ, ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਮੰਜੀ ਸਾਹਿਬ ਵਾਲੇ, ਭਾਈ ਸੁਲੱਖਣ ਸਿੰਘ ਰਿਆੜ ਦਾ ਕਵੀਸ਼ਰੀ ਜਥਾ, ਸ਼ਿੰਗਾਰਾ ਸਿੰਘ ਹਾਸ਼ਮਪੁਰਾ ਇੰਟਰਨੈਸ਼ਨਲ ਪੰਥਕ ਢਾਡੀ ਜਥਾ, ਕਥਾਵਾਚਕ ਭਾਈ ਜੱਜਵਿੰਦਰ ਸਿੰਘ ਅਜਨਾਲਾ, ਭਾਈ ਮਲਕੀਤ ਸਿੰਘ ਸ਼ੇਖ ਭੱਟੀ ਦਾ ਕਵਿਸ਼ਰੀ ਜਥਾ, ਹਜ਼ੂਰੀ ਢਾਡੀ ਜਥਾ ਭਾਈ ਕਿਰਪਾਲ ਸਿੰਘ ਅਜਨਾਲਾ ਦੇ ਜਥਿਆਂ ਵੱਲੋਂ ਕਥਾ ਕੀਰਤਨ ਤੇ ਗੁਰਬਾਨੀ ਦੀ ਛਹਿਬਰ ਲਗਾ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਜੁੜੀਆਂ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ । ਸਮਾਗਮ ਵਿੱਚ ਸੰਤ ਮਹਾਂਪੁਰਸ਼ ਸੰਤ ਬਾਬਾ ਨਰਿੰਦਰ ਸਿੰਘ ਜੀ, ਸੰਤ ਬਾਬਾ ਬਲਵਿੰਦਰ ਸਿੰਘ ਜੀ ਕਾਰ ਸੇਵਾ ਹਜ਼ੂਰ ਸਾਹਿਬ ਵਾਲੇ, ਸੰਤ ਬਾਬਾ ਸਤਨਾਮ ਸਿੰਘ ਜੀ ਕਾਰ ਸੇਵਾ ਗੁਰੂ ਕੇ ਬਾਗ ਵਾਲੇ, ਸੰਤ ਬਾਬਾ ਜਗੀਰ ਸਿੰਘ ਜੀ ਕਾਰ ਸੇਵਾ ਗੁਰੂ ਕੇ ਬਾਗ ਵਾਲੇ, ਸੰਤ ਬਾਬਾ ਕੁਲਦੀਪ ਸਿੰਘ ਜੀ ਕਾਰ ਸੇਵਾ ਹਜ਼ੂਰ ਸਾਹਿਬ ਵਾਲੇ, ਸੰਤ ਬਾਬਾ ਜੋਗਿੰਦਰ ਸਿੰਘ ਜੀ ਲੋਪੋਕੇ ਸ਼ਹੀਦਾਂ ਸਾਹਿਬ ਵਾਲੇ, ਸੰਤ ਬਾਬਾ ਮੁਖਤਾਰ ਸਿੰਘ ਜੀ ਕਾਰ ਸੇਵਾ ਗੁਰੂ ਕੇ ਬਾਗ ਵਾਲੇ, ਸੰਤ ਬਾਬਾ ਸਤਨਾਮ ਸਿੰਘ ਜੀ ਕਾਰ ਸੇਵਾ ਗੁਰੂ ਕੇ ਬਾਗ ਵਾਲੇ, ਉਚੇਚੇ ਤੌਰ ਤੇ ਹਾਜ਼ਰੀਆ ਭਰੀਆਂ । ਪ੍ਰਬੰਧਕਾਂ ਵੱਲੋਂ ਆਏ ਹੋਏ ਸੰਤ ਮਹਾਂਪੁਰਸਾ ਅਤੇ ਜਥਿਆਂ ਨੂੰ ਗੁਰੂ ਘਰ ਦੀ ਬਖ਼ਸ਼ੀਸ਼ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸੇਵਾਦਾਰਾ ਵਲੋ ਸੰਗਤਾ ਦੇ ਲਈ ਚਾਹ, ਪਕੌੜੇ, ਜਲੇਬੀਆਂ, ਸਮੇਤ ਅਨੇਕਾਂ ਸੁਆਦੀ ਪਕਵਾਨਾਂ ਦੇ ਲੰਗਰ ਅਤੁੱਟ ਵਰਤਾਏ ਗਏ।

## ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਦੇ ਪਹਿਲੇ ਹਾਲ ਦੇ ਨਵੀਨੀਕਰਨ ਦਾ ਉਦਘਾਟਨ



ਅੰਮ੍ਰਿਤਸਰ, 15 ਫਰਵਰੀ (ਬਬਲੂ ਮਹਾਜਨ) : ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਦੇ ਪਹਿਲੇ ਹਾਲ ਦੇ ਨਵੀਨੀਕਰਨ ਦਾ ਸ਼ੁੱਭ ਉਦਘਾਟਨ ਸਮਾਗਮ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਦੀ ਅਗਵਾਈ ਹੇਠ ਕੀਤਾ ਗਿਆ।ਇਸ ਮੌਕੇ ਵਾਹਿਗੁਰੂ ਸਿਮਰਨ ਅਤੇ ਅਰਦਾਸ ਕਰਕੇ ਹਾਲ ਦਾ ਰਸਮੀ ਉਦਘਾਟਨ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਜੀ, ਹਲਕਾ ਵਿਧਾਇਕ ਡਾਕਟਰ ਇੰਦਰਬੀਰ ਸਿੰਘ ਨਿੱਜਰ, ਭਾਈ ਗੁਰਇਕਬਾਲ ਸਿੰਘ,ਮਾਤਾ ਵਿਪਨਪ੍ਰੀਤ ਕੌਰ ਲੁਧਿਆਣੇ ਵਾਲੇ,ਭਾਈ ਹਰਵਿੰਦਰ ਪਾਲ ਸਿੰਘ ਲਿਟਰ ਵੀਰ ਜੀ,ਧਾਰਮਿਕ ਅਤੇ ਸਮਾਜਿਕ ਖੇਤਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਮੀਡੀਆ ਨਾਲ ਗੱਲਬਾਤ ਕਰਦਿਆਂ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਨੇ ਦੱਸਿਆ ਕਿ ਹਸਪਤਾਲ ਦੇ ਪਹਿਲੇ ਹਾਲ ਦਾ ਨਵੀਨੀਕਰਨ ਸੰਗਤਾਂ ਦੇ ਸਹਿਯੋਗ ਨਾਲ ਸੰਪੰਨ ਕੀਤਾ ਗਿਆ ਹੈ।ਇਸ ਨਵੀਨੀਕਰਨ ਨਾਲ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਹੋਰ ਵਧੀਆ ਅਤੇ ਸੁਵਿਧਾਜਨਕ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਟਰੱਸਟ ਵੱਲੋਂ ਹਸਪਤਾਲ ਹਮੇਸ਼ਾ ਹੀ ਗਰੀਬ ਅਤੇ ਲੋੜਵੰਦ ਲੋਕਾਂ ਦੀ ਸੇਵਾ ਲਈ ਸਮਰਪਿਤ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਸੇਵਾ ਕਾਰਜ ਜਾਰੀ ਰਹਿਣਗੇ। ਭਾਈ ਹਰਵਿੰਦਰਪਾਲ ਸਿੰਘ ਲਿਟਲ ਵੀਰ ਜੀ ਨੇ ਦੱਸਿਆ ਬੀਬੀ ਕੋਲਾ ਜੀ ਚੈਰੀਟੇਬਲ ਹਸਪਤਾਲ ਖੋਲਣ ਦਾ ਖਾਸ ਉਪਰਾਲਾ ਅੱਜ ਤੋਂ 22 ਸਾਲ ਪਹਿਲੇ ਕੀਤਾ ਗਿਆ।ਜਿਸਦੀ ਸ਼ੁਰੂਆਤ 5 ਰਪਏ ਪਰਚੀ ਵਿੱਚ ਦੋ ਦਿਨ ਦੀ ਦਵਾਈ ਤੋਂ ਕੀਤੀ ਗਈ ਸੀ। ਮਹਾਂਪੁਰਖਾਂ ਦੀਆਂ ਅਸੀਸਾਂ ਸਦਕਾ ਅੱਜ ਇੱਕੋ ਛੱਤ ਥੱਲੇ ਹਰ ਤਰਹਾਂ ਦਾ ਇਲਾਜ ਲਾਗਤ ਮੁਲ ਉੱਤੇ ਕੀਤਾ ਜਾ ਰਿਹਾ ਹੈ ਜਿਸ ਵਿੱਚ ਅਲਟਰਾਸਾਊਂਡ, ਐ-ਕਸਰੇ,ਐਮਆਰਆਈ,ਸਿਟੀ ਸਕੈਨ, ਖੂਨ ਦੇ ਟੈਸਟ,ਅੱਖਾਂ ਦੇ ਆਪਰੇਸ਼ਨ ਆਦਿ ਸੰਗਤਾਂ ਦੀ ਸਹੂਲਤ ਲਈ ਬਹੁਤ ਘੱਟ ਰੇਟਾਂ ਦੇ ਕੀਤੇ ਜਾ ਰਹੇ ਹਨ। ਇਸ ਮੌਕੇ ਡਾਕਟਰ ਇੰਦਰਬੀਰ ਸਿੰਘ ਨਿਜਰ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਭਾਈ ਗੁਰਇਕਬਾਲ ਸਿੰਘ ਅਤੇ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੱਲੋਂ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ। ਉਹਨਾਂ ਕਿਹਾ ਭਾਈ ਸਾਹਿਬ ਵੱਲੋਂ ਸਿੱਖੀ ,ਸਿੱਖਿਆ ਅਤੇ ਸਿਹਤ ਲਈ ਕੀਤੇ ਜਾ ਰਹੇ ਕਾਰਜ ਕਾਬਲੇ ਤਾਰੀਫ ਹਨ। ਗੁਰੂ ਸਾਹਿਬ ਵਲੋਂ ਵਸਾਈ ਪਵਿੱਤਰ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਮਹਾਂਪੁਰਖਾਂ ਦੀ ਮਹਾਨ ਦੇਣ ਹੈ। ਇਸ ਮੌਕੇ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਨੇ ਆਏ ਹੋਏ ਪਤਵੰਤੇ ਸੱਜਣਾਂ ਦਾ ਸਨਮਾਨ ਕੀਤਾ । ਭਾਈ ਸਾਹਿਬ ਨੇ ਆਈਆਂ ਸੰਗਤਾਂ ਨੂੰ ਜੀਆ ਆਖਿਆ ਅਤੇ ਧੰਨਵਾਦ ਕੀਤਾ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਵਿਕਰਮ ਸਿੰਘ ਜੈ ਸਿੰਘ ਮਨਦੀਪ ਸਿੰਘ ਭੋਲੂ ਕੰਵਰਬੀਰ ਸਿੰਘ ਅਹਿਮਦਾਬਾਦ ਪਰਮਜੀਤ ਸਿੰਘ,ਦਲਬੀਰ ਸਿੰਘ,ਗਗਨਦੀਪ ਸਿੰਘ,ਜਗਮੋਹਨ ਸਿੰਘ, ਸੁਖਵਿੰਦਰ ਸਿੰਘ ਗੋਗਾ ਵੀਰ ਜੀ ਹਰਿੰਦਰ ਸਿੰਘ ਗੋਲਡੀ, ਅਮਰਜੀਤ ਸਿੰਘ ਸਿਲਕੀ ਪਰਮਜੀਤ ਕੌਰ ਪੰਮਾਂ ਭੈਣ ਜੀ ਸੁਰਿੰਦਰ ਸਿੰਘ ਰਿੰਕੂ,ਗੁ ਰਾਜਿੰਦਰ ਸਿੰਘ ਰਾਣਾ ਗੁਰਪ੍ਰੀਤ ਸਿੰਘ ਚਾਹਤ ਹਾਜ਼ਰ ਸਨ।

## ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 4 ਮਾਰਚ ਨੂੰ ਸਜਾਇਆ ਜਾਵੇਗਾ ਹੋਲਾ ਮਹੱਲਾ: ਪ੍ਰੋ. ਗਗੋਆਣੀ



ਅੰਮ੍ਰਿਤਸਰ, 15 ਫਰਵਰੀ ( ਬਬਲੂ ਮਹਾਜਨ) :ਸ੍ਰੀ ਗੁਰੂ ਸਿੰਘ ਸਭਾ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ 4 ਮਾਰਚ ਬੁੱਧਵਾਰ ਨੂੰ ਹੋਲਾ ਮਹੱਲਾ ਸਜਾਇਆ ਜਾਵੇਗਾ। ਸ੍ਰੀ ਗੁਰੂ ਸਿੰਘ ਸਭਾ ਦੀ ਕਾਰਜਕਾਰਨੀ ਦੀ ਇਕੱਤਰਤਾ ਸਭਾ ਦੇ ਪ੍ਰਧਾਨ ਪ੍ਰੋ. ਇੰਦਰਜੀਤ ਸਿੰਘ ਗਗੋਆਣੀ ਦੀ ਪ੍ਰਧਾਨਗੀ ਹੇਠ ਮੁੱਖ ਦਫਤਰ ਵਿਰਾਸਤੀ ਮਾਰਗ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਈ। ਜਰਨਲ ਸਕੱਤਰ ਹਰਮਨਜੀਤ ਸਿੰਘ ਨੇ ਮੀਟਿੰਗ ਦੇ ਏਜੰਡੇ ਪੜ੍ਹੇ, ਜਿਸ ਨੂੰ ਹਾਜਰ ਮੈਂਬਰਾਂ ਨੇ ਪ੍ਰਵਾਨ ਕੀਤਾ। ਪ੍ਰਧਾਨ ਪ੍ਰੋ. ਇੰਦਰਜੀਤ ਸਿੰਘ ਗਗੋਆਣੀ ਨੇ ਦੱਸਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ 4 ਮਾਰਚ ਬੁੱਧਵਾਰ ਨੂੰ ਦੁਪਹਿਰ 12 ਵਜੇ ਪੁਰਾਤਨ ਮਰਿਆਦਾ ਅਨੁਸਾਰ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਹਰਿਮੰਦਰ ਸਾਹਿਬ ਅਤੇ ਸੰਗਤਾਂ ਸਹਿਯੋਗ ਨਾਲ ਹੋਲਾ ਮਹੱਲਾ ਸਜਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਖਾਲਸਾ ਪੰਥ ਦੇ ਬਾਨੀ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿੱਖਾਂ ਵਿਚ ਸੂਰਬੀਰਤਾ, ਦਲੇਰੀ, ਅਣਖ ਅਤੇ ਸਿੱਖੀ ਸਪਿਰਟ ਪੈਦਾ ਕਰਨ ਲਈ ਹੋਲੇ ਮਹੱਲੇ ਦਾ ਤਿਉਹਾਰ ਪ੍ਰਚਲਤ ਕੀਤਾ ਸੀ। ਇਸ ਕਾਰਨ ਲੋਕਾਂ ਦੀਆਂ ਹੋਲੀਆਂ ਤੇ ਖਾਲਸੇ ਦਾ ਹੋਲਾ ਦਾ ਵਾਕ ਪ੍ਰਚਲਤ ਆ ਰਿਹਾ ਹੈ। ਇਹ ਪਵਿੱਤਰ ਦਿਹਾੜਾ ਗੁਰੂ ਸਾਹਿਬ ਦੀ ਸਾਜੀ ਨਿਵਾਜੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵੱਲੋਂ ਹਰ ਸਾਲ ਵਾਂਗ ਮਨਾਇਆ ਜਾਂਦਾ ਹੈ। ਉਨ੍ਹਾਂ ਬੇਨਤੀ ਕੀਤੀ ਕਿ ਕੌਮ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਾਹਮਣੇ ਰੱਖਦਿਆਂ ਅੰਮ੍ਰਿਤਸਰ ਤੇ ਇਲਾਕੇ ਦੇ ਸਰਬੱਤ ਗੁਰੂ ਘਰ ਦੇ ਸ਼ਰਧਾਲੂ ਹੁੰਮ-ਹੁੰਮਾ ਕੇ ਮਹੱਲੇ ਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਮਹੱਲਾ ਕੱਢਣ ਸਮੇਂ ਸ਼ਬਦਾਂ ਦੀ ਗੂੰਜ ਨਾਲ ਅੰਮ੍ਰਿਤ ਤੇ ਫੁੱਲਾਂ ਦੀ ਵਰਖਾ 4 ਮਾਰਚ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਠੀਕ 12 ਵਜੇ ਦੁਪਹਿਰ ਤੋਂ ਸਮਾਪਤੀ ਉਪਰੰਤ ਅਤੇ ਰਾਤ ਨੂੰ ਸੱਚਖੰਡ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਤੇ ਫੁੱਲਾਂ ਦੀ ਵਰਖਾ ਹੋਵੇਗੀ। ਜਿਸ ਵਿਚ ਸੰਗਤਾਂ ਦੇ ਨਾਲ-ਨਾਲ ਸ਼ਬਦੀ ਜਥੇ, ਬੈਂਡ, ਨਰਸਿੰਘੇ, ਗੱਤਕਾ ਪਾਰਟੀਆਂ, ਖਾਲਸਾਈ ਸ਼ਾਨ ਜੋਸ਼ ਵਿਚ ਸ਼ਾਮਲ ਹੋਣਗੇ। ਹੋਲਾ ਮਹੱਲਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਰੰਭ ਹੋ ਕੇ ਵੱਖ-ਵੱਖ ਬਜਾਰਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਘਿਓ ਮੰਡੀ ਚੌਂਕ, ਦਫਤਰ ਸ੍ਰੀ ਗੁਰੂ ਸਿੰਘ ਸਭਾ, ਵਿਰਾਸਤੀ ਮਾਰਗ, ਜਲਿਆਂਵਾਲਾ ਬਾਗ ਰਾਹੀਂ ਹੁੰਦਾ ਹੋਇਆ ਘੰਟਾ ਘਰ ਪੁੱਜ ਕੇ ਸ੍ਰੀ ਤਖਤ ਸਾਹਿਬ ਵਿਖੇ ਸੰਪੂਰਨ ਹੋਵੇਗਾ। ਇਸ ਮੌਕੇ ਹਰਜੀਤ ਸਿੰਘ ਸਚਦੇਵਾ, ਰਵਿੰਦਰਜੀਤ ਸਿੰਘ, ਐਡਵੋਕੇਟ ਇੰਦਰਜੀਤ ਸਿੰਘ ਅੜੀ, ਗੋਪਾਲ ਸਿੰਘ ਆਦਿ ਮੌਜੂਦ ਸਨ।

## ਨੇਚਰ ਫੈਸਟ ਦੇ ਦੂਜੇ ਦਿਨ ਖਰੀਦਦਾਰੀ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਨੇ ਦਿਖਾਇਆ ਜਲਵਾ




ਹੁਸ਼ਿਆਰਪੁਰ, 15 ਫਰਵਰੀ : ਦੀਪਕ ਅਗਨੀਹੋਤਰੀ ਨੇਚਰ ਫੈਸਟ ਹੁਸ਼ਿਆਰਪੁਰ ਦੇ ਦੂਜੇ ਦਿਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਲਾਜਵੰਤੀ ਸਪੋਰਟਸ ਸਟੇਡੀਅਮ ਵਿਖੇ ਪਹੁੰਚ ਕੇ ਖਰੀਦਦਾਰੀ ਕੀਤੀ। ਇਸ ਦੌਰਾਨ ਕਰਵਾਏ ਗਏ ਸੱਭਿਆਚਾਰਕ ਪ੍ਰੋਗਰਾਮਾਂ ਨੇ ਵੀ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ। ਮੇਲੇ ਵਿੱਚ ਸਥਾਨਕ ਉਤਪਾਦਾਂ, ਦਸਤਕਾਰੀ, ਜੈਵਿਕ ਉਤਪਾਦਾਂ ਅਤੇ ਹੋਰ ਚੀਜ਼ਾਂ ਦੀ ਇੱਕ ਵਿਸ਼ੇਸ਼ ਪ੍ਰਦਰਸ਼ਨੀ ਲਗਾਈ ਗਈ। ਲੋਕਾਂ ਨੇ ਵੱਖ-ਵੱਖ ਸਟਾਲਾਂ 'ਤੇ ਜਾ ਕੇ ਖਰੀਦਦਾਰੀ ਕਰਕੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ। ਫੂਡ ਸਟਾਲਾਂ ਤੇ ਵੀ ਵੱਡੀ ਭੀੜ ਦੇਖੀ ਗਈ, ਜਿੱਥੇ ਰਵਾਇਤੀ ਪਕਵਾਨਾਂ ਦਾ ਆਨੰਦ ਮਾਣਿਆ ਗਿਆ। ਦੂਜੇ ਦਿਨ ਦਾ ਮੁੱਖ ਆਕਰਸ਼ਣ ਸੱਭਿਆਚਾਰਕ ਪ੍ਰੋਗਰਾਮ ਸਨ, ਜਿਸ ਵਿੱਚ ਲੋਕ ਨਾਚ, ਗਾਇਕੀ ਮੁਕਾਬਲੇ ਅਤੇ ਰੰਗੀਨ ਪ੍ਰਦਰਸ਼ਨ ਸ਼ਾਮਲ ਸਨ। ਪੰਜਾਬੀ ਭੰਗੜਾ ਅਤੇ ਗਿੱਧੇ ਦੇ ਪ੍ਰਦਰਸ਼ਨ ਨੇ ਦਰਸ਼ਕਾਂ ਨੂੰ ਝੂਮਣ 'ਤੇ ਮਜ਼ਬੂਰ ਕਰ ਦਿੱਤਾ। ਸਥਾਨਕ ਕਲਾਕਾਰਾਂ ਨੇ ਆਪਣੇ ਪ੍ਰਦਰਸ਼ਨ ਨਾਲ ਦਰਸ਼ਕਾਂ ਦਾ ਉਤਸ਼ਾਹ ਵਧਾਇਆ। ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਦਾ ਵਿੰਗਜ਼ ਪ੍ਰੋਜੈਕਟ ਸਟਾਲ ਵੀ ਖਿੱਚ ਦਾ ਕੇਂਦਰ ਰਿਹਾ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਨੇਚਰ ਫੈਸਟ ਦਾ ਉਦੇਸ਼ ਸਿਰਫ਼ ਲੋਕਾਂ ਦਾ ਮਨੋਰੰਜਨ ਕਰਨਾ ਨਹੀਂ ਹੈ, ਸਗੋਂ ਵਾਤਾਵਰਣ ਸੁਰੱਖਿਆ ਅਤੇ ਸਥਾਨਕ ਵਪਾਰ ਨੂੰ ਉਤਸ਼ਾਹਿਤ ਕਰਨਾ ਵੀ ਹੈ। ਉਨ੍ਹਾਂ ਅੱਗੇ ਕਿਹਾ ਕਿ ਨੇਚਰ ਫੈਸਟ ਹੁਸ਼ਿਆਰਪੁਰ ਰਾਹੀਂ ਲੋਕਾਂ ਨੂੰ ਕੁਦਰਤ ਦੀ ਗੋਦ ਵਿੱਚ ਵਸੇ ਹੁਸ਼ਿਆਰਪੁਰ ਦੀ ਵਿਸ਼ਾਲ ਸੈਰ-ਸਪਾਟਾ ਸੰਭਾਵਨਾਵਾਂ ਤੋਂ ਜਾਣੂ ਕਰਵਾਉਂਦਾ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ 15 ਫਰਵਰੀ ਨੂੰ ਖਿੱਚ ਦਾ ਕੇਂਦਰ ਪ੍ਰਸਿੱਧ ਗਾਇਕ ਪ੍ਰਭ ਗਿੱਲ ਦੀ ਗਾਇਕੀ ਵਾਲੀ ਸਿੰਗਰ ਨਾਈਟ ਹੋਵੇਗੀ। ਉਨ੍ਹਾਂ ਕਿਹਾ ਕਿ ਸਿੰਗਰ ਨਾਈਟ ਵਿੱਚ ਦਾਖਲਾ ਖੁੱਲ੍ਹਾ ਹੈ, ਇਸ ਲਈ ਲੋਕ ਆਪਣੇ ਮਨਪਸੰਦ ਗਾਇਕ ਨੂੰ ਸੁਣਨ ਲਈ ਜ਼ਰੂਰ ਪਹੁੰਚਣ। ਇਸ ਤੋਂ ਇਲਾਵਾ 15 ਤਰੀਕ ਨੂੰ ਲੋਕ ਸਾਈਕਲੋਥਾਨ, ਤਲਵਾੜਾ ਵਿੱਚ ਬਰਡ ਵਾਚਿੰਗ, ਫੋਰੈਸਟ ਡਿਸਕਵਰੀ ਟ੍ਰੇਲ (ਆਫ-ਰੋਡਿੰਗ ਅਤੇ ਟ੍ਰੈਕਿੰਗ), ਬੋਟਿੰਗ ਅਤੇ ਟਰੇਜ਼ਰ ਹੰਟ ਦਾ ਆਨੰਦ ਲੈ ਸਕਣਗੇ। ਉਨ੍ਹਾਂ ਨੇ ਜਨਤਾ ਨੂੰ ਵੱਡੀ ਗਿਣਤੀ ਵਿੱਚ ਹਿੱਸਾ ਲੈਣ ਅਤੇ ਇਸ ਪਹਿਲਕਦਮੀ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਨੇਚਰ ਫੈਸਟ ਦੌਰਾਨ ਲੋਕਾਂ ਲਈ ਖੁੱਲ੍ਹਾ ਦਾਖਲਾ ਹੈ ਅਤੇ ਸਟੇਡੀਅਮ ਵਿਚ ਵੱਖ-ਵੱਖ ਚੀਜ਼ਾਂ, ਕਲਾਕ੍ਰਿਤੀਆਂ ਅਤੇ ਸਾਮਾਨ ਦੀ ਪੇਸ਼ਕਸ਼ ਕਰਦੇ ਹੋਏ 100 ਦੇ ਕਰੀਬ ਸਟਾਲ ਲੱਗੇ ਹਨ।

## ਤਿੰਨ ਦਿਨਾਂ ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ ਸਬੰਧੀ ਪੋਸਟਰ ਰਿਲੀਜ਼

ਗੜ੍ਹਦੀਵਾਲਾ 15 ਫਰਵਰੀ (ਗੌਰਵ)ਅੱਜ ਗੜ੍ਹਦੀਵਾਲਾ ਵਿਖੇ ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ ਵੈੱਲਫੇਅਰ ਸੋਸਾਇਟੀ ਗੜ੍ਹਦੀਵਾਲਾ ਵੱਲੋਂ ਆਰਮੀ ਗਰਾਊਂਡ ਖਾਲਸਾ ਕਾਲਜ ਗੜ੍ਹਦੀਵਾਲਾ ਨਜ਼ਦੀਕ 24- 25-26- ਮਾਰਚ 2026 ਨੂੰ ਕਰਵਾਏ ਜਾ ਰਹੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਗੁਰੂ ਮਾਨਿਉ ਗ੍ਰੰਥ ਚੇਤਨਾ ਸਮਾਗਮ ਸਬੰਧੀ ਇਲਾਕੇ ਦੀਆਂ ਧਾਰਮਿਕ 7 ਆਗੂਆਂ ਦੇ ਸਮਾਜਿਕ ਤੇ ਰਾਜਨੀਤਕ ਸਹਿਯੋਗ ਨਾਲ ਜ਼ਿੰਦਾ ਸ਼ਹੀਦ ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵਾਲਿਆਂ ਵੱਲੋਂ ਪੋਸਟਰ ਰਲੀਜ਼ ਕੀਤਾ ਗਿਆ । ਇਸ ਮੌਕੇ ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ ਵੈੱਲਫੇਅਰ ਸੋਸਾਇਟੀ ਗੜ੍ਹਦੀਵਾਲਾ ਦੇ ਪ੍ਰਬੰਧਕਾਂ ਨੇ ਦੱਸਿਆ ਕਿ 24 ਮਾਰਚ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਚ ਸਮਾਗਮ ਦੀ ਆਰੰਭਤਾਂ ਸ਼ਾਮ 7 ਵਜੇ ਤੋਂ 10 ਹੋਵੇਗੀ। ਇਸ ਤੋਂ ਇਲਾਵਾ 25 ਮਾਰਚ ਨੂੰ ਨਿਰੰਤਰ ਸਮਾਗਮ ਸ਼ਾਮ 7 ਵਜੇ ਤੋਂ 10 ਵਜੇ ਚੱਲੇਗਾ। ਇਸ ਮੌਕੇ ਸਮਾਗਮ ਦੇ ਅਖੀਰਲੇ ਦਿਨ 26 ਮਾਰਚ ਨੂੰ ਸ਼ਾਮ 5 ਵਜੇ ਅੰਮ੍ਰਿਤ ਸੰਚਾਰ ਕਰਵਾਇਆ ਜਾਵੇਗਾ। ਉਪਰੰਤ ਸਮਾਗਮ ਦੀ ਦੇਰ ਰਾਤ ਸਮਾਪਤੀ ਕੀਤੀ ਜਾਵੇਗੀ। ਇਸ ਮੌਕੇ ਗੁਰੂ ਕੇ ਅਤੁੱਟ ਲੰਗਰ ਵਰਤਾਰੇ ਜਾਣਗੇ ।ਇਸ ਮੌਕੇ ਪ੍ਰਬੰਧਕਾਂ ਵੱਲੋਂ ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਸਮੇਤ ਰਾਜਨੀਤਕ ਤੇ ਧਾਰਮਿਕ ਤੇ ਸਮਾਜਿਕ ਆਗੂਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।



# ਪਟਿਆਲਾ-ਆਸ/ਪਾਸ



### ਸੂਫ਼ੀ ਫੈਸਟੀਵਲ ਦੀ ਦੂਜੀ ਸ਼ਾਮ

# ਕੰਵਰ ਗਰੇਵਾਲ ਨੇ ਸੂਫ਼ੀ ਸੁਰਾਂ ਨਾਲ ਬੰਨ੍ਹਿਆ ਰੰਗ

**➢ਸਾਫ਼-ਸੁਥਰੀ ਗਾਇਕੀ ਸਾਨੂੰ ਸਾਡੀ ਸੱਭਿਆਚਾਰਕ ਵਿਰਾਸਤ ਨਾਲ ਜੋੜਦੀ ਹੈ : ਤਰੁਨਪ੍ਰੀਤ ਸਿੰਘ ਸੌਂਦ**

**➢ਵਿਧਾਇਕ ਡਾ.ਜ਼ਮੀਲ ਉਰ ਰਹਿਮਾਨ, ਵਿਧਾਇਕ ਅਮਰਗੜ੍ਹ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਸਮੇਤ ਵੱਡੀ ਗਿਣਤੀ ਸ਼ਖ਼ਸੀਅਤਾਂ ਤੇ ਮਲੇਰਕੋਟਲਾ ਨਿਵਾਸੀਆਂ ਨੇ ਮਾਣਿਆ ਆਨੰਦ**



ਮਲੇਰਕੋਟਲਾ, 15 ਫਰਵਰੀ (ਚ.ਨ.ਸ.) : ਪੰਜਾਬ ਸਰਕਾਰ ਵੱਲੋਂ ਆਯੋਜਿਤ ਸੂਫ਼ੀ ਫੈਸਟੀਵਲ ਅਤੇ ਪੰਜਾਬ ਸਖੀ ਸ਼ਕਤੀ ਮੇਲਾ ਦੀ ਦੂਜੀ ਸ਼ਾਮ ਸੂਫ਼ੀ ਰੰਗਾਂ ਨਾਲ ਰੰਗੀ ਰਹੀ। ਸਥਾਨਕ ਸਰਕਾਰੀ ਕਾਲਜ ਦੇ ਵਿਹੜੇ ਵਿੱਚ ਪ੍ਰਸਿੱਧ ਸੂਫ਼ੀ ਗਾਇਕ ਕੰਵਰ ਗਰੇਵਾਲ ਨੇ ਆਪਣੀ ਰੂਹਾਨੀ ਆਵਾਜ਼ ਨਾਲ ਦਰਸ਼ਕਾਂ ਨੂੰ ਮੋਹ ਲਿਆ ਅਤੇ ਸਮਾਗਮ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ।ਉਨ੍ਹਾਂ ਨੇ ਮਸਤ ਕਲੰਦਰ, ਅੱਲਾਹੂ ਅਤੇ ਹੋਰ ਰੂਹਾਨੀ ਕਲਾਮਾਂ ਰਾਹੀਂ ਸਰੋਤਿਆਂ ਨਾਲ ਸਿੱਧਾ ਰੂਹਾਨੀ ਸੰਵਾਦ ਕੀਤਾ। ਇਸ ਤੋਂ ਇਲਾਵਾ ਸੂਫ਼ੀ ਗਾਇਕ ਅਰਸ਼ ਸੁਹੇਲ ਅਤੇ ਮਾਣਕ ਅਲੀ ਨੇ ਵੀ ਆਪਣੀ ਦਿਲਕਸ਼ ਗਾਇਕੀ ਨਾਲ ਸਮਾਂ ਬੰਨ੍ਹਿਆ ਅਤੇ ਦਰਸ਼ਕਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਸਮਾਰੋਹ ਵਿੱਚ ਸੈਰ ਸਪਾਟਾ ਅਤੇ ਸੱਭਿਆਚਾਰਕ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ , ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ, ਵਿਧਾਇਕ ਅਮਰਗੜ੍ਹ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਦੁਬਾਰਾ ਜੀਵੰਤ ਕਰਨ ਲਈ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਮੇਲਿਆਂ ਅਤੇ ਸੱਭਿਆਚਾਰਕ ਉਤਸਵਾਂ ਲਈ ਪਹਿਲੀਆਂ ਸਰਕਾਰਾਂ ਸਮੇਂ ਨਿਰਧਾਰਿਤ 5 ਕਰੋੜ ਰੁਪਏ ਦੇ ਬਜਟ ਵਿੱਚ ਵੱਡਾ ਇਜਾਫਾ ਕਰਕੇ 100 ਕਰੋੜ ਰੁਪਏ ਕੀਤਾ ਹੈ, ਤਾਂ ਜੋ ਰਾਜ ਦੀ ਲੋਕ ਕਲਾ, ਰਵਾਇਤਾਂ ਅਤੇ ਵਿਰਸੇ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਇਆ ਜਾ ਸਕੇ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਦੀ ਅਗਵਾਈ ਹੇਠ ਇਸ ਸਮਾਗਮ ਨੂੰ ਸੁਚੱਜੇ ਢੰਗ ਨਾਲ ਆਯੋਜਿਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸਾਕਿਬ ਅਲੀ ਰਾਜਾ, ਪ੍ਰਧਾਨ ਨਗਰ ਕੌਂਸਲ ਮਾਲੇਰਕੋਟਲਾ ਨਸਰੀਨ ਅਸ਼ਰਫ ਚੇਅਰਮੈਨ ਮਾਰਕੀਟ ਕਮੇਟੀ ਮੋਹਾਲੀ ਗੋਬਿੰਦ ਮਿੱਤਲ, ਚੇਅਰਮੈਨ ਮਾਰਕੀਟ ਕਮੇਟੀ ਸੰਦੋੜ ਕਰਮਜੀਤ ਸਿੰਘ,ਕੇਵਲ ਸਿੰਘ ਜਾਗੋਵਾਲ ਵਿਧਾਇਕ ਮਾਲੇਰਕੋਟਲਾ ਦੀ ਸ਼ਰੀਕ-ਏ-ਹਯਾਤ ਫਰਿਆਲ ਰਹਿਮਾਨ, ਕੋਆਰਡੀਨੇਟਰ ਯੂਥ ਵਿੰਗ ਹਲਕਾ ਮਾਲੇਰਕੋਟਲਾ ਏ.ਕੇ.ਵਾਈ. ਮੂਨਿਸ ਰਹਿਮਾਨ ਸਮੇਤ ਕਈ ਅਹਿਮ ਸ਼ਖ਼ਸੀਅਤਾਂ ਨੇ ਸੂਫ਼ੀ ਗਾਇਕੀ ਦੀ ਇਸ ਖ਼ੂਬਸੂਰਤ ਸ਼ਾਮ ਦਾ ਆਨੰਦ ਮਾਣਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਰਿਪੀ ਗਰਗ, ਐਸ.ਪੀ. ਗੁਰਸ਼ਰਨਜੀਤ ਸਿੰਘ, ਐਸ.ਪੀ. ਰਾਜਵਿੰਦਰ ਸਿੰਘ , ਐਸ.ਡੀ.ਐਮ. ਮਾਲੇਰਕੋਟਲਾ ਗੁਰਮੀਤ ਕੁਮਾਰ ਬਾਂਸਲ, ਐਸ. ਡੀ. ਐਮ. ਅਮਰਗੜ੍ਹ ਸੁਰਿੰਦਰ ਕੌਰ, , ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਕੌਰ, ਪ੍ਰੋਫੈਸਰ ਅਨਿਲ ਭਾਰਤੀ ਤੋਂ ਇਲਾਵਾ ਪੁਲਿਸ ਅਤੇ ਸਿਵਲ ਅਧਿਕਾਰੀਆਂ ਸਮੇਤ ਮਾਲੇਰਕੋਟਲਾ ਵਾਸੀ ਅਤੇ ਸੰਗੀਤ ਪ੍ਰੇਮੀਆਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕਰਕੇ ਸੂਫ਼ੀ ਗਾਇਕੀ ਦਾ ਅਨੰਦ ਮਾਣਿਆ ।

## ਨਸ਼ਿਆਂ ਦੇ ਖ਼ਿਲਾਫ਼ ਤੇ ਵਾਤਾਵਰਨ ਦੀ ਸ਼ੁੱਧਤਾ ਲਈ 28 ਹਜ਼ਾਰ ਕਿੱਲੋਮੀਟਰ ਸਾਈਕਲ ਚਲਾ ਕੇ ਪਟਿਆਲਾ ਪੁੱਜੇ ਸੁਭਾਸ਼ ਚੰਦਰ

**➢ਹਰਿਆਣਾ ਮੰਡੀ ਬੋਰਡ ਤੋਂ ਰਿਟਾਇਰ ਹੋ ਕੇ ਨਸ਼ੇ ਤੇ ਵਾਤਾਵਰਨ ਨੂੰ ਚੁਣਿਆ ਮੁੱਦਾ**



ਪਟਿਆਲਾ, 15 ਫਰਵਰੀ (ਗੁਰਮੁਖ ਰੁਪਾਣਾ) : ਹਰਿਆਣਾ ਦੇ ਵਾਸੀ ਅਤੇ ਹਰਿਆਣਾ ਮੰਡੀ ਬੋਰਡ ਤੋਂ ਰਿਟਾਇਰ 63 ਸਾਲਾ ਸੁਭਾਸ਼ ਚੰਦਰ ਅੱਜ ਪਟਿਆਲਾ ਚੜ੍ਹਦੀਕਲਾ ਅਦਾਰਾ ਪੁੱਜੇ। ਇਸ ਦੌਰਾਨ ਉਹਨਾਂ ਨੇ ਆਪਣੀ ਪੰਜ ਸਾਲਾਂ ਦੀ ਸਾਈਕਲ ਯਾਤਰਾ ਦੇ ਯਾਦਗਾਰ ਪਲ ਸਾਂਝੇ ਕੀਤੇ। ਉਹਨਾਂ ਦੱਸਿਆ ਕਿ ਉਹ ਕਈ ਸਮਾਜ ਸੇਵੀ ਜਥੇਬੰਦੀਆਂ ਨਾਲ ਜੁੜੇ ਹੋਏ ਹਨ, ਜਦੋਂ ਉਹ ਮੰਡੀ ਬੋਰਡ ਵਿੱਚ ਨੌਕਰੀ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਇਸ ਗੱਲ ਦੀ ਲਾਲਸਾ ਸੀ ਕਿ ਉਹ ਹਮੇਸ਼ਾ ਨਸ਼ੇ ਦੇ ਖਿਲਾਫ ਅਤੇ ਵਾਤਾਵਰਨ ਦੀ ਸ਼ੁੱਧਤਾ ਲਈ ਕਾਰਜ ਕਰਨਗੇ। ਇਸ ਲਈ ਉਨ੍ਹਾਂ ਨੇ ਰਿਟਾਇਰਮੈਂਟ ਤੋਂ ਤੁਰੰਤ ਬਾਅਦ ਸਾਈਕਲ ਦੇ ਉੱਪਰ ਯਾਤਰਾ ਸ਼ੁਰੂ ਕੀਤੀ। ਸੁਭਾਸ਼ ਚੰਦਰ ਮੁਤਾਬਕ ਹੁਣ ਤੱਕ ਉਹ 28 ਹਜ਼ਾਰ ਕਿੱਲੋ ਮੀਟਰ ਤੋਂ ਵੱਧ ਸਾਈਕਲ ਯਾਤਰਾ ਕਰ ਚੁੱਕੇ ਹਨ। ਦੇਸ਼ ਦੀਆਂ ਵੱਖ-ਵੱਖ 22 ਸਟੇਟਾਂ ਵਿੱਚ ਜਾ ਚੁੱਕੇ ਹਨ। ਇੱਥੋਂ ਤੱਕ ਕਿ ਨੇਪਾਲ ਦੇ ਵੀ ਕਈ ਇਲਾਕਿਆਂ 'ਚ ਇਹ ਯਾਤਰਾ ਕਰ ਚੁੱਕੇ ਹਨ। ਸੁਭਾਸ਼ ਮੁਤਾਬਿਕ ਉਹਨਾਂ ਦਾ ਮਕਸਦ ਨਸ਼ੇ ਦੀ ਅਲਾਮਤ ਦੇ ਖਿਲਾਫ ਅਤੇ ਵਾਤਾਵਰਨ ਦੀ ਸ਼ੁੱਧਤਾ ਨੂੰ ਸਹੀ ਕਰਨਾ ਤੇ ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਕਰਨਾ ਹੈ। ਸੁਭਾਸ਼ ਚੰਦਰ ਨੇ ਦੱਸਿਆ ਕਿ ਉਹ ਸਕੂਲਾਂ, ਕਾਲਜਾਂ ਪਿੰਡ ਦੀਆਂ ਸੱਥਾਂ ਅਤੇ ਹੋਰ ਅਜਿਹੀਆਂ ਥਾਵਾਂ 'ਤੇ ਜਾ ਕੇ ਲੋਕਾਂ ਨੂੰ ਜਾਗਰੂਕ ਕਰਦੇ ਹਨ। ਉਹਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਉਣ ਅਤੇ ਇਸ ਯਾਤਰਾ ਦਾ ਸਾਥ ਦੇਣ ਅਤੇ ਲੋਕ ਵੀ ਉੱਥੇ ਪਹੁੰਚਣ ਉਹਨਾਂ ਨੂੰ ਹੁਣ ਤੱਕ ਕਈ ਰਾਜਾਂ ਦੇ ਮੁੱਖ ਮੰਤਰੀ ਮਿਲ ਚੁੱਕੇ ਹਨ ਅਤੇ ਇਸ ਸਾਈਕਲ ਯਾਤਰਾ ਨੂੰ ਹਰੀ ਝੰਡੀ ਦੇ ਚੁੱਕੇ ਹਨ।

## ਪ੍ਰਾਚੀਨ ਪੰਚ ਮੁਖੀ ਸ਼ਿਵ ਮੰਦਰ ਵਿਖੇ ਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਮਨਾਇਆ




ਸਮਾਣਾ, 15 ਫਰਵਰੀ (ਅਮਿਤ ਸ਼ਰਮਾ) : ਸ਼ਿਵਰਾਤਰੀ ਦੇ ਪਾਵਨ ਅਤੇ ਧਾਰਮਿਕ ਮਹੱਤਵ ਵਾਲੇ ਤਿਉਹਾਰ ਮੌਕੇ ਅੱਜ ਸਮਾਣਾ ਸ਼ਹਿਰ ਦੇ ਪ੍ਰਸਿੱਧ ਪ੍ਰਾਚੀਨ ਪੰਚ ਮੁਖੀ ਮੰਦਰ ਵਿੱਚ ਭਗਵਾਨ ਭੋਲੇ ਨਾਥ ਦੇ ਦਰਸ਼ਨਾਂ ਲਈ ਵਿਸ਼ਾਲ ਭੀੜ ਉਮੜ ਪਈ। ਸਵੇਰੇ ਤੜਕੇ ਤੋਂ ਹੀ ਸ਼ਰਧਾਲੂਆਂ ਦੀ ਆਮਦ ਸ਼ੁਰੂ ਹੋ ਗਈ ਸੀ ਅਤੇ ਦਿਨ ਚੜ੍ਹਦੇ-ਚੜ੍ਹਦੇ ਮੰਦਰ ਪ੍ਰਗਨ ਅਤੇ ਆਲੇ-ਦੁਆਲੇ ਦੀਆਂ ਗਲੀਆਂ ਭਗਤਾਂ ਨਾਲ ਭਰ ਗਈਆਂ। ਲੋਕ ਲੰਮੀਆਂ-ਲੰਮੀਆਂ ਕਤਾਰਾਂ ਵਿੱਚ ਖੜ੍ਹ ਕੇ ਬੜੀ ਸ਼ਰਧਾ, ਭਾਵਨਾ ਅਤੇ ਉਤਸ਼ਾਹ ਨਾਲ ਭਗਵਾਨ ਭੋਲੇ ਨਾਥ ਦੇ ਦਰਸ਼ਨ ਕਰਦੇ ਨਜ਼ਰ ਆਏ। ਮੰਦਰ ਅੰਦਰ ਭਗਤੀ ਦਾ ਮਾਹੌਲ ਬਣਿਆ ਰਿਹਾ ਅਤੇ ਹਰ ਹਰ ਮਹਾਦੇਵ ਦੇ ਗੂੰਜਦੇ ਜੈਕਾਰਿਆਂ ਨਾਲ ਸਾਰਾ ਵਾਤਾਵਰਨ ਸ਼ਿਵਮਈ ਹੋ ਗਿਆ। ਸ਼ਰਧਾਲੂਆਂ ਵੱਲੋਂ ਭਗਵਾਨ ਸ਼ਿਵ ਦਾ ਜਲ ਅਭਿਸ਼ੇਕ ਕੀਤਾ ਗਿਆ ਅਤੇ ਬਿਲਵ ਪੱਤਰ, ਧਤੂਰਾ, ਫੁੱਲ ਅਤੇ ਫਲ ਅਰਪਿਤ ਕਰਕੇ ਸੁੱਖ-ਸ਼ਾਂਤੀ, ਤੰਦਰੁਸਤੀ ਅਤੇ ਖੁਸ਼ਹਾਲੀ ਦੀ ਅਰਦਾਸ ਕੀਤੀ ਗਈ । ਇਸ ਮੌਕੇ ਮੰਦਰ ਪ੍ਰਬੰਧਕ ਕਮੇਟੀ ਵੱਲੋਂ ਸੁਚੱਜੇ ਪ੍ਰਬੰਧ ਕੀਤੇ ਗਏ ਸਨ। ਸੁਰੱਖਿਆ ਅਤੇ ਕਤਾਰਬੰਦੀ ਲਈ ਵਿਸ਼ੇਸ਼ ਇੰਤਜ਼ਾਮ ਕੀਤੇ ਗਏ ਤਾਂ ਜੋ ਦਰਸ਼ਨ ਲਈ ਆਏ ਸ਼ਰਧਾਲੂਆਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸੇਵਾਦਾਰਾਂ ਵੱਲੋਂ ਭਗਤਾਂ ਨੂੰ ਪ੍ਰਸ਼ਾਦ ਵੰਡਿਆ ਗਿਆ ਅਤੇ ਪੀਣ ਵਾਲੇ ਪਾਣੀ ਆਦਿ ਦੀ ਵੀ ਵਿਵਸਥਾ ਕੀਤੀ ਗਈ। ਸ਼ਿਵਰਾਤਰੀ ਦੇ ਇਸ ਪਾਵਨ ਅਵਸਰ 'ਤੇ ਸਮਾਣਾ ਸ਼ਹਿਰ ਦਾ ਮਾਹੌਲ ਪੂਰੀ ਤਰ੍ਹਾਂ ਧਾਰਮਿਕ ਰੰਗ ਵਿੱਚ ਰੰਗਿਆ ਹੋਇਆ ਦਿਖਾਈ ਦਿੱਤਾ ਅਤੇ ਹਰ ਪਾਸੇ ਭਗਤੀ ਅਤੇ ਆਸਥਾ ਦੀ ਝਲਕ ਨਜ਼ਰ ਆਈ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਟਿਆਲਾ 'ਚ ਇੰਟੈਲੀਜੈਂਟ ਟ੍ਰੈਫਿਕ ਮੈਨੇਜਮੈਂਟ ਸਿਸਟਮ ਲਾਗੂ ਕਰਨ ਦਾ ਫ਼ੈਸਲਾ

## ਪ੍ਰੋਜੈਕਟ ਲਾਗੂ ਹੋਣ ਨਾਲ ਘਰ ਪੁੱਜੇਗਾ ਚਾਲਾਨ

ਪਟਿਆਲਾ, 15 ਫਰਵਰੀ (ਚ.ਨ.ਸ.) : ਸ਼ਾਹੀ ਸ਼ਹਿਰ ਪਟਿਆਲਾ ਦੀ ਟ੍ਰੈਫਿਕ ਵਿਵਸਥਾ ਵਿੱਚ ਜਲਦੀ ਹੀ ਇੱਕ ਵੱਡਾ ਬਦਲਾਅ ਦੇਖਣ ਨੂੰ ਮਿਲੇਗਾ। ਚੰਡੀਗੜ੍ਹ ਦੀ ਤਰਜ਼ 'ਤੇ ਹੁਣ ਪਟਿਆਲਾ ਨੂੰ ਵੀ ਹਾਈਟੈੱਕ ਬਣਾਉਣ ਦੀ ਤਿਆਰੀ ਮੁਕੰਮਲ ਕਰ ਲਈ ਗਈ ਹੈ। ਸ਼ਹਿਰ ਵਿੱਚ ਵੱਧ ਰਹੀ ਵਾਹਨਾਂ ਦੀ ਗਿਣਤੀ ਅਤੇ ਟ੍ਰੈਫਿਕ ਜਾਮ ਦੀ ਸਮੱਸਿਆ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੰਟੈਲੀਜੈਂਟ ਟ੍ਰੈਫਿਕ ਮੈਨੇਜਮੈਂਟ ਸਿਸਟਮ ਲਾਗੂ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਪ੍ਰਾਜੈਕਟ ਦੇ ਲਾਗੂ ਹੋਣ ਨਾਲ ਨਾ ਸਿਰਫ ਟ੍ਰੈਫਿਕ ਸੁਚਾਰੂ ਹੋਵੇਗਾ, ਸਗੋਂ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਆਟੋਮੈਟਿਕ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾਵੇਗੀ। ਸਾਂਝੀ ਕਮੇਟੀ ਵੱਲੋਂ ਖਾਕਾ ਤਿਆਰ : ਇਸ ਯੋਜਨਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਇੱਕ ਉੱਚ ਪੱਧਰੀ ਸਾਂਝੀ ਕਮੇਟੀ ਦਾ ਗਠਨ ਕੀਤਾ ਹੈ। ਇਸ ਕਮੇਟੀ ਵਿੱਚ ਨਗਰ ਨਿਗਮ, ਟ੍ਰੈਫਿਕ ਪੁਲਿਸ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਕਮੇਟੀ ਨੇ ਸ਼ਹਿਰ ਦੇ ਟ੍ਰੈਫਿਕ ਦਾ ਬਾਰੀਕੀ ਨਾਲ ਨਿਰੀਖਣ ਕਰ ਕੇ ਇੱਕ ਵਿਆਪਕ ਯੋਜਨਾ ਤਿਆਰ ਕੀਤੀ ਹੈ, ਜਿਸ ਨੂੰ ਜਲਦੀ ਹੀ ਡਿਪਟੀ ਕਮਿਸ਼ਨਰ ਨਾਲ ਹੋਣ ਵਾਲੀ ਅਹਿਮ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇਗਾ। ਪਹਿਲੇ ਪੜਾਅ ਲਈ ਪੰਜ ਮੁੱਖ ਚੌਕਾਂ ਦੀ ਚੋਣ : ਪ੍ਰਸ਼ਾਸਨ ਨੇ ਸ਼ੁਰੂਆਤੀ ਪੜਾਅ ਵਿੱਚ ਸ਼ਹਿਰ ਦੇ ਉਨ੍ਹਾਂ ਪੰਜ ਸਭ ਤੋਂ ਵੱਧ ਰੁਝੇਵੇਂ ਵਾਲੇ ਪੁਆਇੰਟਾਂ ਦੀ ਚੋਣ ਕੀਤੀ ਹੈ, ਜਿੱਥੇ ਆਵਾਜਾਈ ਦਾ ਦਬਾਅ ਸਭ ਤੋਂ ਵੱਧ ਰਹਿੰਦਾ ਹੈ ਅਤੇ ਅਕਸਰ ਜਾਮ ਲੱਗਦੇ ਹਨ। ਸ਼ਹਿਰ ਦੇ ਬੱਸ ਸਟੈਂਡ ਚੌਕ, ਖੰਡਾ ਚੌਕ, ਥਾਪਰ ਯੂਨੀਵਰਸਿਟੀ ਚੌਕ, ਮਾਡਲ ਟਾਊਨ, ਟ੍ਰੈਫਿਕ ਲਾਈਟਾਂ ਅਤੇ ਲੀਲਾ ਭਵਨ ਚੌਕ ਵਿਖੇ ਅਤਿ-ਆਧੁਨਿਕ ਵੀਡੀਓ ਸੈਂਸਰ ਅਤੇ ਕੈਮਰੇ ਲਗਾਏ ਜਾਣਗੇ। ਜੇਕਰ ਕੋਈ ਵਾਹਨ ਚਾਲਕ ਲਾਲ ਬੱਤੀ ਟੱਪਦਾ ਹੈ, ਬਿਨਾਂ ਹੈਲਮਟ ਜਾਂ ਸੀਟ ਬੈਲਟ ਤੋਂ ਗੱਡੀ ਚਲਾਉਂਦਾ ਹੈ, ਤਾਂ ਸਿਸਟਮ ਤੁਰੰਤ ਉਸ ਦੀ ਫੋਟੋ ਅਤੇ ਵੀਡੀਓ ਕੈਪਚਰ ਕਰ ਲਵੇਗਾ ਅਤੇ ਚਲਾਨ ਸਿੱਧਾ ਵਾਹਨ ਮਾਲਕ ਦੇ ਘਰ ਪਹੁੰਚ ਜਾਵੇਗਾ। ਕਿਵੇਂ ਕੰਮ ਕਰੇਗਾ 'ਇੰਟੈਲੀਜੈਂਟ ਸਿਸਟਮ' : ਇਹ ਸਿਸਟਮ ਪੂਰੀ ਤਰ੍ਹਾਂ ਆਟੋਮੈਟਿਕ ਹੋਵੇਗਾ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਕੰਮ ਕਰੇਗਾ। ਇਸ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਵਾਹਨਾਂ ਦੀ ਗਿਣਤੀ ਦੇ ਹਿਸਾਬ ਨਾਲ ਰੈੱਡ ਲਾਈਟ ਦਾ ਸਮਾਂ ਆਪਣੇ ਆਪ ਨਿਰਧਾਰਿਤ ਕਰੇਗਾ। ਜੇਕਰ ਕਿਸੇ ਇੱਕ ਪਾਸੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਹਨ, ਤਾਂ ਸੈਂਸਰ ਉਸ ਪਾਸੇ ਦੀ ਹਰੀ ਬੱਤੀ ਦਾ ਸਮਾਂ ਵਧਾ ਦੇਣਗੇ, ਤਾਂ ਜੋ ਜਾਮ ਨਾ ਲੱਗੇ। ਇਸ ਨਾਲ ਮਨੁੱਖੀ ਦਖਲਅੰਦਾਜ਼ੀ ਘਟੇਗੀ ਅਤੇ ਟ੍ਰੈਫਿਕ ਪੁਲਿਸ ਕਰਮਚਾਰੀਆਂ ਨੂੰ ਵੀ ਵੱਡੀ ਰਾਹਤ ਮਿਲੇਗੀ। ਬਜਟ ਅਤੇ ਹੋਰ ਵਿਕਾਸ ਕਾਰਜ : ਐੱਸਪੀ ਟ੍ਰੈਫਿਕ ਹਰਜਿੰਦਰ ਸਿੰਘ ਅਨੁਸਾਰ, ਟ੍ਰੈਫਿਕ ਨੂੰ ਹੋਰ ਬਿਹਤਰ ਬਣਾਉਣ ਲਈ 5 ਮੁੱਖ ਚੌਕਾਂ ਨੂੰ 'ਰਾਊਂਡ ਅਬਾਊਟ' ਵਿੱਚ ਤਬਦੀਲ ਕਰਨ ਦਾ ਪ੍ਰਾਜੈਕਟ ਵੀ ਤਿਆਰ ਹੈ, ਜਿਸ ਲਈ 6 ਕਰੋੜ ਰੁਪਏ ਦਾ ਬਜਟ ਪਾਸ ਹੋ ਚੁੱਕਾ ਹੈ। ਇਸ ਤੋਂ ਇਲਾਵਾ, ਸ਼ਹਿਰ ਵਿੱਚ ਪਾਰਕਿੰਗ ਦੀ ਸਮੱਸਿਆ ਦੇ ਹੱਲ ਲਈ ਮਲਟੀਸਟੋਰੀ ਪਾਰਕਿੰਗ ਬਣਾਉਣ ਦੀ ਯੋਜਨਾ ਤੇ ਵੀ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ। ਮੇਅਰ ਕੁੰਦਨ ਗੋਗੀਆ ਨੇ ਵਿਸ਼ਵਾਸ ਦਿਵਾਇਆ ਕਿ ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਾਂਝੇ ਯਤਨਾਂ ਨਾਲ ਪਟਿਆਲਾ ਵਾਸੀਆਂ ਨੂੰ ਜਲਦੀ ਹੀ ਟ੍ਰੈਫਿਕ ਦੀਆਂ ਰੋਜ਼ਾਨਾ ਦੀਆਂ ਦਿੱਕਤਾਂ ਤੋਂ ਨਿਜਾਤ ਮਿਲੇਗੀ। ਰੋਡ ਸੇਫਟੀ ਕਮੇਟੀ ਲਗਾਤਾਰ ਸੜਕੀ ਹਾਦਸਿਆਂ ਨੂੰ ਰੋਕਣ ਅਤੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਵੀਆਂ ਤਕਨੀਕਾਂ 'ਤੇ ਕੰਮ ਕਰ ਰਹੀ ਹੈ।

### ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਪਟਿਆਲਾ, 15 ਫਰਵਰੀ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੂਰਜ ਪੁੱਤਰ ਸ਼ਮੀ ਵਾਸੀ ਸਫਾਬਾਦੀ ਗੇਟ ਭੀਮ ਨਗਰ ਪਟਿਆਲਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਹੌਲਦਾਰ ਅਜੀਤਪਾਲ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਪੁਰਾਣਾ ਬੱਸ ਸਟੈਂਡ ਪਟਿਆਲਾ ਪਾਸ ਮੌਜੂਦ ਸੀ, ਜੋ ਪੁੱਡਾ ਗਰਾਊਂਸ ਪਾਸ ਖੜ੍ਹੇ ਕਥਿਤ ਦੋਸ਼ੀ ਨੇ ਪੁਲਿਸ ਪਾਰਟੀ ਨੂੰ ਦੇਖ ਕੇ ਕੋਈ ਗੋਲੀ ਨੁਮਾ ਚੀਜ ਕੱਢ ਕੇ ਮੂੰਹ ਵਿੱਚ ਪਾ ਲਈ, ਜੋ ਕਥਿਤ ਕਾਬੂ ਕਰਨ ਪਰ ਦੋਸ਼ੀ ਨੇ ਦੱਸਿਆ ਕਿ ਉਹ ਨਸ਼ੇ ਕਰਨ ਦਾ ਆਦੀ ਹੈ ਅਤੇ ਹੁਣੇ ਹੀ ਨਸ਼ੇ ਦੀ ਗੋਲੀ ਖਾਈ ਹੈ।

## ਮਹਾਂਸ਼ਿਵਰਾਤਰੀ ਮੌਕੇ ਲਗਾਏ ਲੰਗਰ 'ਚ ਚੇਤਨ ਸਿੰਘ ਜੌੜੇਮਾਜਰਾ ਤੇ ਹਰਪਾਲ ਜੁਨੇਜਾ ਨੇ ਸੇਵਾ ਕੀਤੀ



ਸਮਾਣਾ, 15 ਫਰਵਰੀ (ਵਿਜੇ ਕੁਮਾਰ): ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੀ. ਐਸ. ਪ੍ਰਾਪਰਟੀ ਵੱਲੋਂ ਮਹਾਸ਼ਿਵਰਾਤਰੀ ਦਾ ਸ਼ੁਭ ਦਿਹਾੜਾ ਪੂਰੀ ਸ਼ਰਧਾ ਨਾਲ ਮਨਾਇਆ ਅਤੇ ਨਾਲ ਹੀ ਸੂਲਰ ਰੋਡ 'ਤੇ ਛੋਲੇ-ਪੂਰੀਆਂ, ਖੀਰ, ਪਕੌੜਿਆਂ ਦਾ ਲੰਗਰ ਲਗਾਇਆ ਗਿਆ, ਜਿਸ ਦੀ ਸ਼ੁਰੂਆਤ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪੁੱਜੇ 'ਆਪ' ਵਿਧਾਇਕ ਚੇਤਨ ਸਿੰਘ ਜੌੜੇਮਾਜਰਾ ਵੱਲੋਂ ਕੀਤੀ ਗਈ। ਇਸ ਮੌਕੇ ਪੀ ਆਰ ਟੀ ਸੀ ਦੇ ਚੇਅਰਮੈਨ ਹਰਪਾਲ ਜੁਨੇਜਾ ਨੇ ਵੀ ਸ਼ਿਰਕਤ ਕੀਤੀ। ਗੁਰਵਿੰਦਰਪਾਲ ਸਿੰਘ ਨੇ ਕਿਹਾ ਕਿ ਮਹਾਂ ਸ਼ਿਵਰਾਤਰੀ ਦਾ ਸ਼ੁੱਭ ਦਿਹਾੜਾ ਹਰ ਥਾਂ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਵਲੋਂ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਸ਼ਿਵਰਾਤਰੀ ਮੌਕੇ ਲੰਗਰ ਲਗਾਇਆ ਜਾ ਰਿਹਾ ਹੈ। ਇਸ ਮੌਕੇ ਜਤਿੰਦਰ ਬਠੋਈ, ਗੁਰਵਿੰਦਰਪਾਲ ਸਿੰਘ ਬੀ.ਐਸ.ਪ੍ਰਾਪਰਟੀ, ਨਵਜੋਤ ਸਿੰਘ, ਅਨਮੋਲ ਸਿੰਘ, ਡਾ. ਅਰਵਿੰਦ ਕੁਮਾਰ, ਡੀ.ਐਸ.ਪੀ.ਗੁਰਬੀਰ ਸਿੰਘ, ਸਾਬਕਾ ਸਰਪੰਚ ਹਰਮੇਸ਼ ਸਿੰਘ, ਜਗਮਿੰਦਰ ਸਵਾਜ਼ਪੁਰ, ਸ਼ਿਲੰਦਰ ਮੌਟੀ, ਬਿਕਰਮਜੀਤ ਸਿੰਘ, ਵਿਨੋਦ ਗੌਤਮ, ਬਹਾਦਰ ਸਿੰਘ, ਗਿਆਂਸ਼ਵੀਰ ਕੰਬੋਜ, ਕਰਮਜੀਤ ਸਿੰਘ ਚੀਮਾ ਤਰੈਂ ਆਦਿ ਹਾਜ਼ਰ ਸਨ।

## ਪੰਜਾਬ ਸਰਕਾਰ ਵੱਲੋਂ ਚਲਾਈ ਤੀਰਥ ਯਾਤਰਾ ਤਹਿਤ ਪਿੰਡ ਕੁਲਾਰਾਂ ਤੋਂ ਦੂਜੀ ਬੱਸ ਰਵਾਨਾ



ਸਮਾਣਾ, 15 ਫਰਵਰੀ (ਸੁਖਜਿੰਦਰ ਸਿੰਘ ਕੁਲਾਰਾਂ) : ਪੰਜਾਬ ਸਰਕਾਰ ਵੱਲੋਂ ਚਲਾਈ ਤੀਰਥ ਯਾਤਰਾ ਮੁਹਿੰਮ ਤਹਿਤ ਪਿੰਡ ਕੁਲਾਰਾਂ ਵੱਲੋਂ ਅੱਜ ਦੂਜੀ ਬੱਸ ਰਵਾਨਾ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਬਲਾਕ ਪ੍ਰਧਾਨ ਘੱਗਾ ਡਾਕਟਰ ਮੁਕੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਭਗਵੰਤ ਮਾਨ ਸਰਕਾਰ ਵੱਲੋਂ ਬਜ਼ੁਰਗਾਂ ਲਈ ਯਾਤਰਾ ਚਲਾਈ ਹੈ।ਉਸਦੇ ਤਹਿਤ ਹਲਕਾ ਸਤਰਾਣਾ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਦੀ ਸਰਪਰਸਤੀ ਹੇਠ ਦੂਜੀ ਬੱਸ ਰਵਾਨਾ ਕੀਤੀ ਗਈ।ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਤੀਰਥ ਯਾਤਰਾ ਮੁਹਿੰਮ ਨਾਲ ਬਜ਼ੁਰਗਾਂ ਵਿੱਚ ਬਹੁਤ ਉਤਸ਼ਾਹ ਹੈ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਤੀਰਥ ਯਾਤਰਾ ਸ਼ੁਤਰਾਣਾ ਦੇ ਇੰਚਾਰਜ ਸਰਪੰਚ ਬਲਜੀਤ ਸਿੰਘ ਮੌਲਵੀਵਾਲਾ ਨੇ ਗੱਲਬਾਤ ਕਰਦਿਆਂ ਆਖਿਆ ਕਿ ਜੋ ਸੰਗਤਾਂ ਪਿੰਡਾਂ ਵਿੱਚੋਂ ਜਾਂਦੀਆਂ ਹਨ ਉਹਨਾਂ ਦਾ ਪੰਜਾਬ ਸਰਕਾਰ ਵੱਲੋਂ ਰਹਿਣ ਸਹਿਣ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਹੁਣ ਤੱਕ ਇਹ ਤੀਜੀ ਬੱਸ ਰਵਾਨਾ ਹੈ ਅਤੇ ਸਾਰਿਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਗੁਨਿਆਨਾ ਮੰਦਰ ਅਤੇ ਬਾਘਾ ਬਾਰਡਰ ਦੇ ਦਰਸ਼ਨ ਕਰਵਾਏ ਜਾਂਦੇ ਹਨ ਪੰਜਾਬ ਸਰਕਾਰ ਵੱਲੋਂ ਚਲਾਈ ਇਸ ਮਹਿਮ ਦਾ ਬਜ਼ੁਰਗਾਂ ਵੱਲੋਂ ਧੰਨਵਾਦ ਕੀਤਾ ਜਾ ਰਿਹਾ ਹੈ। ਇਸ ਮੌਕੇ ਸਾਬਕਾ ਸਰਪੰਚ ਸਤਪਾਲ ਸਿੰਘ ਅਤੇ ਸਮੂਹ ਪੰਚਾਇਤ ਮੈਂਬਰ ਹਾਜ਼ਰ ਸਨ।



**ਮਹਾਂਸ਼ਿਵਰਾਤਰੀ ਦੇ ਸ਼ੁਭ ਦਿਹਾੜੇ ਮੌਕੇ ਪਿੰਡ ਥੇੜੀ ਸਾਹਿਬ ਵਿਖੇ ਛੋਟਾ ਬੱਚਾ ਰੁਦਰੰਸ਼ ਲਗਾਏ ਗਏ ਲੰਗਰ ਦੌਰਾਨ ਸਾਰਿਆਂ ਦੀ ਖਿੱਚ ਦਾ ਕੇਂਦਰ ਰਿਹਾ। (ਫੋਟੋ ਤੇ ਵੇਰਵਾ : ਚੜ੍ਹਦੀਕਲਾ ਬਿਊਰੋ)**

## ਮਹਾਂਸ਼ਿਵਰਾਤਰੀ ਦੇ ਪਵਿੱਤਰ ਦਿਹਾੜੇ 'ਤੇ ਹਰਚੰਦ ਸਿੰਘ ਬਰਸਟ ਵੱਖ-ਵੱਖ ਮੰਦਰਾਂ 'ਚ ਹੋਏ ਨਤਮਸਤਕ



ਸਮਾਣਾ, 15 ਫਰਵਰੀ (ਵਿਜੇ ਕੁਮਾਰ/ਜਵੰਦਾ) : ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਨੇ ਮਹਾਸ਼ਿਵਰਾਤਰੀ ਦੇ ਪਵਿੱਤਰ ਦਿਹਾੜੇ ਮੌਕੇ ਪਟਿਆਲਾ ਦੀ ਅਨਾਜ ਮੰਡੀ ਸਥਿਤ ਸ਼ਿਵ ਮੰਦਰ ਵਿੱਚ ਮੱਥਾ ਟੇਕਿਆ ਅਤੇ ਭਗਵਾਨ ਸ਼ਿਵ ਦੀ ਪੂਜਾ ਕੀਤੀ। ਚੇਅਰਮੈਨ ਵੱਲੋਂ ਭਗਵਾਨ ਸ਼ਿਵ ਦਾ ਅਭਿਸ਼ੇਕ ਕੀਤਾ ਗਿਆ ਅਤੇ ਪੰਜਾਬ ਤੇ ਦੇਸ਼ ਦੀ ਤਰੱਕੀ, ਖੁਸ਼ਹਾਲੀ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਮੰਦਰ ਵਿੱਚ ਸਵੇਰ ਤੋਂ ਹੀ ਸ਼ਰਧਾਲੂਆਂ ਦੀ ਭੀੜ ਲੱਗੀ ਰਹੀ ਅਤੇ ਪੂਰਾ ਮਾਹੌਲ ਭਗਤੀ ਰੰਗ ਵਿੱਚ ਰੰਗਿਆ ਰਿਹਾ। ਇਸ ਦੌਰਾਨ ਚੇਅਰਮੈਨ ਸ. ਬਰਸਟ ਨੇ ਸਭ ਨੂੰ ਮਹਾਸ਼ਿਵਰਾਤਰੀ ਦੀਆਂ ਵਧਾਈਆਂ ਦਿੰਦਿਆਂ ਇੱਕਜੁੱਟ ਹੋ ਕੇ ਰਹਿਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਇਹ ਪਵਿੱਤਰ ਤਿਉਹਾਰ ਸਾਡੀ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਦਾ ਅਹਿਮ ਹਿੱਸਾ ਹਨ, ਜੋ ਸਾਨੂੰ ਜੀਵਨ ਵਿੱਚ ਸਹੀ ਰਾਹ 'ਤੇ ਚੱਲਣ ਵੱਲ ਪ੍ਰੇਰਿਤ ਕਰਦੇ ਹਨ। ਮੰਦਰ ਕਮੇਟੀ ਵੱਲੋਂ ਸ. ਹਰਚੰਦ ਸਿੰਘ ਬਰਸਟ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਮਾਰਕਿਟ ਕਮੇਟੀ ਪਟਿਆਲਾ ਦੇ ਚੇਅਰਮੈਨ ਅਸ਼ੋਕ ਕੁਮਾਰ ਸਿਰਸਵਾਲ, ਹਰਿੰਦਰ ਸਿੰਘ ਧਬਲਾਨ, ਨਵੀਂ ਅਨਾਜ ਮੰਡੀ ਪਟਿਆਲਾ ਦੇ ਪ੍ਰਧਾਨ ਇੰਜੀਨੀਅਰ ਸਤਵਿੰਦਰ ਸਿੰਘ ਸੈਣੀ, ਜਨਰਲ ਸਕੱਤਰ ਨਰੇਸ਼ ਮਿੱਤਲ ਭੋਲਾ, ਅਸ਼ੋਕ ਕੁਮਾਰ, ਚਰਨ ਦਾਸ ਗੋਇਲ, ਖਰਦਮਣ ਰਾਏ ਗੁਪਤਾ, ਰਣਧੀਰ ਸਿੰਘ ਨਲੀਨਾ, ਪਰਮਜੀਤ ਸਿੰਘ ਮਿਰਜਾਪੁਰ, ਪਿਸ਼ਵ ਗੋਇਲ ਕਾਕੂ, ਗੁਰਨਾਮ ਸਿੰਘ ਲਚਕਾਣੀ, ਸ਼ਿਵ ਮੰਦਰ ਕਮੇਟੀ ਦੇ ਪ੍ਰਧਾਨ ਸੁਰੇਸ਼ ਬਾਂਸਲ ਡਕਾਲਾ, ਸ਼ਿਵ ਮੰਦਰ ਕਮੇਟੀ ਦੇ ਚੇਅਰਮੈਨ ਕਮਲ ਗੋਇਲ, ਜਨਰਲ ਸਕੱਤਰ ਸੰਜੀਵਨ ਮਿੱਤਲ ਸਮੇਤ ਹੋਰ ਲੋਕ ਵੀ ਮੌਜੂਦ ਰਹੇ।

## ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਬਿਨਾਂਹੇੜੀ ਵਿਖੇ ਮਾਪਿਆਂ ਦੀ ਟ੍ਰੇਨਿੰਗ ਵਰਕਸ਼ਾਪ ਲਗਾਈ



ਨਾਭਾ, 15 ਫ਼ਰਵਰੀ (ਗੁਰਚਰਨ ਸਿੰਘ ਚੌਧਰੀ ਮਾਜਰਾ) : ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਿਨਾਂਹੇੜੀ ਨਾਭਾ ਵਿਖੇ ਮਾਪਿਆਂ ਟ੍ਰੇਨਿੰਗ ਵਰਕਸ਼ਾਪ ਲਗਾਈ ਗਈ। ਬੱਚਿਆਂ ਦੇ ਸਹੀ ਵਿਕਾਸ ਲਈ ਉਹਨਾਂ ਦੇ ਸਹੀ ਪਾਲਣ ਪੋਸ਼ਣ ਅਤੇ ਨੈਤਿਕ ਵਿਕਾਸ 'ਤੇ ਜ਼ੋਰ ਦੇਣ ਦੇ ਮਕਸਦ ਨੂੰ ਮੁੱਖ ਰੱਖਦਿਆਂ ਹੋਏ ਸਕੂਲ ਵਿੱਚ ਮਾਪਿਆਂ ਨੂੰ ਸਿੱਖਿਅਤ ਕਰਨ ਲਈ ਇੱਕ ਬਹੁਤ ਹੀ ਟ੍ਰੇਡ ਫਰੀ ਲਾਇਨਸ ਟ੍ਰੇਨਰ ਮੈਡਮ ਪ੍ਰੀਤੀ ਸਿੰਘ ਵੱਲੋਂ ਵਰਕਸ਼ਾਪ ਲਗਾਈ ਗਈ, ਜਿਸ ਵਿੱਚ ਬਹੁਤ ਹੀ ਸੋਹਣੇ ਢੰਗ ਨਾਲ ਮਾਪਿਆਂ ਨੂੰ ਬੱਚਿਆਂ ਦੇ ਪਾਲਣ ਪੋਸ਼ਣ ਅਤੇ ਉਨ੍ਹਾਂ ਦੇ ਸਹਿਯੋਗ ਅਤੇ ਆਪਣੇ ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣ ਲਈ ਵਿਚਾਰ ਸਾਂਝੇ ਕੀਤੇ ਗਏ ਅਤੇ ਕਈ ਗਤੀ ਵਿਧੀਆਂ ਵਿੱਚ ਵੀ ਮਾਪਿਆਂ ਨੂੰ ਸ਼ਾਮਿਲ ਕੀਤਾ ਗਿਆ,ਇਸ ਦੇ ਨਾਲ ਹੀ ਸਕੂਲ ਦੇ ਬੱਚਿਆਂ ਵੱਲੋਂ ਵੱਖ-ਵੱਖ ਨੈਤਿਕ ਗਤੀਵਿਧੀਆਂ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ ਅਤੇ ਨਾਲ ਹੀ ਮਾਊਂਟ -3 ਦੇ ਬੱਚਿਆਂ ਦੀ ਗ੍ਰੈਜੂਏਸ਼ਨ ਰਸਮ ਵੀ ਕਰਵਾਈ ਗਈ ਤਾਂ ਜੋ ਬੱਚਿਆਂ ਦਾ ਮਨੋਬਲ ਉੱਚਾ ਕੀਤਾ ਜਾ ਸਕੇ, ਸਕੂਲ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ ਚੱਡਾ ਪ੍ਰਿੰਸੀਪਲ ਸਤਵਿੰਦਰ ਪ੍ਰੀਤ ਵੱਲੋਂ ਆਏ ਹੋਏ ਸਾਰੇ ਮਾਪਿਆਂ ਦਾ ਮੈਡਮ ਪ੍ਰੀਤੀ ਸਿੰਘ ਅਤੇ ਉਨ੍ਹਾਂ ਦੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਨਾਟਕ 1675 ਦੀ ਪੇਸ਼ਕਾਰੀ ਅੱਜ

**➢ਭਲਕੇ ਪੋਲੋ ਗਰਾਊਂਡ ਵਿਖੇ ਮਾਣਕ ਅਲੀ, ਕਮਲ ਹੀਰ ਤੇ ਮਨਮੋਹਨ ਵਾਰਿਸ ਲਾਉਣਗੇ ਰੌਣਕਾਂ**

ਪਟਿਆਲਾ, 15 ਫਰਵਰੀ (ਚ.ਨ.ਸ.) : ਪਟਿਆਲਾ ਹੈਰੀਟੇਜ ਫੈਸਟੀਵਲ-2026 ਦੀ ਪੰਜਵੀਂ ਸ਼ਾਮ 16 ਫਰਵਰੀ ਨੂੰ ਸ਼ਾਮ 6 ਵਜੇ ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਸ਼ਿਰੋਮਣੀ ਰੰਗਕਰਮੀ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਡਾ. ਅਮਰਜੀਤ ਗਰੇਵਾਲ ਵੱਲੋਂ ਲਿਖੇ ਪੰਜਾਬੀ ਨਾਟਕ 1675 ਦੀ ਪੇਸ਼ਕਾਰੀ ਕੀਤੀ ਜਾਵੇਗੀ। ਇਸ ਮੰਚਨ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਨੋਡਲ ਅਫ਼ਸਰ ਤੇ ਐਸ.ਡੀ.ਐਮ. ਰਾਜਪੁਰਾ ਨਮਨ ਮਰਕਨ ਨੇ ਰੰਗ-ਮੰਚ ਪ੍ਰੇਮੀਆਂ ਨੂੰ ਇਹ ਨਾਟਕ ਦੇਖਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਨਾਟਕ ਲਈ ਕੋਈ ਟਿਕਟ ਨਹੀਂ ਪਰੰਤੂ ਜਿਹੜੇ ਦਰਸ਼ਕ ਪਹਿਲਾਂ ਆਉਣਗੇ ਉਹ ਪਹਿਲਾਂ ਸੀਟ ਲੈ ਸਕਣਗੇ। ਨਮਨ ਮਰਕਨ ਨੇ ਕਿਹਾ ਕਿ ਦਰਸ਼ਕ ਸ਼ਾਮ 5.30 ਵਜੇ ਤੱਕ ਆਪਣੀਆਂ ਸੀਟਾਂ ਲੈ ਲੈਣ ਤਾਂ ਕਿ ਸਹੀ ਸਮੇਂ 'ਤੇ ਇਸ ਨਾਟਕ ਦੀ ਪੇਸ਼ਕਾਰੀ ਨੂੰ ਸ਼ੁਰੂ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਵਿਧਾਇਕ ਰਾਜਪੁਰਾ ਨੀਨਾ ਮਿੱਤਲ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਤੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਸਮੇਤ ਹੋਰ ਸ਼ਖ਼ਸੀਅਤਾਂ ਵੀ ਸ਼ਿਰਕਤ ਕਰਨਗੀਆਂ। ਇਸੇ ਦੌਰਾਨ ਪੋਲੋ ਗਰਾਊਂਡ ਵਿਖੇ 17 ਫਰਵਰੀ ਦੀ ਸ਼ਾਮ 6 ਵਜੇ ਕਰਵਾਏ ਜਾ ਰਹੇ ਲੋਕ ਗਾਇਕੀ ਤੇ ਪੌਪ ਸ਼ੋਅ ਦੇ ਨੋਡਲ ਅਫ਼ਸਰ ਤੇ ਐਸ.ਡੀ.ਐਮ ਪਟਿਆਲਾ ਹਰਜੋਤ ਕੌਰ ਮਾਵੀ ਨੇ ਦੱਸਿਆ ਕਿ ਇਸ ਪਟਿਆਲਾ ਹੈਰੀਟੇਜ ਦੀ ਛੇਵੀਂ ਸ਼ਾਮ 17 ਫਰਵਰੀ ਨੂੰ ਉਘੇ ਗਾਇਕ ਮਾਣਕ ਅਲੀ ਆਪਣੀ ਪੇਸ਼ਕਾਰੀ ਸ਼ਾਮ 6 ਵਜੇ ਸ਼ੁਰੂ ਕਰਨਗੇ। ਐਸ.ਡੀ.ਐਮ ਨੇ ਦੱਸਿਆ ਕਿ ਇਸ ਉਪਰੰਤ ਕਮਲ ਹੀਰ ਅਤੇ ਮਨਮੋਹਨ ਵਾਰਿਸ ਪੰਜਾਬੀ ਲੋਕ ਗਾਇਕੀ ਸਮੇਤ ਪੌਪ ਗਾਇਕੀ ਨਾਲ ਰੌਣਕਾਂ ਲਾਉਣਗੇ।

## ਰੋਟਰੀ ਕਲੱਬ ਸਮਾਣਾ ਵੱਲੋਂ ਮਹਾਂਸ਼ਿਵਰਾਤਰੀ ਮੌਕੇ ਗਊ ਸੇਵਾ ਦਾ ਉਪਰਾਲਾ




ਸਮਾਣਾ, 15 ਫ਼ਰਵਰੀ (ਵਿਜੇ ਕੁਮਾਰ/ਅਮਿਤ ਸ਼ਰਮਾ) : ਮਹਾ ਸ਼ਿਵਰਾਤਰੀ ਦੇ ਪਾਵਨ ਅਵਸਰ 'ਤੇ ਰੋਟਰੀ ਕਲੱਬ ਵੱਲੋਂ ਸ਼੍ਰੀ ਅਗਰਵਾਲ ਗਊਸ਼ਾਲਾ ਵਿੱਚ ਗੁੜ ਭੇਟ ਕਰਕੇ ਗਊ ਮਾਤਾ ਦੀ ਸੇਵਾ ਕੀਤੀ ਗਈ। ਇਸ ਸੇਵਾ ਕਾਰਜ ਦੀ ਅਗਵਾਈ ਕਲੱਬ ਦੇ ਪ੍ਰਧਾਨ ਅਰੁਣ ਬਾਂਸਲ, ਸਕੱਤਰ ਸੁਮਿਤ ਗੋਇਲ ਅਤੇ ਖਜ਼ਾਨਚੀ ਗੌਰਵ ਜਿੰਦਲ ਨੇ ਕੀਤੀ। ਇਸ ਮੌਕੇ ਗਊ ਸੇਵਕ ਰਾਮ ਬਾਂਸਲ ਨੇ ਕਲੱਬ ਵੱਲੋਂ ਕੀਤੇ ਇਸ ਸਰਾਹਣਯੋਗ ਉਪਰਾਲੇ ਦੀ ਪ੍ਰਸ਼ੰਸਾ ਕਰਦੇ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਮਾਜ ਸੇਵਾ ਦੇ ਐਸੇ ਕਾਰਜ ਹੋਰ ਸੰਸਥਾਵਾਂ ਲਈ ਵੀ ਪ੍ਰੇਰਨਾਦਾਇਕ ਹਨ। ਇਸ ਸੇਵਾ ਕਾਰਜ ਦੌਰਾਨ ਕਲੱਬ ਦੇ ਮੈਂਬਰ ਅਮਿਤ ਗਰਗ , ਅਜੇ ਮਿੱਤਲ ਹੈਪੀ, ਯਸ਼ ਗਰਗ, ਕ੍ਰਿਸ਼ਨ ਬਾਂਸਲ, ਸੁਮਿਤ ਸਿੰਗਲਾ ਨਿਸ਼ੂ, ਰਾਜੀਵ ਗੋਇਲ, ਮਨੀਸ਼ ਗੋਇਲ, ਬਲਜਿੰਦਰ ਮੌਦਗਿਲ ਅਤੇ ਵਿਕਰਮ ਗੁਪਤਾ ਸਮੇਤ ਹੋਰ ਮੈਂਬਰ ਹਾਜ਼ਰ ਰਹੇ। ਗਊਸ਼ਾਲਾ ਕਮੇਟੀ ਦੇ ਮੈਂਬਰਾਂ ਨੇ ਵੀ ਇਸ ਮੌਕੇ ਆਪਣੀ ਹਾਜ਼ਰੀ ਦਰਜ ਕਰਵਾਈ। ਪ੍ਰਧਾਨ ਅਰੁਣ ਬਾਂਸਲ ਨੇ ਕਿਹਾ ਕਿ ਗੌ ਸੇਵਾ ਸਭ ਤੋਂ ਉੱਤਮ ਸੇਵਾ ਹੈ ਅਤੇ ਹਰ ਵਿਅਕਤੀ ਨੂੰ ਇਸ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਆਉਣ ਵਾਲੇ ਦਿਨਾਂ ਵਿੱਚ ਅਨਾਥ ਗਊਸ਼ਾਲਾ ਅਤੇ ਗਾਜੀਪੁਰ ਗਊਸ਼ਾਲਾ ਵਿੱਚ ਵੀ ਕਲੱਬ ਵੱਲੋਂ ਸੇਵਾ ਕਾਰਜ ਜਾਰੀ ਰੱਖੇ ਜਾਣਗੇ।

### 11 ਗ੍ਰਾਮ ਹੈਰੋਇਨ ਬ੍ਰਾਮਦ

ਪਟਿਆਲਾ, 15 ਫਰਵਰੀ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਰਾਹੁਲ ਵਾਸੀ ਢੇਹਾ ਬਸਤੀ ਭੀਮ ਨਗਰ ਸਫਾਬਾਦੀ ਗੇਟ ਪਟਿਆਲਾ ਵਿਰੁੱਧ ਧਾਰਾ 21, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ।ਐਸ.ਆਈ. ਚੈਨਸੁੱਖ ਸਿੰਘ ਸਮੇਤ ਪੁਲਿਸ ਪਾਰਟੀ ਪੁੱਡਾ ਗਰਾਊਂਡ ਪਟਿਆਲਾ ਕੋਲ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 11 ਗ੍ਰਾਮ ਚਿੱਟਾ-ਹੈਰੋਇਨ ਬ੍ਰਾਮਦ ਹੋਈ।

## ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ



ਪਟਿਆਲਾ, 15 ਫਰਵਰੀ (ਚ.ਨ.ਸ.) : ਸੁਪਰੀਮ ਕੋਰਟ ਵਲੋਂ ਵਿਦਿਆਰਥੀਆਂ ਅਧਿਆਪਕਾਂ ਦੀ ਸੁਰੱਖਿਆ ਬਚਾਉ ਮਦਦ ਅਤੇ ਟ੍ਰੇਨਿੰਗ ਹਿੱਤ ਲਾਗੂ ਕੀਤੀ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਜਾਗਰੂਕ ਕੀਤਾ ਗਿਆ। ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਨੇ ਦੱਸਿਆ ਕਿ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਸ਼੍ਰੀਮਤੀ ਸ਼ਾਇਨਾ ਕਪੂਰ ਵਲੋਂ ਜ਼ਿਲ੍ਹੇ ਦੇ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲਾਂ ਦੀ ਮੀਟਿੰਗ ਦੌਰਾਨ ਸੇਫ ਸਕੂਲ ਵਾਹਨ ਪਾਲਿਸੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਦਸਿਆ ਕਿ ਸਤਿਕਾਰਯੋਗ ਸੁਪਰੀਮ ਕੋਰਟ, ਪੰਜਾਬ ਹਰਿਆਣਾ ਹਾਈਕੋਰਟ ਤੋਂ ਇਲਾਵਾ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵਿਦਿਆਰਥੀਆਂ ਦੀ ਸੁਰੱਖਿਆ ਹਿੱਤ ਚਿੰਤਾ ਪ੍ਰਗਟ ਕਰਦਿਆਂ ਹੁਕਮ ਦਿੱਤੇ ਹਨ ਕਿ 2012 ਵਿੱਚ ਲਾਗੂ ਕੀਤੀ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲਾਂ ਵਿਖੇ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਅਤੇ ਵਿਸ਼ਾ ਮਾਹਿਰਾਂ ਦੀ ਕਮੇਟੀਆਂ ਬਣਾਕੇ ਹਰ ਮਹੀਨੇ ਮੀਟਿੰਗਾਂ ਅਤੇ ਬੱਚਿਆਂ ਦੀ ਸੁਰੱਖਿਆ ਲਈ ਯੋਗ ਪ੍ਰਬੰਧ ਕੀਤੇ ਜਾਣ। ਇਸ ਮੌਕੇ ਵਿਸ਼ਾ ਮਾਹਰ ਕਾਕਾ ਰਾਮ ਵਰਮਾ, ਆਫ਼ਤ ਪ੍ਰਬੰਧਨ, ਫਸਟ ਏਡ, ਫਾਇਰ ਸੇਫਟੀ ਟ੍ਰੇਨਰ ਅਤੇ ਏ ਐਸ ਆਈ ਰਾਮ ਸਰਨ ਟਰੈਫਿਕ ਪੁਲਿਸ ਸਿੱਖਿਆ ਸੈਲ ਨੇ ਸੇਫ ਸਕੂਲ ਵਾਹਨ ਪਾਲਿਸੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।



# ਪਟਿਆਲਾ-ਆਸ/ਪਾਸ



## ਸਪੋਰਟਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਗਿੱਲ ਵੱਲੋਂ ਪੰਜਾਬ ਦੇ ਰਾਜਪਾਲ ਤੇ ਵਿੱਤ ਮੰਤਰੀ ਨਾਲ ਮੁਲਾਕਾਤ



ਪਟਿਆਲਾ, 15 ਫਰਵਰੀ (ਰੁਪਾਨਾ) : ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ, ਜੋ ਯੂਨੀਵਰਸਿਟੀ ਦੇ ਚਾਂਸਲਰ ਵਜੋਂ ਵੀ ਸੇਵਾ ਨਿਭਾਅ ਰਹੇ ਹਨ, ਨਾਲ ਮੁਲਾਕਾਤ ਕੀਤੀ। ਅਹੁਦਾ ਸੰਭਾਲਣ ਉਪਰੰਤ ਆਪਣੀ ਪਲੇਠੀ ਮੁਲਾਕਾਤ ਦੌਰਾਨ, ਡਾ. ਗਿੱਲ ਨੇ ਰਾਜਪਾਲ ਨੂੰ ਯੂਨੀਵਰਸਿਟੀ ਦੀਆਂ ਚੱਲ ਰਹੀਆਂ ਗਤੀਵਿਧੀਆਂ ਤੋਂ ਜਾਣੂੰ ਕਰਵਾਇਆ ਅਤੇ ਯੂਨੀਵਰਸਿਟੀ ਦੇ ਅਕਾਦਮਿਕ ਢਾਂਚੇ, ਬੁਨਿਆਦੀ ਢਾਂਚੇ ਅਤੇ ਸੰਸਥਾਗਤ ਵਿਕਾਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਵਿਕਾਸ ਵਿੱਚ ਤੇਜ਼ੀ ਲਿਆਉਣ ਅਤੇ ਸੂਬੇ ਦੀ ਪ੍ਰਮੁੱਖ ਖੇਡ ਯੂਨੀਵਰਸਿਟੀ ਨੂੰ ਨਵੀਆਂ ਬੁਲੰਦੀਆਂ 'ਤੇ ਲੈਜਾਣ ਦੇ ਉਦੇਸ਼ ਨਾਲ ਤਿੰਨ ਸਾਲਾਂ ਦਾ ਇੱਕ ਵਿਸਤ੍ਰਿਤ ਰੋਡਮੈਪ ਵੀ ਪੇਸ਼ ਕੀਤਾ। ਰਾਜਪਾਲ ਨੇ ਯੂਨੀਵਰਸਿਟੀ ਵੱਲੋਂ ਕੀਤੇ ਗਏ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ, ਡਾ. ਗਿੱਲ ਨੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਵੀ ਮੁਲਾਕਾਤ ਕੀਤੀ। ਵਿੱਤ ਮੰਤਰੀ ਨੇ ਵਾਈਸ ਚਾਂਸਲਰ ਨੂੰ ਇਨ੍ਹਾਂ ਉਦੇਸ਼ਾਂ ਨੂੰ ਪੂਰਾ ਕਰਨ ਵਿੱਚ ਸੂਬਾ ਸਰਕਾਰ ਦੇ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਦੁਹਰਾਇਆ ਕਿ ਨੌਜਵਾਨਾਂ ਨੂੰ ਰਚਨਾਤਮਕ ਅਤੇ ਉਤਪਾਦਕ ਗਤੀਵਿਧੀਆਂ ਵਿੱਚ ਸ਼ਾਮਲ ਕਰਨਾ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੈ। ਡਾ. ਗਿੱਲ ਨੇ ਦੋਵਾਂ ਪਤਵੰਤਿਆਂ ਨੂੰ ਭਰੋਸਾ ਦਿਵਾਇਆ ਕਿ ਯੂਨੀਵਰਸਿਟੀ ਪ੍ਰਸਤਾਵਿਤ ਰੋਡਮੈਪ ਨੂੰ ਪੜਾਅਵਾਰ ਅਤੇ ਸਮਾਂਬੱਧ ਢੰਗ ਨਾਲ ਲਾਗੂ ਕਰਨ ਲਈ ਸੂਬਾ ਸਰਕਾਰ ਦੇ ਤਾਲਮੇਲ ਨਾਲ ਕੰਮ ਕਰੇਗੀ।

## ਸੜਕ ਹਾਦਸੇ 'ਚ ਵਿਅਕਤੀ ਦੀ ਮੌਤ

ਪਟਿਆਲਾ, 15 ਫਰਵਰੀ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਕੋਲ ਸੰਜੀਵ ਕੁਮਾਰ ਪੁੱਤਰ ਦੇਵ ਰਾਜ ਵਾਸੀ ਦਸਮੇਸ਼ ਨਗਰ ਭਵਾਨੀਗੜ੍ਹ ਸੰਗਰੂਰ ਨੇ ਅਣਪਛਾਤੇ ਵਾਹਨ ਦੇ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਭਤੀਜੇ ਮਨੀਸ਼ ਕੁਮਾਰ ਪੁੱਤਰ ਸਤੀਸ਼ ਕੁਮਾਰ ਵਾਸੀ ਵਾਰਡ ਨੰ. 1 ਵੜੈਚ ਕਲੋਨੀ ਸਮਾਣਾ ਨਾਲ ਕੰਮ ਸਬੰਧੀ ਗਿਆ ਸੀ, ਮਨੀਸ਼ ਕੁਮਾਰ ਆਪਣੀ ਕਾਰ ਪਰ ਸਵਾਰ ਹੋ ਉਸ ਕੋਲੋਂ ਆਪਣੇ ਘਰ ਲਈ ਚਲਿਆ ਗਿਆ ਸੀ। ਉਸ ਨੂੰ ਇਤਲਾਹ ਮਿਲੀ ਕਿ ਨੇੜੇ ਮਿਲਟਰੀ ਏਰੀਆ ਪਾਸ ਕਿਸੇ ਅਣਪਛਾਤੇ ਵਹੀਕਲ ਡਰਾਇਵਰ ਨੇ ਮਨੀਸ਼ ਕੁਮਾਰ ਦਾ ਐਕਸੀਡੈਂਟ ਕਰ ਦਿੱਤਾ ਹੈ, ਜਿਸ ਕਾਰਨ ਉਸਦੀ ਮੌਤ ਹੋ ਗਈ। ਪੁਲਿਸ ਨੇ ਧਾਰਾ 281,106(1), 324(4) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਧਾਰਮਿਕ ਸਮਾਗਮ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਪ੍ਰਧਾਨ ਸਨਮਾਨਿਤ



ਸ਼ੇਰਪੁਰ , 15 ਫ਼ਰਵਰੀ (ਬਲਜੀਤ ਸਿੰਘ ਟਿੱਬਾ) : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਾਬਕਾ ਮੈਂਬਰ ਜਥੇਦਾਰ ਮੁਕੰਦ ਸਿੰਘ ਸ਼ੇਰਪੁਰ ਦੀ ਯਾਦ ਵਿਚ ਸਾਲਾਨਾ ਧਾਰਮਿਕ ਸਮਾਗਮ ਉਨ੍ਹਾਂ ਦੇ ਪੋਤਰੇ ਅਤੇ ਅਕਾਲੀ ਆਗੂ ਮਾਸਟਰ ਹਰਬੰਸ ਸਿੰਘ ਸ਼ੇਰਪੁਰ ਪ੍ਰਧਾਨ ਸਿੱਖ ਬੁੱਧੀਜੀਵੀ ਮੰਚ ਪੰਜਾਬ ਵੱਲੋਂ ਆਪਣੇ ਗ੍ਰਹਿ ਵਿਖੇ ਆਯੋਜਿਤ ਕੀਤਾ ਗਿਆ। ਇਸ ਮੌਕੇ ਸੁਖਮਨੀ ਸਾਹਿਬ ਦੇ ਜਾਪੁ ਉਪਰੰਤ ਭਾਈ ਸੁਖਦੇਵ ਸਿੰਘ ਦਿਉਸੀ ਵੱਲੋਂ ਗੁਰਬਾਣੀ ਦੀ ਵਿਆਖਿਆ ਕਰਦਿਆਂ ਸੰਗਤਾਂ ਨੂੰ ਕਿਹਾ ਕਿ ਜੋ ਵਿਅਕਤੀ ਗੁਰੂ ਆਸ਼ੇ ਅਨੁਸਾਰ ਜੀਵਨ ਬਤੀਤ ਕਰਦਿਆਂ ਸਮਾਜ ਅਤੇ ਧਰਮ ਦੀ ਸੱਚੇ ਦਿਲੋਂ ਸੇਵਾ ਕਰਦੇ ਹਨ ਉਨ੍ਹਾਂ ਦੇ ਪਰਉਪਕਾਰੀ ਕੰਮਾਂ ਨੂੰ ਸਮਾਜ ਹਰ ਸਮੇਂ ਯਾਦ ਰੱਖਦਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਸਾਹਿਬ ਨੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਆਪਣਾ ਸਾਰਾ ਜੀਵਨ ਲਗਾ ਦਿੱਤਾ ਇਸੇ ਕਰਕੇ ਹੀ ਉਹ ਸਰਵਸ੍ਰੇਸ਼ਠ ਸ਼ਖ਼ਸੀਅਤ ਦੇ ਮਾਲਕ ਵਜੋਂ ਜਾਣੇ ਜਾਂਦੇ ਹਨ ।ਇਸ ਮੌਕੇ ਸੰਤ ਬਾਬਾ ਜਗਜੀਤ ਸਿੰਘ ਕਾਤਰੋਂ ਵਾਲਿਆਂ ਵੱਲੋਂ ਸਮਾਗਮ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ। ਤੂਰ ਪ੍ਰੀਵਾਰ ਵੱਲੋਂ ਜਥੇਦਾਰ ਜੀ ਦੇ ਨਾਲ ਨਾਲ ਆਪਣੇ ਪਿਤਾ ਸੁਖਦੇਵ ਸਿੰਘ ਪੰਚ ਅਤੇ ਭਰਾ ਗੋਬਿੰਦਰ ਸਿੰਘ ਨੂੰ ਵੀ ਯਾਦ ਕੀਤਾ ਗਿਆ।ਇਸ ਮੌਕੇ ਮਾਤਾ ਗੁਰਨਾਮ ਕੌਰ ਤੂਰ ਵੱਲੋਂ ਨਵੀਂ ਪੀੜ੍ਹੀ ਦੇ ਨੌਜਵਾਨ ਬੱਚਿਆਂ ਨੂੰ ਸੁਖਮਨੀ ਸਾਹਿਬ ਦੇ ਮੈਂਬਰ ਬਣਕੇ ਗੁਰਮਤਿ ਦੇ ਪ੍ਰਚਾਰ ਕਰਨ ਲਈ ਸ਼ਲਾਘਾਯੋਗ ਉਪਰਾਲੇ ਨੂੰ ਮੁੱਖ ਰੱਖਦਿਆਂ ਦਸਤਾਰਾਂ ਭੇਟ ਕੀਤੀਆਂ ਗਈਆਂ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਪ੍ਰਧਾਨਾਂ ਭਾਈ ਗੁਰਮੀਤ ਸਿੰਘ ਜਵੰਧਾ, ਚਰਨਜੀਤ ਸਿੰਘ ਗਰੇਵਾਲ, ਨਾਹਰ ਸਿੰਘ ਅਤੇ ਭਾਈ ਅਮਰਜੀਤ ਸਿੰਘ ਨੂੰ ਸਿਰੋਪਾਓ ਬਖਸ਼ਿਸ਼ ਕਰਕੇ ਸਨਮਾਨਿਤ ਕੀਤਾ ਗਿਆ। ਸੁਖਮਨੀ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਸੁਖਦੇਵ ਸਿੰਘ ਦਿਉਸੀ ਅਤੇ ਭਾਈ ਬਲਵਿੰਦਰ ਸਿੰਘ ਟੋਲਰ ਮਾਸਟਰ ਦੀਆਂ ਮਹਾਨ ਨਿਸ਼ਕਾਮ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਸਨਮਾਨਿਤ ਕੀਤਾ।ਇਸ ਮੌਕੇ ਸੂਬੇਦਾਰ ਸਿੰਗਾਰਾ ਸਿੰਘ ਬਾਜਵਾ, ਤੇਜਿੰਦਰ ਸਿੰਘ ਬੜਿੰਗ, ਭਾਈ ਅਮਰੀਕ ਸਿੰਘ ਫੌਜੀ, ਭਾਈ ਜਗਰੂਪ ਸਿੰਘ, ਭਾਈ ਦਵਿੰਦਰ ਸਿੰਘ ਦਿਉਸੀ ਬਿੱਟੂ, ਮਾਸਟਰ ਈਸ਼ਰ ਸਿੰਘ ਕੁਠਾਲਾ, ਮੇਜਰ ਸਿੰਘ , ਜਸਪਾਲ ਸਿੰਘ ਧਾਲੀਵਾਲ, ਮਾਸਟਰ ਅਮਰੀਕ ਸਿੰਘ ਬੜਿੰਗ, ਬਲਵਿੰਦਰ ਸਿੰਘ ਗਾਂਧੀ, ਮਾਸਟਰ ਈਸ਼ਰ ਸਿੰਘ ਥਿੰਦ, ਭਾਈ ਸੁਖਵਿੰਦਰ ਸਿੰਘ ਥਿੰਦ, ਹਰਪਾਲ ਸਿੰਘ ਫੌਜੀ, ਮਾਸਟਰ ਜੋਗਿੰਦਰ ਸਿੰਘ ਬੜਿੰਗ, ਚੇਅਰਮੈਨ ਭਜਨ ਸਿੰਘ, ਮਨਜੀਤ ਸਿੰਘ ਬੈਹਣੀਵਾਲ, ਕੈਪਟਨ ਸੁਖਦੇਵ ਸਿੰਘ, ਹੌਲਦਾਰ ਦੀਦਾਰ ਸਿੰਘ ਤੂਰ, ਮੱਘਰ ਸਿੰਘ ਠੀਕਰੀਵਾਲਾ ਅਤੇ ਜਸਪਾਲ ਸਿੰਘ ਬੰਗਾ ਨੇ ਵੀ ਹਾਜ਼ਰੀ ਭਰੀ।

## ਸ਼ਰਧਾ ਭਾਵਨਾ ਨਾਲ ਮਨਾਇਆ ਸੱਚਾ ਮਹਾਂਕਲੇਸ਼ਵਰ ਮੰਦਰ 'ਚ ਮਹਾਂਸ਼ਿਵਰਾਤਰੀ ਉਤਸਵ



ਸਮਾਣਾ, 15 ਫਰਵਰੀ (ਵਿਜੇ ਕੁਮਾਰ) : ਸਥਾਨਕ ਪ੍ਰਾਚੀਨ ਸੱਚਾ ਮਹਾਂਕਲੇਸ਼ਵਰ ਮੰਦਿਰ ਅਤੇ ਧਰਮਸ਼ਾਲਾ 'ਚ ਮਹਾਸ਼ਿਵਰਾਤਰੀ ਦਾ ਸ਼ੁਭ ਤਿਉਹਾਰ ਮਾਤਾ ਅਨੀਤਾ ਜੀ ਰਿਸ਼ੀਕੇਸ਼ ਵਾਲਿਆਂ ਦੀ ਸਰਪ੍ਰਸਤੀ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਮੰਦਿਰ ਕਮੇਟੀ ਦੇ ਸਰਪ੍ਰਸਤ ਸੀਤਾ ਰਾਮ ਗੁਪਤਾ ਅਤੇ ਰਤਨ ਲਾਲ ਸ਼ਰਮਾ ਦੀ ਅਗਵਾਈ ਵਿਚ ਆਯੋਜਿਤ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਕਪੂਰ ਚੰਦ ਬਾਂਸਲ ਅਤੇ ਸੁਦਰਸ਼ਨ ਮਿੱਤਲ ਨੇ ਸ਼ਿਰਕਤ ਕਰਦਿਆਂ ਝੰਡੇ ਦੀ ਰਸਮ ਅਦਾ ਕੀਤੀ। ਇਸ ਮੌਕੇ ਉਨ੍ਹਾਂ ਨਾਲ ਆੜ੍ਹਤੀ ਐਸੋਸੀਏਸ਼ਨ ਪ੍ਰਧਾਨ ਨਰਿੰਦਰ ਗਰਗ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਬ੍ਰਿਜ ਭੂਸ਼ਣ ਜਿੰਦਲ, ਰਿੰਪੀ ਮੇਨਕਾ, ਪ੍ਰਦੀਪ ਗੋਇਲ ਮਿੰਕਾ, ਯਤਿੰਦਰ ਸ਼ਰਮਾ, ਰਾਕੇਸ਼ ਜਿੰਦਲ, ਹੀਰਾ ਜੈਨ,ਸਸ਼ੀ ਬਾਂਸਲ, ਪਾਲੀ ਬਾਂਸਲ, ਹੁਸਨ ਲਾਲ ਬਾਂਸਲ, ਬ੍ਰਿਸ਼ਭਾਨ ਕਾਂਸਲ ਵੀ ਮੌਜੂਦ ਸਨ। ਸਮਾਗਮ ਦੌਰਾਨ ਉਚੇਚੇ ਤੌਰ ਤੇ ਹਲਕਾ ਵਿਧਾਇਕ ਚੇਤਨ ਸਿੰਘ ਜੋੜਾਮਾਜਰਾ ਦੇ ਭਰਾ ਹਰਜਿੰਦਰ ਸਿੰਘ ਮਿੰਟੂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਹਰਜਿੰਦਰ ਸਿੰਘ ਮਿੰਟੂ, ਕਪੂਰ ਚੰਦ ਬਾਂਸਲ ਅਤੇ ਸੁਦਰਸ਼ਨ ਮਿੱਤਲ ਨੇ ਮਹਾਸ਼ਿਵਰਾਤਰੀ ਉਤਸਵ 'ਤੇ ਵਧਾਈ ਦਿੰਦੇ ਹੋਏ ਕਿਹਾ ਕਿ ਭਗਵਾਨ ਸ਼ਿਵ ਤੇ ਨਿਰਾਕਾਰ ਤੋਂ ਸਾਕਾਰ ਰੂਪ 'ਚ ਪ੍ਰਗਟ ਹੋਣ ਦਾ ਤਿਉਹਾਰ ਹੈ। ਉਨ੍ਹਾਂ ਕਿਹਾ ਕਿ ਇਹ ਤਿਉਹਾਰ ਭਗਵਾਨ ਭੋਲੇਨਾਥ ਜੀ ਦੇ ਭਗਤਾਂ ਲਈ ਸ਼ੁਭ ਅਤੇ ਮਹਾਨ ਪੁੰਨ ਅਰਜਿਤ ਕਰਨ ਵਾਲਾ ਹੈ। ਸਾਨੂੰ ਭਗਵਾਨ ਜੀ ਦੇ ਦਰਸਾਏ ਮਾਰਗ 'ਤੇ ਚੱਲ ਕੇ ਸਮਾਜ ਦੀ ਸੇਵਾ ਕਰਨੀ ਚਾਹੀਦੀ ਹੈ। ਮੰਦਿਰ ਕਮੇਟੀ ਵੱਲੋਂ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ ਭੇਟ ਕਰਕੇ ਸਨਮਾਨਿਤ ਕੀਤਾ। ਆਯੋਜਿਤ ਸਮਾਗਮ ਕਮੇਟੀ ਮੈਂਬਰ ਪਾਰੁਲ ਜੈਨ, ਵਿਸ਼ੂ ਸ਼ਰਮਾ, ਕਮਲ ਜਿੰਦਲ,ਤੇਜਪਾਲ ਸਿੰਗਲਾ, ਗੋਪਾਲ ਕ੍ਰਿਸ਼ਨ ਗਰਗ, ਕੁਲਵੀਰ ਸਿੰਗਲਾ, ਸੰਕਰ ਜਿੰਦਲ, ਵਿਕਾਸ ਛੋਟੂ, ਗੋਪਾਲ ਸ਼ਰਮਾ, ਮਮਤਾ ਜਿੰਦਲ, ਰਮਨ ਗੁਪਤਾ, ਡੌਲੀ ਗੁਪਤਾ, ਡਿੰਪਲ ਅਨੇਜਾ, ਹਰੀਸ਼ ,ਗਗਨ ਗਰਗ, ਸ਼ਤੀਸ਼ ਕੁਮਾਰ, ਸ਼ਸੀ ਬਾਲਾ, ਗੀਤਾ ਸ਼ਰਮਾ, ਜਾਨਵੀ ਸ਼ਰਮਾ, ਸਰੋਜ ਬੱਬਰ, ਅਤੇ ਸਮੂਹ ਮੁੱਹਲਾ ਨਿਵਾਸੀਆਂ ਦੇ ਸਹਿਯੋਗ ਨਾਲ ਸਫਲਤਾ ਪੂਰਵਕ ਨੇਪਰੇ ਚੜਿਆ। ਸਟੇਜ ਦੀ ਭੂਮਿਕਾ ਲੈਕਚਰਾਰ ਹਿੱਤ ਅਭਿਲਾਸ਼ੀ ਨੇ ਬਾਖੂਬੀ ਨਿਭਾਈ। ਇਸ ਮੌਕੇ ਅਤੁੱਟ ਭੰਡਾਰਾ ਵਰਤਾਇਆ ਗਿਆ। ਸਮਾਗਮ ਵਿਚ ਨੈਣਾਂ ਦੇਵੀ ਪੈਦਲ ਯਾਤਰਾ ਦੇ ਪ੍ਰਧਾਨ ਵਿਜੇ ਬੰਟੀ, ਰਾਜੇਸ਼ ਰੋਕੀ, ਹੇਮੰਤ ਮੰਨੀ, ਵਿਵੇਕ ਵਿਕੀ, ਸ਼ਿਵਾ (ਬੀ.ਆਰ ਫਲੈਕਸ), ਪੱਤਰਕਾਰ ਵਿਜੇ ਗਰਗ ਵੀ ਸ਼ਾਮਲ ਸਨ।

## ਮਹਾਂਸ਼ਿਵਰਾਤਰੀ ਸ਼ਰਧਾ ਨਾਲ ਮਨਾਈ



ਪਟਿਆਲਾ, 15 ਫਰਵਰੀ (ਰੁਪਾਨਾ) : ਪਿੰਡ ਸੂਲਰ ਦੇ ਮੰਦਰ ਵਿਚ ਮਹਾਸ਼ਿਵਰਾਤਰੀ ਦਾ ਸ਼ੁੱਭ ਦਿਹਾੜਾ ਪੂਰੀ ਸ਼ਰਧਾ ਨਾਲ ਮਨਾਇਆ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਾਂਗਰਸੀ ਆਗੂ ਰਛਪਾਲ ਸਿੰਘ ਜੌੜੇਮਾਜਰਾ ਵਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਉਘੇ ਸਮਾਜ ਸੇਵਕ ਰੀਗਨ ਆਹਲੂਵਾਲੀਆ, ਦਵਿੰਦਰ ਸਿੰਘ ਗਰਚਾ, ਸਾਬਕਾ ਸਰਪੰਚ ਕੁਲਵਿੰਦਰ ਸਿੰਘ ਟੋਨੀ, ਪਰਮਜੀਤ ਪੰਮੀ ਚੌਹਾਨ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਰਛਪਾਲ ਸਿੰਘ ਜੌੜੇਮਾਜਰਾ ਨੇ ਕਿਹਾ ਕਿ ਸਾਨੂੰ ਧਾਰਮਿਕ ਦਿਹਾੜੇ ਆਪਸੀ ਇਕਜੁੱਟਤਾ ਤੇ ਉਤਸ਼ਾਹ ਤੇ ਪੂਰੀ ਸ਼ਰਧਾ ਨਾਲ ਮਨਾਉਣੇ ਚਾਹੀਦੇ ਹਨ। ਇਸ ਮੌਕੇ ਰੀਗਨ ਆਹਲੂਵਾਲੀਆ, ਬਿੱਟੂ ਮਹੰਤ, ਦੀਪਕ ਪਾਠਕ, ਬਿੱਲਾ ਪ੍ਰਧਾਨ, ਜੱਗੀ ਸੂਲਰ, ਗੁਰਸੇਵਕ ਸਿੰਘ, ਹਰਜੀਤ ਕੰਬੋਜ, ਕਰਨ ਕੰਬੋਜ, ਸ਼ਿਵ ਰਾਮ, ਲਖਵਿੰਦਰ ਸਿੰਘ ਲੱਕੀ ਆਦਿ ਹਾਜ਼ਰ ਸਨ।

## ਦਾਜ ਲਈ ਤੰਗ ਕਰਨ 'ਤੇ ਮਾਮਲਾ ਦਰਜ

ਪਟਿਆਲਾ, 15 ਫਰਵਰੀ (ਵਿਨੋਦ ਸ਼ਰਮਾ) : ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਪਾਇਲ ਸਿੰਗਲਾ ਪੁੱਤਰੀ ਕ੍ਰਿਸ਼ਨ ਚੰਦ ਵਾਸੀ ਗਲੀ ਨੰ. 2 ਅਜਾਦ ਨਗਰ ਪਟਿਆਲਾ ਨੇ ਕਥਿਤ ਦੋਸ਼ੀ ਸੁਭਮ ਸਹਿਗਲ, ਰਾਜੀਵ ਸਹਿਗਲ ਵਾਸੀ ਗੋਪਾਲ ਨਗਰ ਜਲੰਧਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਵਿਆਹ ਮਿਤੀ 7-9-24 ਨੂੰ ਕਥਿਤ ਦੋਸ਼ੀ ਸੁਭਮ ਸਹਿਗਲ ਨਾਲ ਹੋਇਆ ਸੀ, ਜੋ ਵਿਆਹ ਤੋਂ ਬਾਅਦ ਕਥਿਤ ਦੋਸ਼ੀ ਉਸ ਨੂੰ ਹੋਰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਏ। ਉਸ ਦੇ ਦਾਜ ਦਾ ਸਮਾਨ ਵੀ ਕਥਿਤ ਦੋਸ਼ੀਆਂ ਦੇ ਕਬਜੇ ਵਿੱਚ ਹੈ। ਪੁਲਿਸ ਨੇ ਧਾਰਾ 316(2),85 ਬੀਐਨਐਸ ਦੇ ਤਹਿਤ ਮਾਮਲਾ ਦਰਜ ਕੀਤਾ ਹੈ।

## ਪਟਿਆਲਾ ਕੈਨਲ ਕਲੱਬ ਦੇ 64ਵੇਂ ਤੇ 65ਵੇਂ ਆਲ ਬਰੀਡ ਚੈਂਪੀਅਨਸ਼ਿਪ ਡੌਗ ਸ਼ੋਅ ਨੇ ਮੇਲਾ ਲੁੱਟਿਆ

### >ਸ਼ੋਅ 'ਚ ਪੰਜਾਬ ਸਮੇਤ ਦੇਸ਼ ਭਰ ਤੋਂ ਲਗਭਗ 32 ਨਸਲਾਂ ਦੇ 233 ਕੁੱਤਿਆਂ ਨੇ ਹਿੱਸਾ ਲਿਆ



ਪਟਿਆਲਾ, 15 ਫਰਵਰੀ (ਰੁਪਾਨਾ/ਅਮਰਜੀਤ) : ਪਟਿਆਲਾ ਹੈਰੀਟੇਜ ਫੈਸਟੀਵਲ-2026 ਦੇ ਚੌਥੇ ਦਿਨ ਅੱਜ ਇੱਥੇ ਪੋਲੋ ਗਰਾਊਂਡ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕਰਵਾਏ ਗਏ ਪਟਿਆਲਾ ਕੈਨਲ ਕਲੱਬ ਦੇ 64ਵੇਂ ਤੇ 65ਵੇਂ ਆਲ ਬਰੀਡ ਚੈਂਪੀਅਨਸ਼ਿਪ ਡੌਗ ਸ਼ੋਅ ਨੇ ਮੇਲਾ ਲੁੱਟਿਆ। ਇਸ ਸ਼ੋਅ ਵਿਚ ਲਗਭਗ 32 ਨਸਲਾਂ ਦੇ 233 ਕੁੱਤਿਆਂ ਨੇ ਹਿੱਸਾ ਲਿਆ। ਇਨ੍ਹਾਂ ਵਿੱਚ ਡੌਬਰਮੈਨ ਨਸਲ ਦੇ 26, ਪੋਮੇਰੀਅਨ ਦੇ 16, ਜਰਮਨ ਸ਼ੈਫਰਡ ਨਸਲ ਦੇ 25, ਲੈਬ ਨਸਲ ਦੇ 22, ਗੋਲਡਨ ਰਿਟਰੀਵਰ ਦੇ 18 ਅਤੇ ਬੀਗਲ ਨਸਲ ਦੇ 15 ਕੁੱਤੇ ਵੀ ਸ਼ਾਮਲ ਸਨ। ਇਸ ਦੌਰਾਨ ਵਿਸ਼ੇਸ਼ ਤੌਰ ਉਤੇ ਪਟਿਆਲਾ ਦੇ ਜ਼ਿਲ੍ਹਾ ਅਤੇ ਸ਼ੈਸ਼ਨਜ ਜੱਜ ਅਵਤਾਰ ਸਿੰਘ, ਲੁਧਿਆਣਾ ਦੇ ਵਧੀਕ ਜ਼ਿਲ੍ਹਾ ਤੇ ਸ਼ੈਸ਼ਨਜ ਗੁਰਪ੍ਰਤਾਪ ਸਿੰਘ, ਏ.ਡੀ.ਸੀ. (ਸ਼ਹਿਰੀ ਵਿਕਾਸ) ਡਾ. ਇਸਮਤ ਵਿਜੇ ਸਿੰਘ ਤੇ ਐਸ.ਡੀ.ਐਮ ਹਰਜੋਤ ਕੌਰ ਮਾਵੀ ਸਮੇਤ ਕੌਮੀ ਤੇ ਕੌਮਾਂਤਰੀ ਪ੍ਰਸਿੱਧੀ ਵਾਲੇ ਡੌਗ ਸ਼ੋਅ ਦੇ ਜੱਜ ਵੀ ਸ਼ਾਮਲ ਹੋਏ। ਡਾ. ਇਸਮਤ ਵਿਜੇ ਸਿੰਘ ਨੇ ਦੱਸਿਆ ਕਿ ਪਟਿਆਲਾ ਕੈਨਲ ਕਲੱਬ ਪਿਛਲੇ 35 ਸਾਲਾਂ ਤੋਂ ਲਗਾਤਾਰ ਹਰ ਸਾਲ ਇਹ ਸ਼ੋਅ ਕਰਵਾ ਰਿਹਾ ਹੈ, ਇਹਨਾਂ 65 ਆਲ ਬਰੀਡ ਸ਼ੋਅ ਤੋਂ ਇਲਾਵਾ ਪਟਿਆਲਾ ਕੈਨਲ ਕਲੱਬ ਵੱਲੋਂ ਹੁਣ ਤੱਕ ਪੰਜ ਜੀ.ਐਸ.ਡੀ. ਸਪੈਸ਼ਲਟੀ ਸ਼ੋਅ ਜਿਹਨ੍ਹਾਂ ਵਿੱਚ ਇੱਕ ਦਿਨ-ਰਾਤ ਦਾ ਸ਼ੋਅ ਵੀ ਕਰਵਾਏ ਗਏ ਸਨ ਜਿਹੜੇ ਕਿ ਅੰਤਰ ਰਾਸ਼ਟਰੀ ਪਧੱਰ ਜੱਜਾਂ ਵੱਲੋਂ ਜੱਜ ਕੀਤੇ ਗਏ ਸਨ। ਜਿਕਰਯੋਗ ਹੈ ਕਿ ਕੈਨਲ ਕਲੱਬ ਆਫ ਇੰਡੀਆ ਦੁਆਰਾ ਪਟਿਆਲਾ ਕੈਨਲ ਕਲੱਬ ਨੂੰ ਉਨ੍ਹਾਂ ਨੋਡਲ ਕਲੱਬਾਂ ਵਿਚ ਚੁਣਿਆ ਗਿਆ ਹੈ, ਜਿੱਥੇ ਦੇਸ਼ ਭਰ ਦੇ ਸ਼ੋਆਂ ਵਿਚ ਦੀ ਡੌਗ ਆਫ਼ ਦੀ ਈਅਰ, ਰਿਜ਼ਰਵ ਡੌਗ ਆਫ਼ ਈਅਰ, ਬੈਸਟ ਪੱਪੀ ਆਫ਼ ਦਾ ਈਅਰ ਅਤੇ ਬੈਸਟ ਬਰੀਡ ਇਨ ਇੰਡੀਆ ਡੌਗ ਆਫ਼ ਦਾ ਈਅਰ ਚੁਣਨ ਵਾਸਤੇ ਨੰਬਰ ਦਿੱਤੇ ਜਾਂਦੇ ਹਨ।ਪਟਿਆਲਾ ਦੇ ਪੋਲੋ ਗਰਾਊਂਡ ਵਿਚ ਕਰਵਾਏ ਗਏ। ਇਸ ਸ਼ੋਅ ਨੂੰ ਜੱਜ ਕਰਨ ਲਈ ਅੰਤਰਰਾਸ਼ਟਰੀ ਪੱਧਰ ਦੇ ਜੱਜ ਦਿੱਲੀ ਤੋਂ ਅੰਜਲੀ ਵੈਦ ਤੇ ਕੋਇੰਬਟੂਰ ਤੋਂ ਐਸ. ਕ੍ਰਿਸ਼ਨਾਮੂਰਤੀ ਆਏ ਹੋਏ ਸਨ। ਇਸ ਸ਼ੋਅ ਵਿਚ ਪੰਜਾਬ ਤੋਂ ਇਲਾਵਾ ਦੇਸ਼ ਭਰ ਤੋਂ ਜਿਵੇਂ ਕਿ, ਕੰਨਿਆ ਕੁਮਾਰੀ, ਕੋਇੰਬਟੋਰ, ਚੇਨਈ, ਹੈਦਰਾਬਾਦ, ਕਲਕੱਤਾ, ਦਿੱਲੀ, ਹਰਿਆਣਾ, ਗੁਜਰਾਤ ਅਤੇ ਹੋਰ ਰਾਜਾਂ ਤੋਂ ਕੁੱਤਿਆਂ ਦੇ ਮਾਲਕ ਆਪਣੇ ਪਾਲੇ ਹੋਏ ਕੁੱਤੇ ਲੈਕੇ ਪੁੱਜੇ ਹੋਏ ਸਨ। ਇਸ ਸ਼ੋਅ ਵਿਚ ਡਾਬਰਮੈਨ, ਅਫਗਾਨ ਹਾਉਂਡ, ਬਾਕਸਰ, ਰੋਟ ਵਿਲਰ, ਲੈਬਰੇਡਾਰ, ਬੀਗਲ, ਜੀ.ਐਸ.ਡੀ. ਸਾਈਬੇਰੀਅਨ ਹਸਕੀ, ਕੈਰਾਵਨ ਹਾਉਂਡ, ਰਾਜ ਪਾਲਯਨ ਤੇ ਬਿਚੋਨ ਫਰਾਈਜਮ ਡੱਚ ਸ਼ੰਡ (ਵਾਇਰ ਹੇਅਰਡ) ਆਦਿ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ।ਇਸ ਮੌਕੇ ਸ਼ੋਅ ਲਈ ਇੱਕ ਸੁੰਦਰ ਸੋਵੀਨੀਅਰ ਵੀ ਜਾਰੀ ਕੀਤਾ ਗਿਆ।

## ਘਨੌਰ ਕਾਲਜ 'ਚ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ



ਘਨੌਰ, 15 ਫਰਵਰੀ (ਮਦਨ ਲਾਲ) : ਯੂਨੀਵਰਸਿਟੀ ਕਾਲਜ, ਘਨੌਰ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਇਸ ਮੌਕੇ ਕਾਲਜ ਦੇ ਅਧਿਆਪਕ ਅਸਿਸਟੈਂਟ ਪ੍ਰੋਫੈਸਰ ਕਵਰਜੀਤ ਸਿੰਘ, ਨੌਜਵਾਨ ਕਲਾਕਾਰ ਮੰਨਤ ਅਤੇ ਜੱਥੇ ਵੱਲੋਂ ਰਸ ਭਿੰਨਾ ਕੀਰਤਨ ਗਾਇਨ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ, ਕਾਂਸਟੀਚੂਐਂਟ ਕਾਲਜਾਂ ਦੇ ਡਾਇਰੈਕਟਰ ਡਾ. ਅਮਰਇੰਦਰ ਸਿੰਘ ਇਸ ਸ਼ੁਭ ਮੌਕੇ ਖਾਸ ਤੌਰ 'ਤੇ ਸ਼ਾਮਲ ਹੋਏ। ਇਸ ਤੋਂ ਬਿਨ੍ਹਾਂ ਇਲਾਕੇ ਦੀਆਂ ਮੋਹਤਬਰ ਸ਼ਖ਼ਸੀਅਤਾਂ ਸ਼ਾਮਿਲ ਹੋਈਆਂ ਜਿਨ੍ਹਾਂ ਵਿੱਚ ਮਨਦੀਪ ਕੌਰ, ਪ੍ਰਧਾਨ ਨਗਰ ਪੰਚਾਇਤ ਅਤੇ ਐਮ. ਸੀ. ਘਨੌਰ, ਵੱਖ-ਵੱਖ ਪਿੰਡਾਂ ਤੋਂ ਸਰਪੰਚ ਤੇ ਪੰਚ, ਪੱਤਰਕਰ ਭਾਈਚਾਰਾ, ਇਲਾਕੇ ਦੇ ਸਕੂਲਾਂ ਦੇ ਅਧਿਆਪਕ ਅਤੇ ਕਾਲਜ ਦੇ ਪੁਰਾਣੇ ਵਿਦਿਆਰਥੀ ਸ਼ਾਮਿਲ ਸਨ। ਕਾਲਜ ਪ੍ਰਿੰਸੀਪਲ ਡਾ. ਲਖਵੀਰ ਸਿੰਘ ਗਿੱਲ ਨੇ ਆਏ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਸੁਆਗਤ ਕੀਤਾ। ਉਨ੍ਹਾਂ ਕਿਹਾ ਕਿ ਕਾਲਜ ਹਰ ਸਾਲ ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਅਸੀਸ ਅਤੇ ਸੇਧ ਲੈਣ ਲਈ ਸੁਖਮਨੀ ਸਾਹਿਬ ਦੇ ਪਾਠ ਕਰਵਾਉਂਦਾ ਹੈ। ਗੁਰੂ ਦੀ ਹਜ਼ੂਰੀ ਸਾਨੂੰ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਿਖਿਆ ਦੇ ਉਦੇਸ਼ ਵੱਲ ਪ੍ਰੇਰਿਤ ਕਰਦੀ ਹੈ ਜਿਸ ਨਾਲ ਅਸੀਂ ਆਪਣਾ ਕੰਮ ਹੋਰ ਤਨਦੇਹੀ ਅਤੇ ਸਮਰਪਣ ਨਾਲ ਕਰ ਸਕੀਏ। ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਗੁਰੂ ਸਾਹਿਬ ਦੇ ਸ਼ਬਦ 'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਦੇ ਚਾਨਣ ਵਿੱਚ ਕਾਰਜ ਕਰਦੀ ਹੈ। ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ।

## ਧਰਮ ਯੁੱਧ ਮੋਰਚਾ ਵੱਲੋਂ ਸਮਾਣਾ ਵਿਖੇ ਪੱਕਾ ਮੋਰਚਾ 22 ਤੋਂ

ਸਮਾਣਾ, 15 ਫਰਵਰੀ (ਵਿਜੇ ਕੁਮਾਰ) : ਸਰਬ ਧਰਮ ਬੇਅਦਬੀ ਰੋਕੂ ਕਾਨੂੰਨ ਮੋਰਚਾ ਵੱਲੋਂ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਰੋਕਣ ਲਈ ਬੇਮਿਸਾਲ ਸਜ਼ਾ ਦਾ ਕਾਨੂੰਨ ਲਾਗੂ ਕਰਵਾਉਣ ਲਈ ਧਰਮ ਯੁੱਧ ਮੋਰਚਾ ਵੱਲੋਂ 22 ਫਰਵਰੀ ਤੋਂ ਸਮਾਣਾ ਵਿਖੇ ਅਣਮਿੱਥੇ ਸਮੇਂ ਲਈ ਪੱਕਾ ਮੋਰਚਾ ਲਗਾਇਆ ਜਾ ਰਿਹਾ ਹੈ ਅਤੇ 24 ਮਾਰਚ ਨੂੰ ਅਣਮਿੱਥੇ ਸਮੇਂ ਲਈ ਹਾਈਵੇ ਜਾਮ ਕੀਤਾ ਜਾਵੇਗਾ। ਕਰੋੜਾਂ ਪੰਜਾਬੀਆਂ ਦੇ ਦਰਦ ਨੂੰ ਸਰਕਾਰ ਸਾਹਮਣੇ ਲਿਆਉਂਦੇ ਹੋਏ ਭਾਈ ਗੁਰਜੀਤ ਸਿੰਘ ਖਾਲਸਾ 12 ਅਕਤੂਬਰ 2024 ਤੋਂ ਸਮਾਣਾ ਵਿਖੇ ਸੰਘਰਸ਼ ਕਰ ਰਹੇ ਹਨ। ਇਸ ਮੋਰਚੇ ਦੇ ਸਦਕਾ ਪੰਜਾਬ ਸਰਕਾਰ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਖਤ ਸਜ਼ਾ ਦਾ ਕਾਨੂੰਨ ਲੈ ਕੇ ਆਉਣ ਲਈ ਰਾਜੀ ਹੋਈ। 28 ਜੂਨ 2025 ਨੂੰ ਮੁੱਖ ਮੰਤਰੀ ਨੇ ਮੁਲਾਕਾਤ ਦੌਰਾਨ ਕਾਨੂੰਨ ਬਣਾਉਣ ਦਾ ਐਲਾਨ ਕੀਤਾ ਸੀ। ਆਖਿਰ 15 ਜੁਲਾਈ ਨੂੰ ਵਿਧਾਨ ਸਭਾ ਵਿੱਚ ਹੋਈ ਚਰਚਾ ਦੇ ਅਖੀਰ ਵਿੱਚ ਉਸ ਦਿਨ ਨੂੰ ਛੇ ਮਹੀਨੇ ਲਈ ਸਿਲੈਕਟ ਕਮੇਟੀ ਦੇ ਸਪੁਰਦ ਕਰ ਦਿੱਤਾ ਗਿਆ। ਉਹ ਸਮਾਂ ਵੀ 15 ਜਨਵਰੀ 2026 ਨੂੰ ਪੂਰਾ ਹੋ ਚੁੱਕਾ ਹੈ, ਪਰ ਸਰਕਾਰ ਵੱਲੋਂ ਕਾਨੂੰਨ ਲਾਗੂ ਕਰਨ ਲਈ ਟਪਾਊ ਨੀਤੀ ਅਪਣਾਈ ਜਾ ਰਹੀ ਹੈ।

## ਪੀ.ਆਰ.ਟੀ.ਸੀ. ਦੇ ਚੇਅਰਮੈਨ ਹਰਪਾਲ ਜੁਨੇਜਾ ਵੱਲੋਂ ਵਿਭਾਗ ਦੀ ਕਾਰਗੁਜ਼ਾਰੀ ਦੀ ਸਮੀਖਿਆ ਤੇ ਅਧਿਕਾਰੀਆਂ ਨੂੰ ਹਦਾਇਤਾਂ



ਪਟਿਆਲਾ, 15 ਫਰਵਰੀ (ਰੁਪਾਣਾ) : ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਵਿਭਾਗ ਦੀਆਂ ਚੱਲ ਰਹੀਆਂ ਗਤੀਵਿਧੀਆਂ ਦੀ ਸਮੀਖਿਆ ਕੀਤੀ। ਉਨ੍ਹਾਂ ਇਸ ਦੌਰਾਨ ਨਵੀਆਂ ਬੱਸਾਂ ਦੀ ਖਰੀਦ, ਈ ਟੀ ਐਮ (ਇਲੈਕਟ੍ਰਾਨਿਕ ਟਿਕਟ ਮਸ਼ੀਨ) ਤੇ ਬੱਸਾਂ ਦੇ ਸਪੇਅਰ ਪਾਰਟਸ, ਕਲਪੁਰਜਿਆਂ ਦੀ ਖਰੀਦ ਲਈ ਚੱਲ ਰਹੀਆਂ ਪ੍ਰਕਿਰਿਆਵਾਂ ਦਾ ਜਾਇਜ਼ਾ ਲਿਆ ਅਤੇ ਇਸ ਨੂੰ ਹੋਰ ਤੇਜ਼ੀ ਨਾਲ ਨੇਪਰੇ ਚੜ੍ਹਾਉਣ ਦੇ ਨਿਰਦੇਸ਼ ਦਿੱਤੇ। ਚੇਅਰਮੈਨ ਜੁਨੇਜਾ ਨੇ ਵਿਭਾਗ ਦੇ ਕੰਮਕਾਜ ਵਿੱਚ ਹੋਰ ਕੁਸ਼ਲਤਾ ਲਿਆਉਣ ਲਈ ਸੁਝਾਅ ਅਤੇ ਵਿਭਾਗ ਦੀ ਅੰਦਰੂਨੀ ਬਣਤਰ ਵਿੱਚ ਆਧੁਨਿਕਰਨ ਲਈ ਉਚਿਤ ਕਦਮਾਂ ਸਬੰਧੀ ਵਿਚਾਰ ਵਟਾਂਦਰਾ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਵਿਭਾਗ ਦੇ ਕਰਮਚਾਰੀਆਂ ਦੀ ਤਨਖਾਹ ਅਤੇ ਪੈਨਸ਼ਨ ਨੂੰ ਸਮੇਂ-ਸਿਰ ਦੇਣ ਸਬੰਧੀ ਹਰ ਸੰਭਵ ਉਪਰਾਲੇ ਕਰਨ ਦੇ ਨਿਰਦੇਸ਼ ਦਿੱਤੇ। ਐਡਵੋਕੇਟ ਹਰਪਾਲ ਜੁਨੇਜਾ ਨੇ ਸਮੂਹ ਡਿਪੂਆਂ ਦੇ ਜਨਰਲ ਮੈਨੇਜਰਾਂ ਨੂੰ ਉਨ੍ਹਾਂ ਅਧੀਨ ਆਉਂਦੇ ਡਿਪੂਆਂ ਵਿੱਚ ਮੁਰੰਮਤ ਲਈ ਆਉਂਦੀਆਂ ਬੱਸਾਂ ਨੂੰ ਤੁਰੰਤ ਮੁਰੰਮਤ ਕਰਵਾਉਣ ਉਪਰੰਤ ਰੂਟਾਂ 'ਤੇ ਭੇਜਣ ਸਬੰਧੀ ਵਰਕਸ਼ਾਪ ਸਟਾਫ਼ ਨੂੰ ਹਦਾਇਤ ਕਰਨ ਲਈ ਕਿਹਾ ਤਾਂ ਜੋ ਰੂਟ ਸੇਵਾ ਪ੍ਰਭਾਵਿਤ ਨਾ ਹੋਵੇ ਵਿਭਾਗ ਨੂੰ ਵਿੱਤੀ ਨੁਕਸਾਨ ਤੋਂ ਬਚਾਉਣ ਦੇ ਨਾਲ-ਨਾਲ ਯਾਤਰੀਆਂ ਨੂੰ ਵੀ ਨਿਰੰਤਰ ਸੁਚਾਰੂ ਸੇਵਾ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਹਦਾਇਤ ਕੀਤੀ ਕਿ ਬੱਸਾਂ ਵਿੱਚ ਉੱਚੀ ਆਵਾਜ਼ ਗਾਣੇ ਚਲਾਉਣ ਤੋਂ ਗੁਰੇਜ਼ ਕਰਨ, ਸੀਟਾਂ ਅਤੇ ਬੱਸਾਂ ਨੂੰ ਹਰ ਪੱਖੋਂ ਸਾਫ਼ ਸੁਥਰਾ ਰੱਖਣ ਲਈ ਵੀ ਹੁਕਮ ਜਾਰੀ ਕੀਤੇ ਜਾਣ। ਬੈਠਕ ਦੌਰਾਨ ਵਧੀਕ ਮੈਨੇਜਿੰਗ ਡਾਇਰੈਕਟਰ ਨਵਦੀਪ ਕੁਮਾਰ, ਚੀਫ਼ ਅਕਾਊਂਟਸ ਅਫ਼ਸਰ ਜਸਪਾਲ ਸਿੰਘ ਵਾਲੀਆ, ਜੀ.ਐਮ. ਪਟਿਆਲਾ ਡਿਪੂ ਕਾਰਜਕਾਰੀ ਇੰਜੀਨੀਅਰ ਜਤਿੰਦਰਪਾਲ ਸਿੰਘ ਗਰੇਵਾਲ, ਜਨਰਲ ਮੈਨੇਜਰ ਸੰਗਰੂਰ ਡਿਪੂ, ਪ੍ਰਸ਼ਾਸਨ, ਇਨਫੋਰਸਮੈਂਟ ਮਨਿੰਦਰਪਾਲ ਸਿੰਘ ਸਿੱਧੂ, ਜਨਰਲ ਮੈਨੇਜਰ ਲੁਧਿਆਣਾ ਡਿਪੂ, ਖਰੀਦ ਮੋਹਿੰਦਰਪਾਲ ਸਿੰਘ, ਜਨਰਲ ਮੈਨੇਜਰ ਚੰਡੀਗੜ੍ਹ ਡਿਪੂ, ਓਪਰੇਸ਼ਨ ਅਮਨਵੀਰ ਸਿੰਘ ਟਿਵਾਣਾ, ਜਨਰਲ ਮੈਨੇਜਰ ਕਪੂਰਥਲਾ ਡਿਪੂ, ਸਟੋਰ ਪਰਵੀਨ ਕੁਮਾਰ, ਜਨਰਲ ਮੈਨੇਜਰ ਬਰਨਾਲਾ ਡਿਪੂ, ਕੰਪਿਊਟਰਾਈਜ਼ੇਸ਼ਨ ਰਮਨ ਸ਼ਰਮਾ, ਜਨਰਲ ਮੈਨੇਜਰ ਬਠਿੰਡਾ ਡਿਪੂ, ਕੇਂਦਰੀ ਵਰਕਸ਼ਾਪ ਪਰਵੀਨ ਸ਼ਰਮਾ, ਜਨਰਲ ਮੈਨੇਜਰ ਫ਼ਰੀਦਕੋਟ ਡਿਪੂ ਸੀਤਾ ਰਾਮ ਸਮੇਤ ਹੋਰ ਅਧਿਕਾਰੀ ਹਾਜ਼ਰ ਰਹੇ।

## ਅਵਤਾਰ ਸਿੰਘ ਚੁਣੇ ਹਲਕਾ ਘਨੌਰ ਬੀ.ਕੇ.ਐਮ.ਯੂਨੀਅਨ ਦੇ ਪ੍ਰਧਾਨ



ਘਨੌਰ, 15 ਫਰਵਰੀ (ਰਾਜਿੰਦਰ ਸਿੰਘ ਕੰਬੋਜ) : ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦੀ ਇਕ ਮੀਟਿੰਗ ਹਲਕਾ ਘਨੌਰ ਵਿੱਚ ਪੈਂਦੇ ਪਿੰਡ ਬੂਹਾ ਵਿਖੇ ਜੱਥੇਬੰਦੀ ਦੇ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਠੇਕੇਦਾਰ ਬੂਟਾ ਸਿੰਘ ਖਰਾਜਪੁਰ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਜੱਥੇਬੰਦੀ ਦੇ ਸੂਬਾ ਜਨਰਲ ਸਕੱਤਰ ਬਲਕਾਰ ਸਿੰਘ ਬੈਂਸ, ਸੂਬਾ ਖਜ਼ਾਨਚੀ ਨੰਬਰਦਾਰ ਸਤਨਾਮ ਸਿੰਘ ਸੱਤਾ ਖਲੌਰ, ਸਟੇਟ ਮੈਂਬਰ ਗੁਰਦੀਪ ਸਿੰਘ ਮਰਦਾਂਪੁਰ ਅਤੇ ਸਤਨਾਮ ਸਿੰਘ ਵਿਰਕ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਅਮਰੀਕਾ ਨਾਲ ਕੀਤਾ ਗਿਆ ਮੁਫਤ ਵਪਾਰ ਸਮਝੌਤਾ ਦੇਸ਼ ਦੇ ਕਿਸਾਨਾਂ ਲਈ ਨੁਕਸਾਨਦੇਹ ਸਾਬਤ ਹੋਵੇਗਾ। ਇਸ ਮੌਕੇ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਅਵਤਾਰ ਸਿੰਘ ਕੋਹਾ ਨੂੰ ਜਥੇਬੰਦੀ ਦਾ ਹਲਕਾ ਘਨੌਰ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਗੁਰਵਿੰਦਰ ਸਿੰਘ ਨੂੰ ਬੂਹਾ ਇਕਾਈ ਦਾ ਪ੍ਰਧਾਨ, ਜੁਝਾਰ ਸਿੰਘ ਨੂੰ ਇਕਾਈ ਦਾ ਸੀਨੀਅਰ ਪ੍ਰਧਾਨ ਅਤੇ ਹਰਬੰਸ ਸਿੰਘ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ।

## ਮਾਤਾ ਕੌਸ਼ੱਲਿਆ ਹਸਪਤਾਲ 'ਚ 'ਸਾਡੇ ਬਜ਼ੁਰਗ ਸਾਡਾ ਮਾਣ' ਤਹਿਤ ਵਿਸ਼ੇਸ਼ ਸਿਹਤ ਕੈਂਪ ਲਗਾਇਆ

ਪਟਿਆਲਾ, 15 ਫਰਵਰੀ (ਰੁਪਾਣਾ) : ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਚਲਾਏ ਜਾ ਰਹੇ ਸਾਡੇ ਬਜ਼ੁਰਗ ਸਾਡਾ ਮਾਣ ਅਭਿਆਨ ਤਹਿਤ ਪਟਿਆਲਾ ਦੇ ਮਾਤਾ ਕੌਸ਼ੱਲਿਆ ਹਸਪਤਾਲ ਵਿੱਚ ਵਿਸ਼ੇਸ਼ ਸਿਹਤ ਅਤੇ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਉਦੇਸ਼ ਬਜ਼ੁਰਗ ਨਾਗਰਿਕਾਂ ਨੂੰ ਘਰ ਦੇ ਨੇੜੇ ਹੀ ਉੱਚ-ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਅਤੇ ਉਨ੍ਹਾਂ ਨੂੰ ਸਰਕਾਰੀ ਭਲਾਈ ਸਕੀਮਾਂ ਬਾਰੇ ਜਾਗਰੂਕ ਕਰਨਾ ਸੀ। ਕੈਂਪ ਦੌਰਾਨ ਤਜਰਬੇਕਾਰ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਦੀ ਟੀਮ ਵੱਲੋਂ ਬਜ਼ੁਰਗਾਂ ਦੀ ਵਿਸਥਾਰਪੂਰਵਕ ਸਿਹਤ ਜਾਂਚ ਕੀਤੀ ਗਈ। ਇਸ ਵਿੱਚ ਬਲੱਡ ਪ੍ਰੈਸ਼ਰ,



ਸ਼ੂਗਰ ਲੈਵਲ, ਅੱਖਾਂ ਦੀ ਜਾਂਚ, ਹੱਡੀਆਂ ਅਤੇ ਜੋੜਾਂ ਨਾਲ ਸੰਬੰਧਿਤ ਸਮੱਸਿਆਵਾਂ, ਦਿਲ ਦੀ ਬਿਮਾਰੀਆਂ ਅਤੇ ਹੋਰ ਆਮ ਰੋਗਾਂ ਦੀ ਸਕ੍ਰੀਨਿੰਗ ਸ਼ਾਮਲ ਸੀ, ਜਿਨ੍ਹਾਂ ਮਰੀਜ਼ਾਂ ਨੂੰ ਹੋਰ ਜਾਂਚ ਜਾਂ ਵਿਸ਼ੇਸ਼ ਇਲਾਜ ਦੀ ਲੋੜ ਪਈ, ਉਨ੍ਹਾਂ ਨੂੰ ਅਗਲੇ ਇਲਾਜ ਲਈ ਸਲਾਹ ਅਤੇ ਰੈਫਰਲ ਵੀ ਦਿੱਤਾ ਗਿਆ। ਇਸ ਤੋਂ ਇਲਾਵਾ, ਮੌਕੇ 'ਤੇ ਹੀ ਮੁਫ਼ਤ ਦਵਾਈਆਂ ਵੰਡੀਆਂ ਗਈਆਂ ਅਤੇ ਸਿਹਤ ਸੰਬੰਧੀ ਸਲਾਹ-ਮਸ਼ਵਰਾ ਵੀ ਪ੍ਰਦਾਨ ਕੀਤਾ ਗਿਆ। ਇਸ ਮੌਕੇ ਸਿਹਤ ਵਿਭਾਗ ਅਤੇ ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀ ਮੌਜੂਦ ਸਨ। ਅਧਿਕਾਰੀਆਂ ਨੇ ਕਿਹਾ ਕਿ ਸਾਡੇ ਬਜ਼ੁਰਗ ਸਾਡਾ ਮਾਣ ਅਭਿਆਨ ਤਹਿਤ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੇ ਕੈਂਪ ਲਗਾਤਾਰ ਲਗਾਏ ਜਾਣਗੇ ਤਾਂ ਜੋ ਹਰ ਬਜ਼ੁਰਗ ਤੱਕ ਸਿਹਤ ਅਤੇ ਭਲਾਈ ਸੇਵਾਵਾਂ ਪਹੁੰਚ ਸਕਣ।

## ਸ੍ਰੀ ਬਾਂਕੇ ਬਿਹਾਰੀ ਯੂਥ ਕਲੱਬ ਨੇ ਸ਼ਿਵਰਾਤਰੀ ਮੌਕੇ ਪੌਦੇ ਲਗਾਏ

ਸਮਾਣਾ, 15 ਫਰਵਰੀ (ਵਿਜੇ ਕੁਮਾਰ) : ਮਹਾਸ਼ਿਵਰਾਤਰੀ ਦੇ ਪਵਿੱਤਰ



ਤਿਉਹਾਰ 'ਤੇ ਸ੍ਰੀ ਬਾਂਕੇ ਬਿਹਾਰੀ ਯੂਥ ਕਲੱਬ ਸਮਾਣਾ ਵੱਲੋਂ ਫਲ ਵਾਲੇ ਬੂਟੇ ਸ੍ਰੀ ਅਗਰਵਾਲ ਗਊਸ਼ਾਲਾ ਮੇਨ ਰੋਡ ਸਮਾਣਾ ਵਿਖੇ ਲਗਾਏ ਗਏ। ਕਲੱਬ ਅਹੁਦੇਦਾਰ ਅਭਿਨਵ ਗੁਪਤਾ, ਕਮਲ ਗੁਪਤਾ, ਵਿਸ਼ਾਲ ਵਰਮਾ, ਸਾਹਿਲ ਕਾਂਸਲ, ਮਨੀਸ਼ ਅਗਰਵਾਲ, ਵਿਕੀ ਗਰਗ, ਮੰਨੀ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਵੀ ਕਲੱਬ ਦੇ ਨਾਲ ਇਸ ਮੁਹਿੰਮ ਵਿੱਚ ਜੁੜਨ ਅਤੇ ਸ਼ਹਿਰ ਨੂੰ ਹਰਾ ਭਰਾ ਬਣਾਉਣ ਦੇ ਵਿੱਚ ਆਪਣਾ ਯੋਗਦਾਨ ਪਾਉਣ, ਤਾਂ ਕਿ ਆਉਣ ਵਾਲੀ ਨਸਲਾਂ ਦੇ ਲਈ ਇੱਕ ਬਿਹਤਰ ਕੱਲ ਸਿਰਜ ਕੇ ਜਾਣ ਲਈ ਕਿਹਾ।

## 13 ਮੋਬਾਈਲ ਫੋਨਾਂ ਸਮੇਤ ਦੋ ਝਪਟਮਾਰ ਕਾਬੂ

ਪਟਿਆਲਾ, 15 ਫਰਵਰੀ (ਚ.ਨ.ਸ.) : ਥਾਣਾ ਤ੍ਰਿਪੜੀ ਦੀ ਪੁਲਿਸ ਨੇ ਐਸ.ਐਚ.ਓ. ਇੰਸਪੈਕਟਰ ਸੁਖਵਿੰਦਰ ਸਿੰਘ ਚੌਹਾਨ ਦੀ ਅਗਵਾਈ ਹੇਠ ਅਮਲ 'ਚ ਲਿਆਂਦੀ ਗਈ ਇੱਕ ਕਾਰਵਾਈ ਦੌਰਾਨ ਦੋ ਝਪਟਮਾਰਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਖੋਹੇ ਗਏ 13 ਟੱਚ ਮੋਬਾਈਲ ਫੋਨ ਬਰਾਮਦ ਕੀਤੇ ਹਨ। ਇਹ ਜਾਣਕਾਰੀ ਇੱਥੇ ਥਾਣਾ ਤ੍ਰਿਪੜੀ ਵਿਖੇ ਇਲਾਕੇ ਦੇ ਡੀਐਸਪੀ ਜੰਗਜੀਤ ਸਿੰਘ ਨੇ ਦਿੱਤੀ। ਉਨ੍ਹਾਂ ਦਾ ਕਹਿਣਾ ਸੀ ਕਿ ਇੰਸਪੈਕਟਰ ਸੁਖਵਿੰਦਰ ਗਿੱਲ ਤੇ ਟੀਮ ਵੱਲੋਂ ਕਾਬੂ ਕੀਤੇ ਗਏ ਮੁਲਜ਼ਮਾਂ ਦੀ ਪਹਿਚਾਣ ਗੁਰਪ੍ਰੀਤ ਸਿੰਘ ਗਿੰਦੂ ਪੁੱਤਰ ਮੱਖਣ ਸਿੰਘ ਵਾਸੀ ਕਲੋਨੀ ਅਨਾਜ ਮੰਡੀ ਪਟਿਆਲਾ ਅਤੇ ਮਨਜੋਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਅਬਚਲ ਨਗਰ ਅਨਾਜ ਮੰਡੀ ਪਟਿਆਲਾ ਵਜੋਂ ਹੋਈ ਹੈ, ਜਿਨ੍ਹਾਂ ਖਿਲਾਫ਼ ਥਾਣਾ ਤ੍ਰਿਪੜੀ ਵਿਖੇ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ, ਜਿਸ ਦੌਰਾਨ ਉਨ੍ਹਾਂ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ। ਉਧਰ ਇੰਸਪੈਕਟਰ ਸੁਖਵਿੰਦਰ ਗਿੱਲ ਦਾ ਕਹਿਣਾ ਸੀ ਕਿ ਇਹ ਫੋਨ ਇਨ੍ਹਾਂ ਮੁਲਜ਼ਮਾਂ ਨੇ ਵੱਖ-ਵੱਖ ਇਲਾਕਿਆਂ 'ਚ ਕੀਤੀਆਂ ਗਈਆਂ ਝਪਟਮਾਰੀ ਦੀਆਂ ਵਾਰਦਾਤਾਂ ਦੌਰਾਨ ਵੱਖ-ਵੱਖ ਵਿਅਕਤੀਆਂ ਤੇ ਮਹਿਲਾਵਾਂ ਤੋਂ ਖੋਹੇ ਹਨ।



## ਪਟਿਆਲਾ-ਮੂਣਕ ਸੜਕ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਵਿਧਾਇਕ ਜੌੜਾਮਾਜਰਾ ਨੇ ਸ਼ੁਰੂ ਕਰਵਾਇਆ

ਸਮਾਣਾ,15 ਫਰਵਰੀ (ਵਿਜੇ ਕੁਮਾਰ) : ਪਟਿਆਲਾ ਤੋਂ ਮੂਣਕ ਵਾਇਆ ਸਮਾਣਾ ਅਤੇ ਪਾਤੜਾਂ



ਸੜਕ' ਤੇ ਪ੍ਰੀਮਿਕਸ ਪਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ 90 ਕਿੱਲੋ ਮੀਟਰ ਲੰਮੀ ਸੜਕ 'ਤੇ ਕਰੀਬ 20 ਕਰੋੜ ਰੁਪਏ ਖਰਚ ਹੋਣਗੇ। ਸਾਬਕਾ ਮੰਤਰੀ ਅਤੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਪਿੰਡ ਪਸਿਆਣਾ ਤੋਂ ਸੜਕ 'ਤੇ ਪ੍ਰੀਮਿਕਸ ਪਾਉਣ ਦਾ ਕਾਰਜ ਸ਼ੁਰੂ ਹੋ ਗਿਆ ਹੈ, ਅਤੇ ਇਹ ਸਮਾਣਾ, ਪਾਤੜਾਂ ਹੁੰਦੇ ਹੋਏ ਮੂਣਕ ਤੱਕ ਚੱਲੇਗਾ। ਇਸ ਨਾਲ ਵਾਹਨ ਚਾਲਕਾਂ ਨੂੰ ਸੜਕ ਤੋਂ ਪਏ ਖੱਡਿਆਂ ਤੋਂ ਨਿਜਾਤ ਮਿਲੇਗੀ। ਇਸ ਪ੍ਰਾਜੈਕਟ ਨੂੰ ਸ਼ੁਰੂ ਕਰਨ ਲਈ ਵਿਧਾਇਕ ਜੌੜਾਮਾਜਰਾ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ। ਸਮਾਣਾ ਤੋਂ ਪਟਿਆਲਾ ਤੱਕ ਸੜਕ 'ਤੇ ਥਾਂ-ਥਾਂ ਖੱਡੇ ਪੈਣ ਨਾਲ ਸੜਕ ਦੀ ਹਾਲਤ ਖਸਤਾ ਹੋ ਚੁੱਕੀ ਸੀ ਅਤੇ ਰੋਜ਼ਾਨਾ ਸੜਕ ਹਾਦਸੇ ਵਾਪਰਦੇ ਸਨ।